ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

19-25 ਅਪ੍ਰੈਲ 2023

ਸਾਲ 14ਵਾਂ - ਅੰਕ 17
email : info@sadelok.com
Ph. : 510-706-1300
Fax : 925-373-1300

## ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਤਾਬਦੀ ਨੂੰ ਸਮਰਪਿਤ ਦਿੱਲੀ ਵਿਖੇ ਸਮਾਗਮਾਂ ਦੇ ਤੀਜੇ ਦਿਨ ਹੋਈਆਂ ਖਾਲਸਾਈ ਖੇਡਾਂ



(ਦੇਖੋ ਸਫ਼ਾ 28 'ਤੇ)

## ਗੁਰਦੁਆਰਾ ਸਾਹਿਬ ਸਟਾਕਟਨ ਦੀ ਸਮੂਹ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦਾ ਧੰਨਵਾਦ



ਸ. ਰਵਿੰਦਰ ਸਿੰਘ ਧਾਲੀਵਾਲ
ਪ੍ਰਧਾਨ : ਗੁਰਦੁਆਰਾ ਸਾਹਿਬ
ਸਟਾਕਟਨ ਕੈਲੀਫੋਰਨੀਆ

## ਪੁਲਿਸ ਅਫ਼ਸਰ ਸ੍ਰ. ਜੁਝਾਰ ਸਿੰਘ ਪਰਮਾਰ ਨੇ ਕਮਿਊਨਿਟੀ ਦਾ ਨਾਮ ਕੀਤਾ ਰੌਸ਼ਨ



25

## ਬਰਤਾਨੀਆ ਜਾ ਰਹੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਹਵਾਈ ਅੱਡੇ 'ਤੇ ਰੋਕਿਆ



25

# 24ਵੇਂ ਮਹਾਨ ਨਗਰ ਕੀਰਤਨ 'ਤੇ ਸਟਾਕਟਨ ਇਲਾਹੀ ਰੰਗ 'ਚ ਰੰਗਿਆ



ਸਟਾਕਟਨ ਕੈਲੀਫੋਰਨੀਆ, (ਸਾਡੇ ਲੋਕ ਬਿਊਰੋ) : ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੀ ਧਰਤੀ 'ਤੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ 24ਵਾਂ ਮਹਾਨ ਨਗਰ ਕੀਰਤਨ ਕੱਢਿਆ ਗਿਆ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ ਅਤੇ ਹਰ ਪਾਸੇ ਰੌਣਕ ਸੰਗਤਾਂ ਦਾ ਇਕੱਠ ਨਜ਼ਰ ਆ ਰਿਹਾ ਸੀ। ਇਸ ਨਗਰ ਕੀਰਤਨ ਵਿਚ ਪੂਰੇ ਅਮਰੀਕਾ ਵਿਚੋਂ ਸੰਗਤਾਂ ਨੇ ਗੁਰੂ ਘਰ ਆ ਕੇ ਹਾਜ਼ਰੀ ਲਗਵਾਈ। ਨਗਰ ਕੀਰਤਨ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਕੇਸਰੀ ਦਸਤਾਰਾਂ ਕੇਸਰੀ ਚੁੰਨੀਆਂ ਨਾਲ ਸਟਾਕਟਨ ਸ਼ਹਿਰ ਕੇਸਰੀ ਰੰਗ ਵਿੱਚ ਰੰਗਿਆ ਹੋਇਆ ਸੀ ਸ਼ਹੀਦਾਂ ਦੀਆਂ ਫੋਟੋ ਅਤੇ ਮੌਜੂਦਾ ਦੌਰ ਦੇ ਸ਼ਹੀਦਾਂ ਦੀਆਂ ਥਾਂ-ਥਾਂ ਤਸਵੀਰਾਂ ਕੌਮ ਵਿੱਚ ਆਈ ਤਬਦੀਲੀ ਦਾ

(ਦੇਖੋ ਸਫ਼ਾ 32-34 'ਤੇ)

# ਖਾਲਸਾ ਸਾਜਨਾ ਦਿਵਸ ਨੂੰ ਨੈਸ਼ਨਲ ਸਿੱਖ ਡੇ ਵਜੋਂ ਮਾਨਤਾ ਦੇਣ ਲਈ ਯੂਟਾ ਦੇ ਗਵਰਨਰ ਵਲੋਂ ਘੋਸ਼ਣਾ ਪੱਤਰ ਜਾਰੀ



(ਦੇਖੋ ਸਫ਼ਾ 3 'ਤੇ)

## ਭਾਰਤ ਆਬਾਦੀ ਪੱਖੋਂ ਵਿਸ਼ਵ ਦਾ ਅੱਵਲ ਨੰਬਰ ਮੁਲਕ ਬਣਿਆ



ਨਵੀਂ ਦਿੱਲੀ : ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਕ ਭਾਰਤ 142.86 ਕਰੋੜ ਲੋਕਾਂ ਨਾਲ ਆਬਾਦੀ ਪੱਖੋਂ ਚੀਨ ਨੂੰ ਪਛਾੜ ਕੇ ਨੰਬਰ ਇਕ ਮੁਲਕ ਬਣ ਗਿਆ ਹੈ। ਗੁਆਂਢੀ ਮੁਲਕ ਚੀਨ ਇਸ ਵੇਲੇ 142.57 ਕਰੋੜ ਦੀ ਆਬਾਦੀ ਨਾਲ ਦੂਜਾ ਸਭ ਤੋਂ ਸੰਘਣੀ ਵਸੋਂ ਵਾਲਾ ਮੁਲਕ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂਐੱਨਐੱਫਪੀਏ) ਦੀ ਸਟੇਟ ਆਫ਼ ਦਿ ਵਰਲਡ ਪਾਪੂਲੇਸ਼ਨ ਰਿਪੋਰਟ (ਐੱਸਡਬਲਿਊਓਪੀ) 2023 ਮੁਤਾਬਕ ਭਾਰਤ ਦੀ 25 ਫੀਸਦ ਆਬਾਦੀ ਸਿਫ਼ਰ ਤੋਂ 14 ਸਾਲ ਉਮਰ ਵਰਗ, 18 ਫੀਸਦ 10 ਤੋਂ 19 ਸਾਲ, 26 ਫੀਸਦ 10 ਤੋਂ 24 ਸਾਲ, 68 ਫੀਸਦ 15 ਤੋਂ 64 ਸਾਲ ਤੇ 7 ਫੀਸਦ 65 ਸਾਲ ਤੋਂ ਉਪਰ ਹੈ। ਭਾਰਤ ਦੀ ਭੂਗੋਲਿਕ ਆਬਾਦੀ ਇਕ ਤੋਂ ਦੂਜੇ ਰਾਜ ਵਿੱਚ ਵੱਖੋ-ਵੱਖਰੀ ਹੈ। ਮਾਹਿਰਾਂ ਮੁਤਾਬਕ ਕੇਰਲਾ ਤੇ ਪੰਜਾਬ ਵਿੱਚ ਬਜ਼ੁਰਗ ਲੋਕਾਂ ਦੀ ਆਬਾਦੀ ਵੱਧ ਹੈ ਜਦੋਂਕਿ ਬਿਹਾਰ ਤੇ ਉੱਤਰ ਪ੍ਰਦੇਸ਼ ਵਿੱਚ ਨੌਜਵਾਨਾਂ ਦੀ ਵਸੋਂ ਜ਼ਿਆਦਾ ਹੈ। ਸੰਯੁਕਤ ਰਾਸ਼ਟਰ ਨੇ ਸਾਲ 1950 ਵਿੱਚ ਆਬਾਦੀ ਨੂੰ ਲੈ ਕੇ ਅੰਕੜੇ ਇਕੱਤਰ ਕਰਨ ਦਾ ਅਮਲ ਸ਼ੁਰੂ ਕੀਤਾ ਸੀ ਤੇ ਉਸ ਮਗਰੋਂ ਇਹ ਪਹਿਲਾ ਮੌਕਾ ਹੈ ਜਦੋਂ ਭਾਰਤ ਆਬਾਦੀ ਪੱਖੋਂ ਯੂਐੱਨ ਦੀ ਸੂਚੀ ਵਿੱਚ ਅੱਵਲ ਨੰਬਰ ਬਣਿਆ ਹੈ। ਸੰਯੁਕਤ ਰਾਸ਼ਟਰ ਦੇ ਵਰਲਡ ਪਾਪੂਲੇਸ਼ਨ ਪ੍ਰੌਸਪੈਕਟਸ-2022 ਮੁਤਾਬਕ ਸਾਲ 1950 ਵਿੱਚ ਭਾਰਤ ਤੇ ਚੀਨ

(ਦੇਖੋ ਸਫ਼ਾ 24 'ਤੇ)

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਭਾਰਤੀ ਦੂਤਘਰ 'ਚ ਮਨਾਇਆ ਗਿਆ ਵਿਸਾਖੀ ਦਾ ਤਿਉਹਾਰ, ਸੀਤਾਰਮਨ ਅਤੇ ਸੰਧੂ ਵੀ ਹੋਏ ਸ਼ਾਮਲ

ਵਾਸ਼ਿੰਗਟਨ ਡੀ.ਸੀ : ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ ਵਿੱਚ ਸਥਿੱਤ ਭਾਰਤੀ ਦੂਤਘਰ ਵਲੋਂ ਵਿਸਾਖੀ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਦੇ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਅਮਰੀਕਾ ਦੀਆਂ ਪ੍ਰਸਿੱਧ ਪੰਜਾਬੀ ਸ਼ਖਸੀਅਤਾਂ ਵਜੋਂ ਦਰਸ਼ਨ ਸਿੰਘ ਧਾਲੀਵਾਲ, ਨਛੱਤਰ ਸਿੰਘ ਚੰਦੀ, ਸਤਪਾਲ ਸਿੰਘ ਬਰਾੜ ਤੇ ਉਹਨਾਂ ਦੀ ਟੀਮ ਸ਼ਾਮਿਲ ਹੋਈ ਜਦਕਿ ਸਮਾਗਮ 'ਚ ਸਿੱਖਸ ਆਫ ਅਮੈਰਿਕਾ ਦੇ ਉੱਚ ਪੱਧਰੀ ਵਫ਼ਦ ਨੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਜਿਸ ਵਿਚ ਬਲਜਿੰਦਰ ਸਿੰਘ ਸ਼ੰਮੀ ਵਾਈਸ ਪ੍ਰਧਾਨ, ਇੰਦਰਜੀਤ ਸਿੰਘ ਗੁਜਰਾਲ,





ਗੁਰਵਿੰਦਰ ਸੇਠੀ, ਜਸਵਿੰਦਰ ਜੌਨੀ, ਸੁਖਪਾਲ ਧਨੋਆ, ਪ੍ਰਭਜੀਤ ਬੱਤਰਾ, ਦਿਲਵੀਰ ਸਿੰਘ, ਦਰਸ਼ਨ ਸਿੰਘ ਸਲੂਜਾ, ਮੀਤਾ ਸਲੂਜਾ, ਪ੍ਰਿਤਪਾਲ ਲੱਕੀ, ਰਤਨ ਸਿੰਘ, ਸਿੱਖ ਐਸੋਸ਼ੀਏਸ਼ਨ ਆਫ ਬਾਲਟੀਮੋਰ ਦੇ ਚੇਅਰਮੈਨ ਚਰਨਜੀਤ ਸਿੰਘ ਸਰਪੰਚ, ਟਕਸਾਲ ਰੈਸਟੋਰੈਂਟ ਦੇ ਸੀ.ਈ.ਓ ਪ੍ਰਿੰਸ ਆਨੰਦ, ਰਤਨ ਸਿੰਘ, ਚੰਚਲ ਸਿੰਘ, ਧਰਮਪਾਲ ਸਿੰਘ ਸ਼ਾਮਿਲ ਸਨ। ਇਸ ਮੌਕੇ ਕੇਂਦਰੀ ਫਾਈਨਾਂਸ ਮਨਿਸਟਰ ਨਿਰਮਲਾ ਸੀਤਾਰਮਨ ਅਤੇ ਸ੍. ਤਰਨਜੀਤ ਸਿੰਘ ਸੰਧੂ ਅੰਬੈਸਡਰ ਆਫ ਇੰਡੀਅਨ ਅੰਬੈਸੀ ਨੇ ਸਿੱਖ ਆਗੂਆਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।

## *ਅਮਰੀਕਾ ਦੀ ਯੂਟਾ ਸਟੇਟ ਤੋਂ ਵਰਲਡ ਸਿੱਖ ਪਾਰਲੀਮੈਂਟ ਦੇ ਯਤਨਾਂ ਸਦਕਾ ਸਿੱਖ ਕੌਮ ਲਈ ਆਈ ਵੱਡੀ ਖੁਸ਼ਖਬਰੀ*

# ਖਾਲਸਾ ਸਾਜਨਾ ਦਿਵਸ (ਵਿਸਾਖੀ) ਨੂੰ ਨੈਸ਼ਨਲ ਸਿੱਖ ਡੇ ਵਜੋਂ ਮਾਨਤਾ ਦੇਣ ਲਈ ਯੂਟਾ ਦੇ ਗਵਰਨਰ ਵਲੋਂ ਘੋਸ਼ਣਾ ਪੱਤਰ ਜਾਰੀ





ਕੈਲੀਫੋਰਨੀਆ : ਅੱਜ ਦੁਨੀਆ ਭਰ ਵਿਚ ਵਸਦੇ ਸਿੱਖਾਂ ਲਈ ਅਮਰੀਕਾ ਤੋਂ ਇਕ ਹੋਰ ਮਾਣ ਵਧਾਉਣ ਵਾਲੀ ਖੁਸ਼ੀ ਦੀ ਖ਼ਬਰ ਆਈ ਜਦੋਂ ਯੂਟਾ ਸਟੇਟ ਦੀ ਸੈਨੇਟ ਅਤੇ ਅਸੈਂਬਲੀ ਨੇ ਇਕ ਸਾਂਝਾ ਮਤਾ ਪਾਸ ਕਰਕੇ ਹਰ ਸਾਲ 14 ਅਪ੍ਰੈਲ ਨੂੰ ਸਿੱਖ ਡੇ ਵਜੋਂ ਮਾਨਤਾ ਦਿੱਤੀ। ਇਸੇ ਤਰ੍ਹਾਂ ਯੂਟਾ ਦੇ ਗਵਰਨਰ ਸਪੈਂਸਰ ਜੇ ਕੋਕਸ ਨੇ ਵਿਸਾਖੀ ਨੂੰ ਸਿੱਖ ਡੇ ਦਾ ਐਲਾਨ ਕਰਦਿਆਂ ਘੋਸ਼ਣਾ ਪੱਤਰ ਜਾਰੀ ਕੀਤਾ।

ਇਸ ਸੰਬੰਧੀ ਯੂਟਾ ਸਟੇਟ ਦੀ ਵਿਧਾਨ ਸਭਾ ਵਿਚ ਇਕ ਵਿਸ਼ੇਸ਼ ਸਮਾਗਮ ਦਾ ਪ੍ਰਬੰਧ ਕੀਤਾ ਗਿਆ, ਜਿਥੇ ਕੇ ਪਾਸ ਕੀਤੇ ਗਏ ਦੋਵਾਂ ਮਤਿਆਂ ਵਿਚ ਕਿਹਾ ਗਿਆ ਹੈ ਕੇ ਸਿੱਖ ਧਰਮ ਦੁਨੀਆ ਦਾ ਪੰਜਵਾਂ ਵੱਡਾ ਧਰਮ ਹੈ ਜਿਸ ਦੇ 30 ਮਿਲੀਅਨ ਲੋਕਾਂ ਵਿਚੋਂ ਲੱਖ ਤੋਂ ਵੱਧ ਅਮਰੀਕਾ ਵਿਚ ਰਹਿੰਦੇ ਹਨ ਅਤੇ ਵਿਸਾਖੀ ਸਿੱਖਾਂ ਦੇ ਸਭ ਤੋਂ ਮਹੱਤਵਪੂਰਨ ਤਿਉਹਾਰਾਂ ਵਿਚੋਂ ਇਕ ਹੈ। ਇਸ ਸਾਲ 2023 ਵਿਚ ਜਦੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦਾ 554ਵਾਂ ਪ੍ਰਕਾਸ਼ ਦਿਹਾੜਾ ਹੈ ਜੋ ਕੇ ਦੁਨੀਆ ਭਰ ਵਿਚ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਇਸ ਤੋਂ ਅੱਗੇ ਸਿੱਖਾਂ ਵਲੋਂ ਸਮਾਜਿਕ, ਸੱਭਿਆਚਾਰਕ, ਆਰਥਿਕ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਦਰਸਾਉਂਦਿਆਂ ਨਾਲ ਹੀ ਸਿੱਖਾਂ ਵਲੋਂ ਅਮਰੀਕੀ ਫੌਜ, ਟੈਕਨੋਲੋਜੀ, ਖੇਤੀਬਾੜੀ, ਵਪਾਰ, ਟਰੱਕਿੰਗ, ਸਿਹਤ ਸੇਵਾਵਾਂ ਵਿਚ ਵੱਧ ਚੜ੍ਹ ਕੇ ਪਾਏ ਯੋਗਦਾਨ ਦੀ ਸਰਾਹਨਾ ਕੀਤੀ ਗਈ ਹੈ ।

ਸਿੱਖ ਫਲਸਫੇ ਵਿਚ ਮਨੁੱਖਤਾ ਨਾਲ ਪਿਆਰ, ਬਰਾਬਰੀ, ਸਹਿਣਸ਼ੀਲਤਾ ਬਾਰੇ ਗੱਲ ਕਰਦਿਆਂ, ਅਮਰੀਕੀ ਸੰਵਿਧਾਨ ਅਧੀਨ ਯੂਟਾ ਸਟੇਟ ਵਿਚ ਧਾਰਮਿਕ ਬਰਾਬਰਤਾ ਤੇ ਸਹਿਣਸ਼ੀਲਤਾ ਅਤੇ ਸੱਭਿਆਚਾਰਕ ਸਾਂਝ ਦਾ ਹਵਾਲਾ ਦਿੰਦਿਆਂ ਯੂਟਾ ਸਟੇਟ ਵਲੋਂ ਸਿਖਾਂ ਵਲੋਂ ਹਰ ਖੇਤਰ ਵਿਚ ਪਾਏ ਯੋਗਦਾਨ ਨੂੰ ਸਰਾਹੁੰਦਿਆਂ 14 ਅਪ੍ਰੈਲ ਨੂੰ ਸਿੱਖ ਡੇ ਵਜੋਂ ਮਾਨਤਾ ਦਿੱਤੀ ਗਈ ਹੈ ।

ਇਸ ਸਬੰਧੀ ਹੋਏ ਵਿਸ਼ੇਸ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਤੀਨਿਧੀ ਐਂਜਲਾ ਰੋਮੇਰੋ ਨੇ ਕੀਤੀ ਅਤੇ ਸਾਰਿਆਂ ਨੂੰ ਜੀ ਆਇਆਂ ਨੂੰ ਕਿਹਾ। ਸਟੇਟ ਸੈਨੇਟਰ ਲੂਜ਼ ਐਸਕੈਮਿਲਾ ਨੇ ਵਿਧਾਨ ਸਭਾ ਵਿਚ ਸਾਂਝਾ ਮਤਾ ਪੇਸ਼ ਕੀਤਾ। ਪ੍ਰਤੀਨਿਧੀ ਚੇਰੀਲ ਐਕਟੇਨ ਨੇ ਗਵਰਨਰ ਵਲੋਂ

### ਵਿਧਾਨ ਸਭਾ ਵਲੋਂ ਸਾਂਝਾ ਮਤਾ ਕੀਤਾ ਗਿਆ ਪਾਸ

ਐਲਾਨ ਦਾ ਘੋਸ਼ਣਾ ਪੱਤਰ ਜਾਰੀ ਕੀਤਾ।

ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਯੂਟਾ ਸਟੇਟ ਦੇ ਗਵਰਨਰ ਅਤੇ ਸਾਰੇ ਪ੍ਰਤੀਨਿਧੀਆਂ ਦਾ ਧੰਨਵਾਦ ਕੀਤਾ। ਅਤੇ ਅੰਤ ਵਿਚ ਪ੍ਰਤੀਨਿਧੀ ਰੋਮੇਰੋ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਸਹਿਯੋਗ ਦੇਣ ਲਈ ਖੁਸ਼ੀ ਦਾ ਇਜਹਾਰ ਕੀਤਾ।

ਸਮਾਗਮ ਵਿਚ ਖਾਸ ਤੌਰ 'ਤੇ ਸ਼ਾਮਲ ਹੋਣ ਵਾਲਿਆਂ ਵਿਚ ਅਮਰੀਕੀ ਸੈਨੇਟਰ ਮਾਈਕ ਲੀ; ਸਾਲਟ ਲੇਕ ਕਾਉਂਟੀ ਰਿਪਬਲਿਕਨ ਪਾਰਟੀ ਦੇ ਚੇਅਰਮੈਨ ਕ੍ਰਿਸ ਨੱਲ; ਯੂਟਾ ਸਟੇਟ ਦੇ ਪ੍ਰਤੀਨਿਧੀ ਟਿਮ ਜਿਮੇਨੇਜ਼, ਜੂਡੀ ਵੀਕਸ ਰਹੋਨੇਰ, ਕੁਇੰਨ ਕੋਟਰ, ਐਂਥੋਨੀ ਲੂਬੇਟ; ਯੂਟਾ ਕਾਂਗਰਸਮੈਨ ਬੁਰਗੇਸ ਓਵੇਨਸ; ਵੇਸਟ ਜਾਰਡਨ ਦੇ ਮੇਅਰ ਡਰਕ ਬਰਟਨ; ਯੂਟਾ ਸਟੇਟ ਰਿਪਬਲਿਕਨ ਚੇਅਰਮੈਨ ਰਾਬਰਟ ਐਕਸਨ; ਯੂਟਾ ਸਟੇਟ ਸਕੂਲ ਬੋਰਡ ਤੋਂ ਕ੍ਰਿਸਟਿਨਾ ਬੋਗੇਸ; ਨਿਊ ਲੈਂਡਰਸ ਆਫ ਅਮਰੀਕਾ ਦੇ ਪ੍ਰਧਾਨ ਕਾਰਲੋਸ ਮੋਰੇਨੋ; ਯੂਟਾ ਕਾਉਂਟੀ ਕਮਿਸ਼ਨਰ ਅਮੇਲਿਆ ਪੋਵੈਰਸ ਗਾਰਡਨਰ; ਯੂਟਾ ਸਟੇਟ ਸੈਨੇਟਰ ਡੈਨ ਮੈੱਕੇ; ਰਿਵਰਟਨ ਸਿਟੀ ਕਾਉਂਸਿਲਵੂਮਨ ਟਾਵਨੀ ਮੈੱਕੇ; ਈਗਲਜ਼ ਫੋਰਮ ਤੋਂ ਵ੍ਹਾਈਟ ਕੂੱਕ; ਅਮੈਰਿਕਨ ਫ਼ਾਰ ਪ੍ਰੋਸਪੇਰਿਟੀ ਤੋਂ ਹਾਈਦੀ ਬਲਡਰੀ; ਯੂਨੀਫਾਈਡ ਪੁਲਿਸ ਡਿਪਾਰਟਮੈਂਟ ਤੋਂ ਸਾਰਜੰਟ ਨਿਕ ਰਾਬਰਟ (ਸ਼ੈਰਿਫ ਦੇ ਉਮੀਦਵਾਰ) ਸਮੇਤ ਅਮਰੀਕਾ ਅਤੇ ਯੂਟਾ ਸਟੇਟ ਦੇ ਸਿਰਕੱਢ ਪਾਲਿਟਿਕਲ ਲੀਡਰ ਸ਼ਾਮਲ ਸਨ।

ਵਰਲਡ ਸਿੱਖ ਪਾਰਲੀਮੈਂਟ ਦੁਆਰਾ ਯੂਟਾ ਸਟੇਟ ਅਤੇ ਹੋਰ ਸਟੇਟਾਂ ਵਿਚ ਸਿੱਖ ਕੌਮ ਦੇ ਇਨਾਂ ਮਹੱਤਵਪੂਰਨ ਕੰਮਾਂ ਨੂੰ ਅੱਗੇ ਵਧਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਚਾਰੇ ਪਾਸਿਓਂ ਭਰਪੂਰ ਸ਼ਲਾਘਾ ਹੋ ਰਹੀ ਹੈ ਅਤੇ ਖਾਸ ਤੌਰ 'ਤੇ ਨੈਸ਼ਨਲ ਸਿੱਖ ਡੇ ਨੂੰ ਮਾਨਤਾ ਦਿਵਾਉਣ ਵਾਲੇ ਇਨ੍ਹਾਂ ਮਤਿਆਂ ਲਈ ਵਧਾਈਆਂ ਦੇਣ ਵਾਲਿਆਂ ਵਿਚ ਵਰਲਡ ਸਿੱਖ ਪਾਰਲੀਮੈਂਟ ਦੇ ਸਪੀਕਰ ਸ. ਜੋਗਾ ਸਿੰਘ; ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾ: ਪ੍ਰਿਤਪਾਲ ਸਿੰਘ ਅਤੇ ਸ. ਜਸਵੰਤ ਸਿੰਘ ਹੋਠੀ; ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਸ: ਹਰਜਿੰਦਰ ਸਿੰਘ ਅਤੇ ਸ. ਜੁਗਰਾਜ ਸਿੰਘ ਅਤੇ ਹੋਰ ਵੀ ਸਿੱਖ ਲੀਡਰਾਂ ਨੇ ਬਹੁਤ ਖੁਸ਼ੀ ਦਾ ਇਜਹਾਰ ਕੀਤਾ।

ਇਸ ਕਾਰਜ ਨੂੰ ਨੇਪਰੇ ਚਾੜਨ ਅਤੇ ਸਮਾਗਮ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਅਤੇ ਸਕੱਤਰ ਬੀਬੀ ਹਰਮਨ ਕੌਰ ਨੇ ਭਰਪੂਰ ਯੋਗਦਾਨ ਪਾਇਆ। ਪ੍ਰੋਗਰਾਮ ਵਿੱਚ ਸਿੱਖ ਕਮਿਊਨਟੀ ਵਲੋਂ ਖਾਸ ਤੌਰ ਤੇ ਸ. ਹਰਜਿੰਦਰ ਸਿੰਘ, ਸ ਬਲਵਿੰਦਰ ਸਿੰਘ, ਸ. ਗੁਰਚਰਨਜੀਤ ਸਿੰਘ, ਸਿੱਖ ਗੁਰਦੁਆਰਾ ਨਾਨਕ ਦਰਬਾਰ ਵੇਸਟ ਜਾਰਡਨ ਦੇ ਪ੍ਰਧਾਨ ਗੁਰਮੀਤ ਸਿੰਘ, ਸ. ਬੂਟਾ ਸਿੰਘ, ਸ. ਅਰਸ਼ਦੀਪ ਸਿੰਘ, ਸ. ਜਰਮਲਜੀਤ ਸਿੰਘ, ਅਤੇ ਨਿਊਯਾਰਕ ਤੋਂ ਵਰਲਡ ਸਿੱਖ ਪਾਰਲੀਮੈਂਟ ਦੇ ਸ. ਬਲਜੀਤ ਸਿੰਘ ਸ਼ਾਮਿਲ ਹੋਏ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 29ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜ਼ਿਆ ਖਾਲਸਾਈ ਰੰਗ





ਸੈਲਮਾ, ਕੈਲੇਫੋਰਨੀਆ (ਕੁਲਵੰਤ ਉੱਭੀ ਧਾਲੀਆਂ /ਨੀਟਾ ਮਾਛੀਕੇ): ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ' ਵਿਖੇ ਸੈਂਟਰਲ ਵੈਲੀ ਵਿਖੇ ਖਾਲਸੇ ਦੇ ਸਾਜਨਾ ਦਿਵਸ ਅਤੇ ਵਿਸਾਖੀ ਨੂੰ ਸਮਰਪਿਤ 29ਵੇਂ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਇਸੇ ਤਰ੍ਹਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਆਦਿਕ ਤੋਂ ਇਲਾਵਾ ਇਲਾਕੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾ ਦੀ ਸਾਂਝ ਪਾਈ। ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੌਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਹੈਲੀਕਪਟਰ ਰਾਹੀ ਫੁੱਲਾ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੂਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਇਸੇ ਦੌਰਾਨ ਸਥਾਨਕ ਪੰਜਾਬੀ ਸਕੂਲ ਅਤੇ ਹੋਰ ਇਲਾਕੇ ਦੇ ਪੰਜਾਬੀ ਸਕੂਲਾਂ ਦੇ ਬੱਚੇ ਆਪਣੇ ਫਲੋਟਾ ਰਾਹੀਂ ਅਮੈਰੀਕਨ ਲੋਕਾਂ ਨਾਲ ਨਾਲ ਇਤਿਹਾਸਕ ਜਾਣਕਾਰੀ ਸਾਂਝੀ ਕਰ ਰਹੇ ਸਨ। ਇਸ ਨਗਰ ਕੀਰਤਨ ਵੱਖ ਵੱਖ ਸੁਆਦਿਸ਼ਟ ਖਾਣੇ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਗੁਰੂਘਰ ਅੰਦਰ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ" ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ। ਇਸ ਤੋਂ ਇਲਾਵਾ ਬਸਤਾ ਅਤੇ ਰਸਤਾ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦੌਰਾਨ ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਇਸ ਤੋਂ ਇਲਾਵਾਂ ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਮਜ਼ਬੂਤ ਤੇ ਸ਼ਾਂਤਮਈ ਵਿਸ਼ਵ ਭਾਈਚਾਰੇ ਦੀ ਨੀਂਹ ਰੱਖ ਰਹੇ ਹਨ ਭਾਰਤ ਤੇ ਅਮਰੀਕਾ : ਸੀਤਾਰਮਨ

ਵਾਸ਼ਿੰਗਟਨ : ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਇਕ ਮਜ਼ਬੂਤ, ਸ਼ਾਂਤਮਈ ਅਤੇ ਸਦਭਾਵਨਾ ਵਾਲੇ ਵਿਸ਼ਵ ਭਾਈਚਾਰੇ ਦੀ ਨੀਂਹ ਰੱਖਣ ਲਈ ਮਿਲ ਕੇ ਕੰਮ ਕਰ ਰਹੇ ਹਨ। ਵਿੱਤ ਮੰਤਰੀ ਨੇ ਕਿਹਾ ਕਿ ਜਦੋਂ ਅਸੀਂ ਵਿਭਿੰਨਤਾ ਦਾ ਜਸ਼ਨ ਮਨਾਉਂਦੇ ਹਾਂ, ਸਮਾਵੇਸ਼ ਦਾ ਜਸ਼ਨ ਮਨਾਉਂਦੇ ਹਾਂ, ਤਾਂ ਇਹ ਵੀ ਮਹੱਤਵਪੂਰਨ ਹੁੰਦਾ ਹੈ ਕਿ ਅਜਿਹਾ ਕਰਦੇ ਸਮੇਂ ਅਸੀਂ ਬਹੁਤ ਸਾਰੇ ਹਾਂ-ਪੱਖੀ ਵਿਚਾਰ ਸਾਂਝੇ ਕਰਦੇ ਹਾਂ।

ਉਨ੍ਹਾਂ ਕਿਹਾ ਕਿ ਅੱਜ ਜਦੋਂ ਅਸੀਂ 'ਇਕੱਠੇ ਹੋਣ ਦਾ ਜਸ਼ਨ ਮਨਾਉਂਦੇ ਹਾਂ, ਇਹ ਉਹ ਭਾਵਨਾ ਹੈ ਜੋ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਨੂੰ ਕੰਟਰੋਲ ਕਰਦੀ ਹੈ - ਆਪਣੀਆਂ ਚੁਣੌਤੀਆਂ ਅਤੇ ਅੰਦਰੂਨੀ ਸਮੱਸਿਆਵਾਂ ਨਾਲ ਦੋ ਲੋਕਤੰਤਰਾਂ ਦੀ ਹਾਂ-ਪੱਖੀ ਸੋਚ ਵਾਲਾ ਰਿਸ਼ਤਾ, ਪਰ ਅਸੀਂ ਉਨ੍ਹਾਂ ਨੂੰ ਆਪਣੇ ਵਜੋਂ ਸਵੀਕਾਰ ਕਰਦੇ ਹਾਂ।' ਪਰ ਅਸੀਂ ਉਨ੍ਹਾਂ



ਨੂੰ ਤੁਹਾਡੇ 'ਤੇ ਹਾਵੀ ਨਾ ਹੋਣ ਦਿੰਦੇ। ਸੀਤਾਰਮਨ ਨੇ ਦੇਸ਼ ਦੀ ਵਿਭਿੰਨਤਾ ਦਾ ਜਸ਼ਨ ਮਨਾਉਣ ਲਈ ਭਾਰਤੀ ਦੂਤਘਰ ਵਲੋਂ ਆਯੋਜਿਤ ਇਕ ਸਮਾਰੋਹ ਵਿਚ ਭਾਰਤੀ-ਅਮਰੀਕੀਆਂ ਨੂੰ ਕਿਹਾ ਕਿ ਅਸੀਂ ਇਕੱਠੇ ਹਾਂ ਅਤੇ ਇਕ ਮਜ਼ਬੂਤ, ਸ਼ਾਂਤਮਈ ਅਤੇ ਇਕਸੁਰ ਵਿਸ਼ਵ ਭਾਈਚਾਰੇ ਲਈ ਠੋਸ ਨੀਂਹ ਰੱਖ ਰਹੇ ਹਾਂ। ਮੈਨੂੰ ਲਗਦਾ ਹੈ ਕਿ ਇਸ ਲਈ ਅਮਰੀਕਾ ਵਿਚ ਭਾਰਤੀ ਭਾਈਚਾਰੇ, ਭਾਰਤੀ ਮੂਲ ਦੇ ਲੋਕਾਂ ਦਾ ਯੋਗਦਾਨ ਅਹਿਮ ਹੈ। ਇਸ ਮੌਕੇ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਜੀ-20 ਦੇ ਮੌਜੂਦਾ ਪ੍ਰਧਾਨ ਦੇ ਰੂਪ ਵਿਚ ਭਾਰਤ ਆਪਣੀ ਸਮਰੱਥਾ ਅਤੇ ਸਫਲਤਾ ਦੁਨੀਆ ਨਾਲ ਸਾਂਝੀ ਕਰਨ ਨੂੰ ਤਿਆਰ ਹੈ। ਉਹ ਇਹ ਸਾਂਝਾ ਕਰਨ ਲਈ ਤਿਆਰ ਹੈ ਕਿ ਟੀਕਿਆਂ ਅਤੇ ਹੁਨਰ ਨੂੰ ਲੈ ਕੇ ਡਿਜੀਟਲ ਜਨਤਕ ਲਾਭ ਤੱਕ ਅਤੇ ਨਾਲ ਹੀ ਅਸੀਂ ਦੂਸਰਿਆਂ ਤੋਂ ਕੀ ਸਿਖਿਆ ਹੈ। ਉਨ੍ਹਾਂ ਨੇ ਕਿਹਾ ਭਾਰਤ ਦੁਨੀਆ ਤੋਂ ਆਪਣੀ ਸਮਰੱਥਾ ਅਤੇ ਸਫਲਤਾ ਸਾਂਝੀ ਕਰਨ ਨੂੰ ਤਿਆਰ ਹੈ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver With 2 Year Experience


(209) 405-1544
127 Darcy Parkway, Lathrop, CA 95330

# BASRA

## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377




ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

**21 ਅਪ੍ਰੈਲ ਨੂੰ Gurdwara Sahib Fremont**

ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 23 ਅਪ੍ਰੈਲ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



I Love Bara Pind


V.P.O. Bara Pind-144418

## ਗੁਰਦੁਆਰਾ ਸਾਹਿਬ ਫਰੀਮਾਂਟ

**300 Gurdwara Road Fremont CA 94536**

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 21, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਭੋਗ ਸ਼੍ਰੀ ਅਖੰਡਪਾਠ ਸਾਹਿਬ : 23, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰਦਵਾਰਾ ਸਾਹਿਬ ਫਰੀਮਾਂਟ
(510) 790-0177

ਸ. ਜੁਗਿੰਦਰ ਸਿੰਘ
510 299-8557

ਸ. ਜੁਗਰਾਜ ਸਿੰਘ ਸਹੋਤਾ
(510) 6730825

ਸ. ਨਰਿੰਦਰ ਸਿੰਘ ਸਹੋਤਾ
510 673-0629

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ




# Fresno California

## ਵਿਚ ਖੁੱਲ੍ਹ ਰਿਹਾ ਨਵਾਂ ਦ਼ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**

**510-472-0608**

**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਨਸ਼ੱਈ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਤ

ਨਸ਼ਿਆਂ ਦੇ ਪ੍ਰਕੋਪ ਕਾਰਨ ਬਹੁਤ ਸਾਰੇ ਘਰਾਂ ਦੇ ਚੁਲ੍ਹੇ ਠੰਡੇ ਹੋਏ ਹਨ। ਅਨੇਕਾਂ ਘਰਾਂ ਵਿੱਚ ਤਿੜਕੇ ਰਿਸ਼ਤਿਆਂ ਕਾਰਨ ਪਰਿਵਾਰਕ ਜੀਵਨ ਖੇਰੂੰ ਖੇਰੂੰ ਹੋਇਆ ਹੈ। ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਦੀ ਅਗਵਾਈ 'ਚ ਚਲ ਰਹੇ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਕਰਦਿਆਂ ਇਸ ਸੰਤਾਪ ਨੂੰ ਮੈਂ ਬੜਾ ਨੇੜਿਉਂ ਹੋ ਕੇ ਦੇਖਿਆ ਹੈ। ਸਮਰਪਿਤ ਭਾਵਨਾ ਨਾਲ ਕੰਮ ਕਰਨ ਕਰਕੇ ਹੀ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੇਂ ਸਮੇਂ ਸਿਰ ਪ੍ਰਸ਼ੰਸਾ ਦੇ ਬੋਲ ਵੀ ਮੇਰੇ ਹਿੱਸੇ ਆਉਂਦੇ ਰਹੇ ਹਨ। ਡਿਪਟੀ ਕਮਿਸ਼ਨਰ ਵੱਲੋਂ ਆਦੇਸ਼ ਮਿਲਿਆ ਕਿ ਜ਼ਿਲ੍ਹੇ ਵਿੱਚ ਖੁੱਲ੍ਹੇ ਨਸ਼ਾ ਛੁਡਾਊ ਕੇਂਦਰਾਂ ਦੀ ਸਮੇਂ ਸਮੇਂ ਸਿਰ ਚੈਕਿੰਗ ਕਰਨ ਉਪਰੰਤ ਉਨ੍ਹਾਂ ਦੀ ਕਾਰਗੁਜ਼ਰੀ ਤੋਂ ਜਾਣੂ ਕਰਵਾਇਆ ਜਾਵੇ। ਇਨ੍ਹਾਂ ਹੁਕਮਾਂ ਦੀ ਕਾਪੀ ਜ਼ਿਲ੍ਹੇ ਵਿੱਚ ਖੁੱਲ੍ਹੇ ਨਸ਼ਾ ਛੁਡਾਊ ਕੇਂਦਰਾਂ ਦੇ ਮੁਖੀਆਂ ਨੂੰ ਸੂਚਨਾ ਹਿੱਤ ਭੇਜੀ ਗਈ।

ਆਦੇਸ਼ ਦੀ ਪਾਲਣਾ ਕਰਦਿਆਂ ਆਪਣੇ ਦੋ ਕਰਮਚਾਰੀਆਂ ਨੂੰ ਨਾਲ ਲੈ ਕੇ ਮਲੇਰਕੋਟਲਾ ਅਤੇ ਨਾਭਾ ਦੇ ਵਿਚਕਾਰ ਖੁੱਲ੍ਹੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰ ਤੇ ਅਚਨਚੇਤ ਨਿਰੀਖਣ ਕਰਨ ਲਈ ਪਹੁੰਚ ਗਿਆ। ਗੇਟ ਦੇ ਅੰਦਰ ਵੜਦਿਆਂ ਮੇਰੀ ਸ਼ਕਲ ਤੋਂ ਉਹ ਵਾਕਫ਼ ਨਹੀਂ ਸੀ। ਜਾਂਦਿਆਂ ਹੀ ਉਸ ਨੇ ਮੇਰੇ 'ਤੇ ਪਹਿਲਾਂ ਸਵਾਲ ਦਾਗਿਆ, "ਨਸ਼ੱਈ ਨੂੰ ਚੁੱਕ ਕੇ ਲਿਆਉਣੈ?"ਮੇਰੇ ਹਾਂ ਵਿੱਚ ਜਵਾਬ ਦੇਣ 'ਤੇ ਉਸ ਨੇ ਰਜਿਸਟਰ ਖੋਲ੍ਹਿਆ ਅਤੇ ਮੇਰੇ ਵੱਲ ਵਿੰਹਦਿਆਂ ਕਿਹਾ, "ਲਿਖਾਉ ਐਡਰੈਸ?

ਮੈਂ ਅਣਜਾਣ ਜਿਹਾ ਬਣ ਕੇ ਕਿਹਾ, "ਇਲਾਜ ਕਰਵਾਉਣ ਦਾ ਖਰਚ ਕਿੰਨ੍ਹਾ ਕੁ ਆਊ?" ਉਸ ਨੇ ਖਰਚ ਦਾ ਵੇਰਵਾ ਦੱਸਦਿਆਂ ਕਿਹਾ, "ਮੁੰਡੇ ਨੂੰ ਗੱਡੀ 'ਤੇ ਲਿਆਉਣ ਦਾ ਖਰਚਾ 8000 ਰੁਪਏ ਹੋਵੇਗਾ ਅਤੇ ਇਸ ਤੋਂ ਬਿਨਾਂ 20,000 ਰੁਪਏ ਹਰ ਮਹੀਨੇ ਦੇਣਾ ਪਊਗਾ।" ਮੇਰੇ ਇਹ ਪੁੱਛਣ 'ਤੇ ਕਿ ਕਿੰਨੇ ਕੁ ਮਹੀਨਿਆਂ ਵਿੱਚ ਮੁੰਡਾ ਨਸ਼ਾ ਛੱਡ ਜਾਵੇਗਾ? ਉਹਦਾ ਜਵਾਬ ਸੀ ਕਿ ਘੱਟ ਤੋਂ ਘੱਟ ਛੇ ਮਹੀਨੇ ਤਾਂ ਲੱਗਣਗੇ ਹੀ, ਜ਼ਿਆਦਾ ਸਮਾਂ ਵੀ ਲੱਗ ਸਕਦੈ।

ਉਹਦੇ ਕੋਲੋਂ ਐਨੀਂ ਕੁ ਪੁੱਛਗਿੱਛ ਕਰਨ ਉਪਰੰਤ ਮੈਂ ਉਸ ਨੂੰ ਸੈਂਟਰ ਦੇ ਮਾਲਕ ਨੂੰ ਮਿਲਣ ਸਬੰਧੀ ਕਿਹਾ ਅਤੇ ਨਾਲ ਹੀ ਆਪਣਾ ਥਹੁ-ਪਤਾ ਅਤੇ ਆਉਣ ਦਾ ਮੰਤਵ ਵੀ ਦੱਸ ਦਿੱਤਾ। ਨਾਂ ਸੁਣਦਿਆਂ ਹੀ ਉਹਦੇ ਚਿਹਰੇ 'ਤੇ ਪਿਲੱਤਣ ਜਿਹੀ ਛਾ ਗਈ। ਰਜਿਸਟਰ ਇੱਕ ਪਾਸੇ ਰੱਖ ਕੇ ਛੇਤੀ ਨਾਲ ਉਹ ਅੰਦਰੋਂ ਮਾਲਕ ਨੂੰ ਬੁਲਾ ਲਿਆਇਆ। ਉਹ ਮੈਨੂੰ ਅੰਦਰ ਬਣੇ ਆਲੀਸ਼ਾਨ ਦਫ਼ਤਰ ਵਿੱਚ ਲੈ ਗਿਆ। ਉਸ ਦੀ ਆਉ ਭਗਤ ਦੀ ਗੱਲ ਨੂੰ ਵਿੱਚੋਂ ਹੀ ਕੱਟਦਿਆਂ ਮੈਂ ਉਸ ਨੂੰ ਦਾਖ਼ਲ ਨਸ਼ਾ ਛੱਡ ਰਹੇ ਮਰੀਜ਼ਾਂ ਨੂੰ ਮਿਲਾਉਣ ਲਈ ਕਿਹਾ। ਉਸਦਾ ਫਿਰ ਨਿਮਰਤਾ ਨਾਲ ਜਵਾਬ ਸੀ, "ਪਹਿਲਾਂ ਚਾਹ ਪਾਣੀ ਪੀ ਲਈਏ, ਫਿਰ ਦਾਖ਼ਲ ਮੁੰਡਿਆਂ ਨੂੰ ਵੀ ਮਿਲ ਲੈਣਾ।"ਪਰ ਮੈਂ ਉਸ ਦੀ ਚਾਹ ਪਾਣੀ ਦੀ ਗੱਲ ਨੂੰ ਅਣਗੌਲਿਆ ਕਰਕੇ ਦਾਖ਼ਲ ਮੁੰਡਿਆਂ ਕੋਲ ਜਾਣ ਦੀ ਗੱਲ 'ਤੇ ਬਜ਼ਿੱਦ ਰਿਹਾ। ਮਾਲਕ ਨੇ ਦਫ਼ਤਰ ਹੇਠਾਂ ਇੱਕ ਭੋਰਾ ਟਾਈਪ ਕਮਰਾ ਬਣਾਇਆ ਹੋਇਆ ਸੀ। ਪੌੜੀਆਂ ਉਤਰ ਕੇ ਮੈਨੂੰ ਉੱਥੇ ਲਿਜਾਇਆ ਗਿਆ। ਮੇਰੇ ਕਰਮਚਾਰੀ ਵੀ ਨਾਲ ਹੀ ਆ ਗਏ। ਅੰਤਾਂ ਦੀ ਗਰਮੀ ਅਤੇ ਹੁੰਮਸ ਵਾਲੇ ਕਮਰੇ ਵਿੱਚ ਅੰਦਾਜ਼ਨ 50 ਮੁੰਡੇ ਫਰਸ਼ 'ਤੇ ਗੋਲ ਚੱਕਰ ਵਿੱਚ ਬੈਠੇ ਸਨ। ਉੱਪਰ ਇੱਕ ਪੱਖਾ ਚੱਲ ਰਿਹਾ ਸੀ। ਨੌਜਵਾਨਾਂ ਦੇ ਚਿਹਰਿਆਂ ਵੱਲ ਵੇਖਿਆ, ਉਨ੍ਹਾਂ ਦੇ ਚਿਹਰਿਆਂ 'ਤੇ ਡਰ, ਪ੍ਰੇਸ਼ਾਨੀ, ਪੀੜਾ, ਉਨੀਂਦਰਾ ਅਤੇ ਭੁੱਖ ਦੇ ਚਿੰਨ੍ਹ ਆਸਾਨੀ ਨਾਲ ਵੇਖੇ ਜਾ ਸਕਦੇ ਸਨ। ਸੈਂਟਰ ਦੇ ਮਾਲਕ ਵੱਲੋਂ ਕੀਤੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਨੂੰ ਇੱਕ-ਦੂਜੇ ਨਾਲ ਗੱਲ ਕਰਨ ਦੀ ਆਗਿਆ ਨਹੀਂ ਸੀ। ਪੌੜੀਆਂ ਵਿੱਚ ਇੱਕ ਹੱਟਾ-ਕੱਟਾ ਵਿਅਕਤੀ ਡਾਂਗ ਲੈ ਕੇ ਖੜ੍ਹਾ ਪਹਿਰੇਦਾਰੀ ਕਰ ਰਿਹਾ ਸੀ। ਕੁਰਸੀ 'ਤੇ ਬੈਠਣ ਉਪਰੰਤ ਜਦੋਂ ਮੈਂ ਉਨ੍ਹਾਂ ਨੂੰ ਉੱਚੀ ਆਵਾਜ਼ ਵਿੱਚ ਪਿਆਰ ਨਾਲ ਪੁੱਛਿਆ, "ਕੀ ਹਾਲ ਹੈ ਜਵਾਨੋ ਤੁਹਾਡਾ?"ਉਨ੍ਹਾਂ ਵੱਲੋਂ ਕੋਈ ਜਵਾਬ ਨਾ ਆਇਆ। ਮੇਰਾ ਦੂਜਾ ਪ੍ਰਸ਼ਨ ਸੀ, "ਰੋਟੀ ਖਾ ਲਈ ਤੁਸੀਂ?"ਉਨ੍ਹਾਂ ਨੇ ਪਹਿਲਾਂ ਮਾਲਕ ਵੱਲ ਵੇਖਿਆ ਅਤੇ ਫਿਰ ਬੁਝੇ ਜਿਹੇ ਮਨ ਨਾਲ 'ਨਾ' ਵਿੱਚ ਸਿਰ ਹਿਲਾ ਦਿੱਤਾ। ਮਾਲਕ ਨੂੰ ਮੈਂ ਤੁਰੰਤ ਆਦੇਸ਼ ਦਿੱਤਾ, "ਪਹਿਲਾਂ ਇਨ੍ਹਾਂ ਮੁੰਡਿਆਂ ਨੂੰ ਰੋਟੀ ਖਵਾਉ, ਫਿਰ ਕਰਾਂਗੇ ਅਗਲੀ ਗੱਲ।" ਛੇਤੀ-ਛੇਤੀ ਰੋਟੀ ਦਾ ਪ੍ਰਬੰਧ ਕੀਤਾ ਗਿਆ। ਰੋਟੀ ਪਹਿਲਾਂ ਹੀ ਬਣੀ ਹੋਈ ਸੀ। ਇੱਕ ਵਿਅਕਤੀ ਨੇ ਆਪਣਾ ਰਜਿਸਟਰ ਖੋਲ੍ਹਿਆ, ਉਸ ਉੱਪਰ ਹਰ ਇੱਕ ਦੀਆਂ ਰੋਟੀਆਂ ਖਾਣ ਦਾ ਵੇਰਵਾ ਦਰਜ ਸੀ। ਮੁੰਡਾ ਥਾਲੀ ਲੈ ਕੇ ਰਜਿਸਟਰ ਵਾਲੇ ਕੋਲ ਖੜ੍ਹੋ ਜਾਂਦਾ ਅਤੇ ਉਹ ਪੜ੍ਹ ਕੇ ਨਾਲ ਵਾਲੇ ਨੂੰ ਰੋਟੀਆਂ ਦੀ ਗਿਣਤੀ ਦੱਸ ਦਿੰਦਾ। ਨਾਲ ਵਾਲਾ ਓਨੀਆਂ ਰੋਟੀਆਂ ਉਸ ਦੀ ਥਾਲੀ ਵਿੱਚ ਸੁੱਟ ਦਿੰਦਾ ਅਤੇ ਨਾਲ ਖੜ੍ਹਾ ਦੂਜਾ ਵਿਅਕਤੀ ਬਾਲਟੀ ਵਿੱਚੋਂ ਭਰ ਕੇ ਦਾਲ ਦੀਆਂ ਇੱਕ-ਦੋ ਕੜਛੀਆਂ ਪਾਈਂ ਜਾਂਦਾ। ਦਾਲ ਵੀ ਡਬਕਲ ਪਾਣੀ ਜਿਹਾ ਸੀ। ਥਾਲੀ ਵਿੱਚ ਦਾਲ ਅਤੇ ਰੋਟੀ ਪਵਾ ਕੇ ਉਹ ਕਤਾਰ ਵਿੱਚ ਬੈਠ ਗਏ। ਪਰ ਉਨ੍ਹਾਂ ਨੇ ਰੋਟੀ ਖਾਣੀ ਸ਼ੁਰੂ ਨਹੀਂ ਸੀ ਕੀਤੀ। ਜਦੋਂ ਸਾਰਿਆਂ ਨੂੰ ਰੋਟੀ ਵਰਤਾਈ ਗਈ ਤਾਂ ਵਰਤਾਉਣ ਵਾਲਿਆਂ ਵਿੱਚੋਂ ਇੱਕ ਦੇ ਇਸ਼ਾਰੇ ਉਪਰੰਤ ਉਨ੍ਹਾਂ ਨੇ ਰੋਟੀ ਖਾਣੀ ਸ਼ੁਰੂ ਕਰ ਦਿੱਤੀ।

ਰੋਟੀ ਖਾਣ ਉਪਰੰਤ ਮੈਂ ਮਾਲਕ ਅਤੇ ਉਨ੍ਹਾਂ ਦੇ ਦੂਜੇ ਮੁੰਡਿਆਂ ਨੂੰ ਉੱਥੋਂ ਜਾਣ ਲਈ ਕਿਹਾ ਤਾਂ ਜੋ ਮੈਂ ਦਾਖ਼ਲ ਨਸ਼ੱਈ ਨੌਜਵਾਨਾਂ ਨਾਲ ਖੁੱਲ੍ਹ ਕੇ ਗੱਲਾਂ ਕਰ ਸਕਾਂ। ਨੌਜਵਾਨਾਂ ਨੂੰ ਮੁਖ਼ਾਤਿਬ ਹੁੰਦਿਆਂ ਮੈਂ ਉਨ੍ਹਾਂ ਨੂੰ ਬੇਟਾ ਕਹਿ ਕੇ ਸੰਬੋਧਨ ਕੀਤਾ। ਜਦੋਂ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਸਾਹਮਣੇ ਬੈਠਾ ਸਾਡਾ ਹਮਦਰਦ ਹੈ ਤਾਂ ਉਨ੍ਹਾਂ ਦੇ ਸਬਰ ਦਾ ਪੈਮਾਨਾ ਛਲਕ ਉੱਠਿਆ। ਉਨ੍ਹਾਂ ਵਿੱਚੋਂ ਇੱਕ ਨੌਜਵਾਨ ਖੜ੍ਹਾ ਹੋਇਆ ਅਤੇ ਭਰੇ ਮਨ ਨਾਲ ਬੋਲਿਆ, "ਸਰ, ਸਾਨੂੰ ਇੱਕ ਦੂਜੇ ਨਾਲ ਗੱਲ ਕਰਨ ਦੀ ਸਖ਼ਤ ਮਨਾਹੀ ਹੈ। ਬਸ, ਇੱਕ-ਦੂਜੇ ਦੇ ਨਾਂ ਤੋਂ ਤਾਂ ਅਸੀਂ ਜਾਣੂ ਹਾਂ, ਪਰ ਇੱਕ-ਦੂਜੇ ਦੇ ਥਹੁ ਠਿਕਾਣੇ ਦਾ ਕੋਈ ਪਤਾ ਨਹੀਂ। ਤੁਸੀਂ ਸਾਨੂੰ ਰੋਟੀ ਖਾਂਦਿਆਂ ਦੇਖਿਆ ਹੈ। ਸਾਡੇ ਕੋਲੋਂ ਪਹਿਲਾਂ ਪੁੱਛ ਲਿਆ ਜਾਂਦੈ ਕਿ ਕਿੰਨੀਆਂ ਰੋਟੀਆਂ ਖਾਣੀਆਂ ਨੇ। ਜੇ ਅੱਧੀ ਰੋਟੀ ਛੱਡ ਦਿੱਤੀ ਫਿਰ ਵੀ ਕੁੱਟ ਮਾਰ ਅਤੇ ਜੇਕਰ ਜ਼ਿਆਦਾ ਭੁੱਖ ਕਾਰਨ ਇੱਕ-ਅੱਧੀ ਰੋਟੀ ਹੋਰ ਮੰਗ ਲਈ ਫਿਰ ਵੀ ਛਿੱਤਰ.....।"ਮੁੰਡਾ ਇਕੋ ਸਾਹੇ ਸਾਰਿਆਂ ਦੀ ਦੁੱਖ ਤਕਲੀਫ ਸਾਂਝੀ ਕਰ ਰਿਹਾ ਸੀ, "ਸਵੇਰੇ ਸਾਨੂੰ ਚਾਰ ਵਜੇ ਸੀਟੀ ਮਾਰ ਕੇ ਉਠਾਇਆ ਜਾਂਦੈ। ਜਿਹੜਾ ਸੀਟੀ ਦੀ ਆਵਾਜ਼ ਨਾਲ ਨਹੀਂ ਉੱਠਦਾ, ਉਹਨੂੰ ਡਾਂਗਾਂ ਮਾਰ ਕੇ ਉਠਾਇਆ ਜਾਂਦੈ। ਬਾਅਦ ਵਿੱਚ ਫਰੈਸ਼ ਹੋਣ, ਪੇਸਟ ਕਰਨ ਅਤੇ ਨਹਾਉਣ ਲਈ ਕੁੱਲ ਸੱਤ ਮਿੰਟ ਦਿੱਤੇ ਜਾਂਦੇ ਹਨ। ਇਨ੍ਹਾਂ ਸੱਤ ਮਿੰਟਾਂ ਵਿੱਚ ਹੀ ਸਾਰਾ ਕੰਮ ਨਬੇੜਨਾ ਹੁੰਦਾ ਹੈ। ਦਰਵਾਜ਼ਿਆਂ ਤੋਂ ਬਿਨਾਂ ਬਣੀਆਂ ਲੈਟਰਿਨਾਂ ਵਿੱਚ ਇੱਕ ਮੁੰਡਾਂ ਫਰੈਸ਼ ਹੋਣ ਲਈ ਬੈਠਾ ਹੁੰਦੈ ਅਤੇ ਦੂਜਾ ਉਹਦੇ ਸਿਰਹਾਣੇ ਖੜ੍ਹਾ ਉਹਨੂੰ ਹੁਜਾਂ ਮਾਰ ਰਿਹਾ ਹੁੰਦੈ ਕਿ ਛੇਤੀ ਉੱਠ, ਹੁਣ ਮੇਰੀ ਵਾਰੀ ਐ। ਹੋਰ ਅਨੱਰਥ ਵੇਖੋ ਜੀ, ਜਿਹੜਾ ਸੱਤ ਮਿੰਟ ਤੋਂ ਜ਼ਿਆਦਾ ਸਮਾਂ ਲਾਉਂਦੈ, ਉਹਨੂੰ ਕਰੜੀ ਸਜ਼ ਦਿੱਤੀ ਜਾਂਦੀ ਹੈ....." ਮੁੰਡੇ ਦੀਆਂ ਅੱਖਾਂ ਵਿੱਚੋਂ ਆਪ ਮੁਹਾਰੇ ਅੱਥਰੂ ਵਹਿ ਰਹੇ ਸਨ। ਦੂਜੇ ਮੁੰਡੇ ਵੀ ਰੋਣ ਹਾਕੀ ਹਾਲਤ ਵਿੱਚ ਬੈਠੇ ਸਨ। ਛੋਟੀ-ਛੋਟੀ ਗ਼ਲਤੀ ਤੇ ਡੰਡਾ ਪਰੇਡ, ਘੰਟਾ-ਘੰਟਾ ਕੰਧ ਵੱਲ ਮੂੰਹ ਕਰਕ ਬਿਠਾਉਣਾ, ਡੱਡੂ ਟਪੂਸੀਆਂ ਮਰਵਾਉਣੀਆਂ ਜਾਂ ਫਿਰ ਖੰਡ ਅਤੇ ਚਾਹ ਰਲਾ ਕੇ ਦੇਣ ਉਪਰੰਤ ਉਸ ਨੂੰ ਅਲੱਗ-ਅਲੱਗ ਕਰਨ ਦਾ ਹੁਕਮ ਦੇਣ ਜਿਹੀਆਂ ਸਜ਼ਾਵਾਂ ਅਸੀਂ ਰੋਜ਼ ਭੁਗਤਦੇ ਹਾਂ। ਕਦੇ ਮਾਪਿਆਂ ਨੂੰ ਕੋਸਦੇ ਹਾਂ ਅਤੇ ਕਦੇ..." ਉਸ ਤੋਂ ਅਗਾਂਹ ਬੋਲਿਆ ਨਾ ਗਿਆ।

ਕਮਰੇ ਵਿੱਚ ਸੋਗੀ ਹਵਾ ਪਸਰ ਗਈ ਸੀ। ਸਾਰੇ ਹੀ ਇੱਕ ਅਵਾਜ਼ ਵਿੱਚ ਕਹਿ ਰਹੇ ਸਨ ਕਿ ਸਾਨੂੰ ਇੱਥੇ ਆਇਆਂ 2-3 ਮਹੀਨੇ ਹੋ ਗਏ ਨੇ। ਜੇ ਅਸੀਂ ਇੰਨਾ ਚਿਰ ਇੱਥੇ ਨਸ਼ੇ ਤੋਂ ਬਿਨਾਂ ਰਹਿ ਸਕਦੇ ਹਾਂ ਤਾਂ ਬਾਹਰ ਵੀ ਨਸ਼ੇ ਵੱਲ ਮੂੰਹ ਨਹੀਂ ਕਰਾਂਗੇ। ਪਰ ਸਾਨੂੰ ਇਸ ਨਰਕ ਵਿੱਚੋਂ ਕੱਢੋ। ਉਨ੍ਹਾਂ ਨੂੰ ਹੌਸਲਾ ਦੇ ਕੇ ਮੈਂ ਬਾਹਰ ਆ ਗਿਆ। ਮਾਲਕ ਨੂੰ ਭਵਿੱਖ ਵਿੱਚ ਦਾਖ਼ਲ ਨੌਜਵਾਨਾਂ ਨੂੰ ਤਸੀਹੇ ਨਾ ਦੇਣ ਅਤੇ ਉਨ੍ਹਾਂ ਦੀ ਖਾਧ-ਖੁਰਾਕ ਦਾ ਵਿਸ਼ੇਸ਼ ਧਿਆਨ ਦੇਣ ਦੀ ਚਿਤਾਵਨੀ ਦੇ ਕੇ ਵਾਪਸ ਆ ਗਿਆ। ਉਸੇ ਸ਼ਾਮ ਨੂੰ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਉਸ ਤਸੀਹਾ ਕੇਂਦਰ ਦੀ ਵਿਸਥਾਰਿਤ ਰਿਪੋਰਟ ਲਿਖ ਕੇ ਦੇ ਦਿੱਤੀ। ਅਗਲੇ ਦਿਨ ਡਿਪਟੀ ਕਮਿਸ਼ਨਰ ਨੇ ਡਿਊਟੀ ਮੈਜੀਸਟਰੇਟ ਭੇਜ ਕੇ ਉਸ ਕੇਂਦਰ ਨੂੰ ਸੀਲ ਕਰਕੇ ਦਾਖ਼ਲ ਨੌਜਵਾਨਾਂ ਨੂੰ ਮਾਪਿਆਂ ਦੇ ਸਪੁਰਦ ਕਰ ਦਿੱਤਾ। ਖੁੰਭਾਂ ਵਾਂਗ ਖੋਲ੍ਹੇ ਅਜਿਹੇ ਅਨੇਕਾਂ ਨਸ਼ਾ ਛੁਡਾਊ ਕੇਂਦਰ ਸਮਾਜ, ਪ੍ਰਾਂਤ ਅਤੇ ਪੀੜਤ ਮਾਪਿਆਂ ਲਈ ਘਾਤਕ ਹਨ।

# ਪੰਜ ਪਾਣੀਆਂ ਦੀ ਧਰਤੀ 'ਤੇ ਪਾਣੀ ਦਾ ਡੂੰਘਾ ਹੋ ਰਿਹਾ ਸੰਕਟ !

-ਬਲਜਿੰਦਰ ਮਾਨ

'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥' ਗੁਰਬਾਣੀ ਦੇ ਇਸ ਮਹਾਵਾਕ ਨੂੰ ਜੇਕਰ ਅਸੀਂ ਜੀਵਨ ਵਿਚ ਅਪਣਾਇਆ ਹੁੰਦਾ ਤਾਂ ਅੱਜ ਪੰਜਾਂ ਪਾਣੀਆਂ ਦੀ ਧਰਤੀ ਵਾਲਾ ਪੰਜਾਬ ਪਾਣੀ ਲਈ ਨਾ ਤੜਫਦਾ। ਪਾਣੀ ਦੀ ਥੁੜ੍ਹ ਮਾਰੇ ਲੋਕ ਰੋਜ਼ ਮੁਜ਼ਾਹਰੇ ਕਰ ਰਹੇ ਹਨ। ਇੱਥੋਂ ਤਕ ਕਿ ਮਾਹਰ ਵਿਗਿਆਨੀਆਂ ਨੇ ਤਾਂ ਇਹ ਵੀ ਚੇਤਾਵਨੀ ਦੇ ਦਿੱਤੀ ਹੈ ਕਿ ਪਾਣੀ ਖ਼ਾਤਰ ਯੁੱਧ ਹੋਣਗੇ ਅਤੇ ਲੋਕਾਂ ਨੂੰ ਪਾਣੀ ਦੀ ਭਾਲ਼ ਵਿਚ ਪਰਵਾਸ ਕਰਨਾ ਪਵੇਗਾ। ਤੁਸੀਂ ਅੰਦਾਜ਼ਾ ਲਾਓ ਕਿ ਜਦੋਂ ਪੰਜਾਬ ਦੀ ਧਰਤੀ ਹੇਠਲਾ ਪਾਣੀ ਇਕ ਹਜ਼ਾਰ ਫੁੱਟ ਡੂੰਘਾ ਚਲਿਆ ਜਾਵੇਗਾ ਫਿਰ ਇੱਥੇ ਵਸਦੇ ਲੋਕਾਂ ਦਾ ਕੀ ਬਣੇਗਾ? ਇਹ ਵੀ ਕਿਹਾ ਗਿਆ ਹੈ ਕਿ ਉਹ ਪਾਣੀ ਪੀਣ ਦੇ ਯੋਗ ਹੀ ਨਹੀਂ ਹੋਵੇਗਾ।

ਅਜਿਹੇ ਚਿੰਤਾਜਨਕ ਵਿਚਾਰਾਂ ਨੂੰ ਅਸੀਂ ਬੜੇ ਲੰਬੇ ਸਮੇਂ ਤੋਂ ਹਲਕੇ ਵਿਚ ਲੈਂਦੇ ਆ ਰਹੇ ਹਾਂ। ਕਦੇ ਅਸੀਂ ਬਜ਼ੁਰਗਾਂ ਤੋਂ ਸੁਣਦੇ ਸਾਂ 'ਪਾਣੀ ਕਿਹੜਾ ਮੁੱਲ ਵਿਕਦੈ?' ਹੁਣ ਨਿਗ ?ਹਾ ਮਾਰੋ, ਪਾਣੀ ਮੁਫ਼ਤ ਕਿੱਥੇ ਮਿਲ ਰਿਹੈ? ਅਜਿਹੇ ਸਵਾਲ ਸਾਡੇ ਦਿਲੋ-ਦਿਮਾਗ ਨੂੰ ਹਲੂਣ ਰਹੇ ਹਨ। ਪੰਜਾਬ ਨੂੰ ਪੂਰੇ ਭਾਰਤ ਦਾ ਅੰਨਦਾਤਾ ਬਣਾਉਣ ਵਿਚ ਖੇਤੀ ਵਿਗਿਆਨੀਆਂ ਨੇ ਅਹਿਮ ਯੋਗਦਾਨ ਪਾਇਆ। ਜਿਹੜੀਆਂ ਫ਼ਸਲਾਂ ਸਾਡੀ ਧਰਤੀ ਲਈ ਮਾਫ਼ਕ ਵੀ ਨਹੀਂ ਸਨ, ਉਹ ਵੀ ਪੈਦਾ ਕਰ ਦਿੱਤੀਆਂ। ਅੰਨ ਦੀ ਭੁੱਖ ਤਾਂ ਪੂਰੇ ਦੇਸ਼ ਦੀ ਮਿਟਾ ਦਿੱਤੀ ਗਈ ਪਰ ਇਸ ਬਦਲੇ ਪੰਜਾਬੀਆਂ ਨੂੰ ਪਿਆਸੇ ਕਰ ਦਿੱਤਾ ਗਿਆ। ਕੇਂਦਰੀ ਜ਼ਮੀਨੀ ਪਾਣੀ ਬੋਰਡ ਦੀ ਰਿਪੋਰਟ ਮੁਤਾਬਕ ਪੰਜਾਬ 'ਚ ਧਰਤੀ ਹੇਠੋਂ ਹੱਦੋਂ ਵੱਧ ਪਾਣੀ ਖਿੱਚਿਆ ਜਾ ਰਿਹਾ ਹੈ ਜਿਸ ਕਾਰਨ ਸੂਬੇ ਦੇ 23 ਵਿੱਚੋਂ 20 ਜ਼ਿਲ੍ਹਿਆਂ ਦੀ ਸਥਿਤੀ ਗੰਭੀਰ ਹੈ। ਪਾਣੀ ਹਰ ਸਾਲ ਡੂੰਘਾ ਹੁੰਦਾ ਜਾ ਰਿਹਾ ਹੈ। ਕਈ ਪਿੰਡਾਂ ਵਿਚ ਤਾਂ ਇਹ ਪੰਜ-ਛੇ ਸੌ ਫੁੱਟ ਤੋਂ ਵੀ ਡੂੰਘਾ ਹੋ ਚੁੱਕਾ ਹੈ। ਇਕ ਅਨੁਮਾਨ ਮੁਤਾਬਕ 2039 ਤਕ ਇਹ 300 ਮੀਟਰ ਤਕ ਡੂੰਘਾ ਜਾ ਸਕਦਾ ਹੈ। ਸੰਯੁਕਤ ਰਾਸ਼ਟਰ ਵੱਲੋਂ ਨਿਊਯਾਰਕ ਵਿਚ ਕੌਮਾਂਤਰੀ ਜਲ ਸੰਸਾਧਨਾਂ 'ਤੇ ਕਰਵਾਈ ਵਿਸ਼ਵ ਜਲ ਕਾਨਫਰੰਸ ਦੌਰਾਨ ਇਸ ਦੇ ਸਕੱਤਰ ਜਨਰਲ ਐਨਟੋਨੀਓ ਗੁਟਰੇਸ ਨੇ ਪਾਣੀ ਦੀ ਸੰਭਾਲ ਦੇ ਪ੍ਰਬੰਧਨ 'ਤੇ ਚਿੰਤਾ ਪ੍ਰਗਟ ਕੀਤੀ।

ਉਨ੍ਹਾਂ ਕਿਹਾ ਕਿ ਪਾਣੀ ਮਨੁੱਖੀ ਸਰੀਰ ਵਾਸਤੇ ਖ਼ੂਨ ਵਾਂਗ ਹੀ ਲੋੜੀਂਦਾ ਹੈ। ਇਸ ਵੇਲੇ ਪੂਰੀ ਦੁਨੀਆ ਦੇ 26 ਫ਼ੀਸਦੀ ਲੋਕਾਂ ਕੋਲ ਪੀਣ ਵਾਲਾ ਸ਼ੁੱਧ ਪਾਣੀ ਉਪਲਬਧ ਨਹੀਂ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ 2030 ਤਕ ਪਾਣੀ ਦੀ ਮੰਗ ਅਤੇ ਸਪਲਾਈ ਦਾ ਪਾੜਾ 40 ਫ਼ੀਸਦੀ ਤਕ ਵਧਣ ਦਾ ਡਰ ਸਤਾ ਰਿਹਾ ਹੈ। ਵਿਸ਼ਵ ਬੈਂਕ ਦੁਆਰਾ ਲਗਾਏ ਇਕ ਅਨੁਮਾਨ ਅਨੁਸਾਰ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿਚ ਪਾਣੀ ਦੀ ਕਮੀ ਜੀਡੀਪੀ ਵਿਕਾਸ ਦਰ ਨੂੰ 11.5 ਫ਼ੀਸਦੀ ਤਕ ਪ੍ਰਭਾਵਿਤ ਕਰ ਸਕਦੀ ਹੈ।

ਵਿਗਿਆਨੀਆਂ ਅਨੁਸਾਰ ਦੁਨੀਆ ਵਿਚ ਪਾਣੀ ਦਾ 70 ਪ੍ਰਤੀਸ਼ਤ ਹਿੱਸਾ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ। ਸਮੇਂ ਦੀ ਮੰਗ ਹੈ ਕਿ ਗਲੋਬਲ ਵਾਟਰ ਲੈਂਡਸਕੇਪ ਨੂੰ ਬਦਲਿਆ ਜਾਵੇ ਅਤੇ ਰੀਚਾਰਜਿੰਗ, ਸਮੁੰਦਰੀ ਪਾਣੀ ਦੀ ਵਰਤੋਂ ਵਰਗੀਆਂ ਨਵੀਆਂ ਤਕਨੀਕਾਂ ਦੀ ਵਰਤੋਂ ਕਰਨੀ ਹੋਵੇਗੀ। ਇਕ ਅੰਦਾਜ਼ੇ ਅਨੁਸਾਰ ਭਾਰਤ ਵਿਚ ਔਸਤਨ 4000 ਅਰਬ ਘਣ ਮੀਟਰ ਵਰਖਾ ਹੁੰਦੀ ਹੈ। ਇਸ ਵਿੱਚੋਂ 690 ਅਰਬ ਘਣ ਮੀਟਰ ਪਾਣੀ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਸਾਡੇ ਦੇਸ਼ ਵਿਚ ਲਗਪਗ 3 ਹਜ਼ਾਰ ਵੱਡੇ ਬੰਨ੍ਹ ਹਨ ਜਿਨ੍ਹਾਂ ਦੀ ਪਾਣੀ ਇਕੱਠਾ ਕਰਨ ਦੀ ਸਮਰੱਥਾ 162 ਅਰਬ ਘਣ ਮੀਟਰ ਹੈ। ਜਦਕਿ ਦੇਸ਼ ਦੀ ਜਲ ਖਪਤ 600 ਅਰਬ ਘਣ ਮੀਟਰ ਤੋਂ ਵੀ ਅੱਗੇ ਲੰਘ ਚੁੱਕੀ ਹੈ।

110 ਅਰਬ ਘਣ ਮੀਟਰ ਪਾਣੀ ਅਸੀਂ ਝੀਲਾਂ ਅਤੇ ਨਦੀਆਂ 'ਚੋਂ ਵਰਤਦੇ ਹਾਂ। ਬਾਕੀ ਦਾ ਪਾਣੀ 350 ਅਰਬ ਘਣ ਮੀਟਰ ਧਰਤੀ ਹੇਠੋਂ ਖਿੱਚ ਕੇ ਵਰਤਦੇ ਹਾਂ। ਇਸ ਕਾਰਨ ਸਾਡੀਆਂ ਜਲ ਤੱਗੀਆਂ ਡੂੰਘੀਆਂ ਦੇ ਨਾਲ-ਨਾਲ ਸੁੱਕਦੀਆਂ ਵੀ ਜਾ ਰਹੀਆਂ ਹਨ। ਜਿਨ੍ਹਾਂ ਥਾਵਾਂ 'ਤੇ ਵੀਹ-ਪੰਝੀ ਸਾਲ ਪਹਿਲਾਂ ਸੀਰਾਂ ਵਗਦੀਆਂ ਸਨ ਉੱਥੇ ਹੁਣ ਪਾਣੀ ਦਾ ਨਾਮੋ-ਨਿਸ਼ਾਨ ਵੀ ਨਹੀਂ ਲੱਭਦਾ। ਵਰਖਾ ਦੇ ਪਾਣੀ ਦੀ ਸਾਂਭ-ਸੰਭਾਲ ਨਾਲ ਅਸੀਂ ਕਿਸੇ ਹੱਦ ਤਕ ਪਾਣੀ ਦੇ ਸੰਕਟ 'ਤੇ ਕਾਬੂ ਪਾਉਣ ਵਿਚ



ਸਫਲ ਹੋ ਸਕਦੇ ਹਾਂ। ਪੱਕੀਆਂ ਛੱਤਾਂ ਦਾ ਪਾਣੀ ਇਕੱਠਾ ਕਰ ਕੇ ਧਰਤੀ ਵਿਚ ਮੁੜ ਰੀਚਾਰਜ ਕਰਨਾ ਹੀ ਹੋਵੇਗਾ। ਪਾਣੀ ਦੀ ਬਰਬਾਦੀ ਨੂੰ ਰੋਕਣ ਲਈ ਹਰ ਮਨੁੱਖ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਹੋਵੇਗੀ। ਕੁਦਰਤ ਨਾਲ ਖਿਲਵਾੜ ਕਰਨ ਕਰ ਕੇ ਵਰਖਾ ਦਾ ਚੱਕਰ ਵੀ ਗੜਬੜਾ ਗਿਆ ਹੈ।

ਚਿਰਾਪੂੰਜੀ ਵਿਚ ਕੁੱਲ ਜਹਾਨ ਨਾਲੋਂ ਵੱਧ ਹਰ ਸਾਲ 11000 ਮਿਲੀਲੀਟਰ ਵਰਖਾ ਹੁੰਦੀ ਹੈ ਪਰ ਉੱਥੇ ਵਸਦੇ ਲੋਕ ਵੀ ਪੀਣ ਵਾਲੇ ਪਾਣੀ ਦੀ ਸਮੱਸਿਆ ਤੋਂ ਪੀੜਤ ਹਨ। ਮਸਲਾ ਇਹ ਨਹੀਂ ਕਿ ਕਿੱਥੇ ਕਿੰਨੀ ਵਰਖਾ ਹੁੰਦੀ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਅਸੀਂ ਉਸ ਪਾਣੀ ਨੂੰ ਕਿੰਨਾ ਅਤੇ ਕਿਵੇਂ ਸੰਭਾਲਦੇ ਹਾਂ। ਜਲ ਸੋਮਿਆਂ ਨੂੰ ਸਜੀਵ ਰੱਖ ਕੇ ਹੀ ਮਨੁੱਖੀ ਹੋਂਦ ਨੂੰ ਬਚਾਇਆ ਜਾ ਸਕਦਾ ਹੈ।

ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਨਿੱਕੇ-ਨਿੱਕੇ ਚੈੱਕ ਡੈਮ ਬਣਾ ਕੇ ਵਰਖਾ ਦੀ ਬੂੰਦ-ਬੂੰਦ ਨੂੰ ਬਚਾਇਆ ਜਾ ਸਕਦਾ ਹੈ। ਫ਼ਸਲੀ ਚੱਕਰ ਵਿਚ ਪਰਿਵਰਤਨ ਤਾਂ ਹਰ ਹਾਲ ਲਿਆ ਕੇ ਹੀ ਗੁਜ਼ਾਰਾ ਹੋਣਾ ਹੈ। ਜੇਕਰ ਇਹੀ ਆਲਮ ਰਿਹਾ ਤਾਂ ਉਹ ਦਿਨ ਦੂਰ ਨਹੀਂ ਲੱਗਦਾ ਜਦੋਂ ਪਾਣੀ ਖ਼ਾਤਰ ਸਾਨੂੰ ਪਲਾਇਨ ਲਈ ਮਜਬੂਰ ਹੋਣਾ ਪਵੇਗਾ। ਸੰਨ 1947 ਦੇ ਵਰਤਾਰੇ ਨੂੰ ਅਸੀਂ ਅਜੇ ਤਕ ਨਹੀਂ ਭੁਲਾ ਸਕੇ। ਜੇਕਰ ਦੁਬਾਰਾ ਘਰ-ਬਾਰ ਛੱਡਣੇ ਪਏ ਤਾਂ ਕਿਆਸ ਕਰੋ ਉਸ ਵੇਲੇ ਸਾਡੀ ਹਾਲਤ ਕਿਹੋ ਜਿਹੀ ਹੋਵੇਗੀ? ਭਲੇ ਪੁਰਸ਼ਾਂ ਅਤੇ ਵਿਗਿਆਨੀਆਂ ਵੱਲੋਂ ਦਿੱਤੀਆਂ ਜਾ ਰਹੀਆਂ ਚੇਤਾਵਨੀਆਂ ਨੂੰ ਕੰਨਾਂ ਪਿੱਛੇ ਨਾ ਮਾਰੋ ਸਗੋਂ ਉਨ੍ਹਾਂ 'ਤੇ ਅਮਲ ਕਰ ਕੇ ਆਪਣੇ ਭਵਿੱਖ ਨੂੰ ਸ਼ਿੰਗਾਰੋ। ਆਉਣ ਵਾਲੀਆਂ ਨਸਲਾਂ ਸਾਨੂੰ ਇਹ ਨਾ ਕਹਿਣ ਕਿ ਸਾਡੇ ਵੱਡੇ-ਵਡੇਰੇ ਕਿੰਨੇ ਨਾਸਮਝ ਸਨ ਜਿਹੜੇ ਕੁਦਰਤ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਨੂੰ ਨਾ ਤਾਂ ਸੰਭਾਲ ਸਕੇ ਅਤੇ ਨਾ ਹੀ ਸਾਡੇ ਜੋਗਾ ਬਚਾ ਸਕੇ।

ਦਿਲ ਨੂੰ ਹਲੂਣ ਦੇਣ ਵਾਲੀਆਂ ਅਜਿਹੀਆਂ ਖ਼ਬਰਾਂ 'ਤੇ ਸਰਕਾਰਾਂ ਨੂੰ ਖ਼ਾਸ ਤੌਰ 'ਤੇ ਸੁਚੇਤ ਹੋ ਕੇ ਕੰਮ ਕਰਨ ਦੀ ਜ਼ਰੂਰਤ ਹੈ। ਜਲ ਜੀਵਨ ਨਾਲ ਸਬੰਧਤ ਸਭ ਨੀਤੀਆਂ ਨੂੰ ਮੁੜ ਤੋਂ ਵਿਚਾਰ ਕੇ ਸਮੇਂ ਦੀ ਮੰਗ ਅਨੁਸਾਰ ਘੜਿਆ ਅਤੇ ਲਾਗੂ ਕੀਤਾ ਜਾਵੇ। ਪੰਜਾਬ ਵਿਚ ਪਾਣੀ ਦੀ ਵਧੇਰੇ ਵਰਤੋਂ ਫ਼ਸਲਾਂ ਵਾਸਤੇ ਕੀਤੀ ਜਾਂਦੀ ਹੈ। ਜਿਨ੍ਹਾਂ ਫ਼ਸਲਾਂ ਨੂੰ ਵੱਧ ਪਾਣੀ ਦੀ ਲੋੜ ਹੈ ਉਨ੍ਹਾਂ ਦੇ ਬਦਲ ਲੱਭ ਕੇ ਬਿਜਾਈ ਕਰਨ ਦੀ ਜ਼ਰੂਰਤ ਹੈ। ਦੂਜੇ ਬੰਨੇ ਮੁਫ਼ਤ ਬਿਜਲੀ ਕਾਰਨ ਅਸੀਂ ਪਾਣੀ ਦਾ ਸਹੀ ਇਸਤੇਮਾਲ ਵੀ ਨਹੀਂ ਕਰ ਰਹੇ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਮੁਫ਼ਤ ਦੀ ਚੀਜ਼ ਦੀ ਕਦਰ ਨਹੀਂ ਹੁੰਦੀ। ਜਦਕਿ ਗੁਰੂ ਸਾਹਿਬਾਨ ਨੇ ਇਨ੍ਹਾਂ ਕੁਦਰਤੀ ਨਿਆਮਤਾਂ ਬਾਬਤ ਸੈਂਕੜੇ ਸਾਲ ਪਹਿਲਾਂ ਸੁਚੇਤ ਕਰਦਿਆਂ ਲਿਖਿਆ ਸੀ : 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਪੰਜਾਬ ਵਿਚ ਹਰ ਸਾਲ 28.02 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ ਹੇਠੋਂ ਕੱਢਿਆ ਜਾਂਦਾ ਹੈ ਜਦਕਿ ਕੇਵਲ 18.94 ਬਿਲੀਅਨ ਕਿਊਬਿਕ ਮੀਟਰ ਪਾਣੀ ਹੀ ਰੀਚਾਰਜ ਹੁੰਦਾ ਹੈ। ਪੰਜਾਬ ਵਿਚ 25 ਤੋਂ 27 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਫ਼ਸਲ ਬੀਜੀ ਜਾਂਦੀ ਹੈ ਜਦਕਿ ਇਹ ਪੰਜਾਬ ਵਿਚ ਪੈਦਾ ਹੋਣ ਵਾਲੀ ਮੂਲ ਫ਼ਸਲ ਨਹੀਂ ਹੈ। ਇਸ ਫ਼ਸਲ ਦੀ ਬਿਜਾਈ ਕਾਰਨ ਸਥਿਤੀ ਇਹ ਬਣ ਗਈ ਹੈ ਕਿ ਸੂਬੇ ਦੇ 153 ਬਲਾਕਾਂ 'ਚੋਂ 17 ਹੀ ਅਜਿਹੇ ਹਨ ਜਿੱਥੇ ਧਰਤੀ ਹੇਠਲਾ ਪਾਣੀ ਸਰੱਖਿਅਤ ਸ਼੍ਰੇਣੀ 'ਚ ਹੈ ਜਦਕਿ ਬਾਕੀਆਂ ਦੀ ਸਥਿਤੀ ਚਿੰਤਾਜਨਕ ਅਤੇ ਗੰਭੀਰ ਹੈ।

ਇਸ ਸਭ ਕਾਸੇ ਵਾਸਤੇ ਇਕੱਲਾ ਕਿਸਾਨ ਹੀ ਜ਼ਿੰਮੇਵਾਰ ਨਹੀਂ ਹੈ ਸਗੋਂ ਮੌਕੇ ਦੀਆਂ ਸਰਕਾਰਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁੱਖ ਮੋੜ ਕੇ ਪੰਜਾਬ ਦੀ ਜਨਤਾ ਨੂੰ ਉਨ੍ਹਾਂ ਦੇ ਹਾਲ 'ਤੇ ਛੱਡਿਆ ਹੈ। ਅੱਜ ਲੋੜ ਹੈ ਫ਼ਸਲੀ ਵਿਭਿੰਨਤਾ ਦੀ ਜਿਸ ਨਾਲ ਪਾਣੀ ਦੀ ਵਰਤੋਂ ਘਟਾਈ ਜਾ ਸਕੇ। ਨਾਲ ਹੀ ਧਰਤੀ ਵਿਚ ਰੀਚਾਰਜ ਕਰਨ ਲਈ ਉੱਚਿਤ ਸਾਧਨ ਪੈਦਾ ਕੀਤੇ ਜਾਣ। ਪੰਜਾਬ ਨੂੰ ਬੰਜਰ ਬਣਨ ਤੋਂ ਬਚਾਉਣ ਲਈ ਪਾਣੀ ਦੀ ਸੁਚੱਜੀ ਅਤੇ ਸੰਜਮ ਨਾਲ ਵਰਤੋਂ ਕਰਨ ਦੀ ਵਿਧੀ ਹਰ ਇਕ ਨੂੰ ਅਪਨਾਉਣੀ ਪਵੇਗੀ। ਜਦਕਿ ਕੇਂਦਰੀ ਬਜਟ ਵਿਚ ਪਿਛਲੇ ਸਾਲ ਦੇ 1.51 ਲੱਖ ਕਰੋੜ ਦੇ ਮੁਕਾਬਲੇ 1.25 ਲੱਖ ਕਰੋੜ ਰੱਖੇ ਗਏ ਹਨ।

ਪੰਜਾਬ ਸਰਕਾਰ ਨੇ ਫ਼ਸਲੀ ਵਿਭਿੰਨਤਾ ਵਾਸਤੇ ਇਕ ਹਜ਼ਾਰ ਕਰੋੜ ਦਾ ਪ੍ਰਬੰਧ ਕੀਤਾ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ ਵਿਚ ਫ਼ਸਲੀ ਵਿਭਿੰਨਤਾ ਦਾ ਚੱਕਰ ਪੂਰਾ ਕਿਵੇਂ ਹੁੰਦਾ ਹੈ। ਵਾਤਾਵਰਨ ਪ੍ਰੇਮੀਆਂ ਤੇ ਧਰਤੀ ਦੇ ਖੋਜੀਆਂ ਵੱਲੋਂ ਸਾਨੂੰ ਵਾਰ-ਵਾਰ ਸੁਚੇਤ ਕੀਤਾ ਜਾ ਰਿਹਾ ਹੈ। ਜੇਕਰ ਅਜੇ ਵੀ ਸਾਡੀਆਂ ਸਰਕਾਰਾਂ ਅਤੇ ਜਨਤਾ ਪਾਣੀ ਨੂੰ ਬਚਾਉਣ ਦੀਆਂ ਵਿਧੀਆਂ ਅਪਨਾਉਣ ਵਿਚ ਸਫ਼ਲ ਨਾ ਹੋਏ ਤਾਂ ਪੰਜਾਬ ਨੂੰ ਬੰਜਰ ਬਣਨ ਤੋਂ ਕੋਈ ਨਹੀਂ ਰੋਕ ਸਕੇਗਾ।

ਸਰਕਾਰ ਨਾਲੋਂ ਵੀ ਵੱਡੀ ਜ਼ਿੰਮੇਵਾਰੀ ਸਾਡੀ ਸਭ ਦੀ ਹੈ। ਚੋਣਾਂ ਵੇਲੇ ਇਹ ਸਭ ਤੋਂ ਅਹਿਮ ਮੁੱਦਾ ਹੋਣਾ ਚਾਹੀਦਾ ਹੈ। ਪਾਣੀਆਂ ਨੂੰ ਬਚਾਉਣ ਲਈ ਸਾਨੂੰ ਲੋਕ-ਲਹਿਰ ਚਲਾਉਣੀ ਪਵੇਗੀ। ਸੋ ਆਉ! ਆਪਾਂ ਸਾਰੇ ਰਲ ਕੇ ਇਸ ਸੰਕਟ ਤੋਂ ਬਚਣ ਦੇ ਸਭ ਉਪਾਅ ਅਪਣਾਈਏ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



**Gurdip Singh Sandhu** Homeopathic Consultant

Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ


### ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਮਰਦ ਔਰਤ ਦੀ ਵੱਖ ਵੱਖ ਸਰੀਰਕ ਬਣਤਰ ਲਈ ਜ਼ਰੂਰੀ ਗੋਨਾਡੋਟਰੌਫਿਨ ਹਾਰਮੋਨਜ ਦੀ ਮਰਦ ਸਰੀਰ ਵਿੱਚ ਜਵਾਨੀ ਵਿੱਚ ਪੈਰ ਰੱਖਦਿਆਂ ਕਿਸ ਕਿਸ ਤਰ੍ਹਾਂ ਦੀਆਂ ਲੋੜ ਤੋਂ ਉਲਟ ਕਮੀਆਂ ਕਮਜ਼ੋਰੀਆਂ ਦਾ ਸਾਹਮਣਾ ਜੀਵਨ ਨੂੰ ਕਰਨਾ ਪੈਂਦਾ ਹੈ।

ਜਨਣ ਕਿਰਿਆ ਯਾਨੀ ਜੀਵਨ ਤੋਂ ਜੀਵਨ ਦੀ ਉਤਪਤੀ ਨਾਲ ਸੰਬੰਧਿਤ ਤੱਤ ਜੀਵਨ ਦਾ ਅਸਲ ਮਕਸਦ ਜੀਵਨ ਤੋਂ ਜੀਵਨ ਪੈਦਾ ਕਰਨਾ ਹੀ ਹੈ ਬਾਕੀ ਸਭ ਇਸ ਦੇ ਸਹਾਇਕ ਕੰਮ ਹਨ ਜੋ ਵੀ ਕਾਰੋਬਾਰਾਂ ਦਾ ਸਿਲਸਿਲਾ ਅਸੀਂ ਸੰਸਾਰ ਭਰ ਵਿੱਚ ਫੈਲਿਆ ਵੇਖਦੇ ਹਾਂ ਉਹ ਸਭ ਜੀਵਨ ਪੈਦਾ ਕਰਨ ਦੀ ਲੋੜ ਦੀ ਪੂਰਤੀ ਕਰਨ ਲਈ ਹੀ ਹਨ। ਇਸ ਜੀਵਨ ਤੋਂ ਜੀਵਨ ਦੀ ਉਤਪਤੀ ਦੇ ਕਾਰੋਬਾਰ ਦਾ ਜ਼ੁਮਾ ਗੋਨਾਡੋਟਰੌਫਿਨ ਹਾਰਮੋਨਜ ਦਾ ਹੁੰਦਾ ਹੈ। ਇਹ ਗੋਨਾਡੋਟਰੌਫਿਨ ਹਾਰਮੋਨਜ ਕੀ ਹਨ ਤੇ ਸਰੀਰ ਵਿੱਚ ਕਿਥੇ ਪੈਦਾ ਹੁੰਦੇ ਹਨ। ਹਾਰਮੋਨਜ ਬਾਰੇ ਸੰਖੇਪ ਜਾਣਕਾਰੀ ਬਹੁਤ ਵਾਰ ਦੁਹਰਾਈ ਜਾ ਚੁੱਕੀ ਹੈ ਅਤੇ ਇਹਨਾਂ ਦਾ ਸਾਰਾ ਵਿਸਥਾਰ ਵੇਰਵਾ ਇਹਨਾਂ ਨਾਲ ਸੰਬੰਧਤ ਇੰਡੋਕਰਾਈਨਜ ਸਿਸਟਮ ਦੇ ਲੈਕਚਰ ਵਿੱਚ ਕੀਤਾ ਜਾਵੇਗਾ। ਇਕ ਵੇਰ ਫਿਰ ਥੋੜੇ ਲਫਜ਼ਾਂ ਵਿਚ ਦਸ ਦਿਆਂ ਕਿ ਕੁਦਰਤੀ ਸਹੀ ਕਦਰਾਂ ਕੀਮਤਾਂ ਵਾਲਾ ਜੀਵਨ ਪੈਂਦਾ ਕਰਨ ਲਈ ਸਰੀਰ ਦਾ ਹਰੇਕ ਅੰਗ ਆਪਣਾ ਯੋਗਦਾਨ ਪਾਉਂਦਾ ਹੈ। ਹਰੇਕ ਅੰਗ ਦਾ ਪਾਇਆ ਯੋਗਦਾਨ ਦੂਜੇ ਅੰਗਾਂ ਤੱਕ ਪਹੁੰਚਾਉਣ ਲਈ ਖ਼ੂਨ ਦੀਆਂ ਨਾੜੀਆਂ ਤੋਂ ਇਲਾਵਾ ਹਰੇਕ ਸਿਸਟਮ ਦਾ ਆਪਣਾ ਵੱਖਰਾ ਰਸਤਾ ਯਾਨੀ ਚੈਨਲ ਵੀ ਹੁੰਦਾ ਹੈ ਜਿਸ ਰਾਹੀਂ ਹਰੇਕ ਅੰਗ ਜਾਂ ਸਿਸਟਮ ਆਪਣੇ ਵੱਲੋਂ ਜੀਵਨ ਨੂੰ ਚੱਲਦਾ ਰੱਖਣ ਲਈ ਪਾਇਆ ਸਹਿਯੋਗ ਦੂਜੇ ਅੰਗਾਂ ਤੱਕ ਪਹੁੰਚਾਣ ਦਾ ਕਾਰਜ ਕੀਤਾ ਜਾਂਦਾ ਹੈ। ਜਿਵੇਂ ਮਿਸਾਲ ਦੇ ਤੌਰ 'ਤੇ ਹਾਜਮੇ ਨਾਲ ਸੰਬੰਧਿਤ ਡਾਈਜੈਸਟਿਵ ਸਿਸਟਿਮ ਆਪਣੀ ਹੀ ਗੈਸਟਰਿਕ ਕੈਨਾਲ ਯਾਨੀ ਆਪਣੇ ਹੀ ਵਿਚੋਂ ਵਿੱਚ ਰਸਤੇ ਰਾਹੀਂ ਆਪਣੇ ਵੱਲੋਂ ਲੋੜੀਂਦਾ ਯੋਗਦਾਨ ਪਾਉਣ ਲਈ ਵਰਤਦਾ ਹੈ ਤੇ ਇਸ ਵਿਚੋਂ ਹੀ ਹੋਰ ਨਾੜੀਆਂ ਜਿਵੇਂ ਮਸੈਨਟਰਿਕ ਵੇਨਜ ਰਾਹੀਂ ਆਤੜੀਆਂ ਵਿਚੋਂ ਖ਼ੂਨ ਬਨਣ ਲਈ ਤਿਆਰ ਮਾਲ ਲੈ ਲਿਆ ਜਾਂਦਾ ਹੈ ਤੇ ਅੱਗੇ ਖ਼ੂਨ ਬਨਣ ਦੇ ਰਸਤੇ ਤੋਰਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਕਿਡਨੀਆਂ ਆਪਣਾ ਯੋਗਦਾਨ ਖ਼ੂਨ ਵਿਚੋਂ ਜਹਿਰੀਲੇ ਵਾਧੂ ਤੱਤ ਨਿਚੋੜਕੇ ਪੇਸਾਪ ਰਾਹੀਂ ਬਾਹਰ ਕੱਢਣ ਦਾ ਕੰਮ ਕਰਕੇ ਪਾਉਂਦੀਆਂ ਹਨ। ਇਸ ਤਰ੍ਹਾਂ ਹੀ ਸਰੀਰ ਵਿੱਚ ਵੱਖ-ਵੱਖ ਥਾਵਾਂ ਤੇ ਅੰਗਾਂ ਉੱਪਰ ਕੁਝ (ਇੰਡੋਕਰਾਈਨ ਗਲੈਂਡ) ਯਾਨੀ ਗਿਲਟੀਆਂ ਲੱਗੀਆਂ ਹੋਈਆਂ ਹਨ ਜਿਹਨਾਂ ਕੋਲ ਇਸ ਤਰ੍ਹਾਂ ਦਾ ਆਪਣਾ ਕੋਈ ਵੱਖਰਾ ਰਸਤਾ ਨਹੀਂ ਹੈ ਕਿ ਜੋ ਵੀ ਯੋਗਦਾਨ ਉਹ ਸਰੀਰਕ ਜੀਵਨ ਨੂੰ ਸਹੀ ਢੰਗ ਨਾਲ ਚੱਲਦਾ ਰੱਖਣ ਲਈ ਪਾ ਸਕਦੇ ਹਨ ਉਹ ਆਪਣੇ ਵੱਖਰੇ ਘੜੇ ਹੋਏ ਸਿਸਟਮ ਰਾਹੀਂ ਸਾਰੇ ਸਰੀਰ ਵਿੱਚ ਆਪਣਾ ਯੋਗਦਾਨ ਪਹੁੰਚਾਉਣ। ਇਸ ਲਈ ਇਹ ਇੰਡੋਕਰਾਈਨ ਗਿਲਟੀਆਂ ਸਰੀਰ ਦੇ ਵੱਖ-ਵੱਖ ਅੰਗਾਂ ਉਪਰ ਪੈਦਾ ਹਾਰਮੋਨਜ ਗਿਲਟੀਆਂ ਤੋਂ ਆਪਣਾ ਮੁਆਦ ਯਾਨੀ ਹਾਰਮੋਨ ਪੈਦਾ ਕਰਦੀਆਂ ਹਨ। ਜਿਵੇਂ ਸਰੀਰ ਵੱਲੋਂ ਆਕਸੀਜਨ ਤੇ ਖ਼ੁਰਾਕ ਦੀ ਸਹਾਇਤਾ ਪਹੁੰਚਾਉਣ ਲਈ ਖ਼ੂਨ ਦੀਆਂ ਨਾੜੀਆਂ ਯਾਨੀ ਆਰਟਰੀ ਰਾਹੀਂ ਸਾਰਾ ਸਰੀਰ ਵੀ ਤੇ ਇਹ ਗਿਲਟੀਆਂ ਵੀ ਉਹ ਸਹਾਇਤਾ ਲੈ ਲੈਂਦੀਆਂ ਹਨ ਤੇ ਆਪਣੇ ਪੈਦਾ ਕੀਤੇ ਹਾਰਮੋਨ ਵਾਪਸ ਖ਼ੂਨ ਲੈ ਜਾਣ ਵਾਲੀਆਂ ਵੇਨਜ ਵਿੱਚ ਪਾ ਕੇ ਹੀ ਭੇਜ ਦਿੰਦੀਆਂ ਹਨ ਕਿਉਂਕਿ ਇਹਨਾਂ ਕੋਲ ਕੋਈ ਹੋਰ ਆਪਣਾ ਵੱਖਰਾ ਰਸਤਾ ਨਹੀਂ ਹੈ ਆਪਣੇ ਪੈਦਾ ਕੀਤੇ ਹਾਰਮੋਨਜ ਨੂੰ ਬਾਕੀ ਸਰੀਰ ਦੀ ਲੋੜ ਲਈ ਭੇਜ ਸਕਣ।

ਇਹਨਾਂ ਗਿਲਟੀਆਂ ਵੱਲੋਂ ਸਰੀਰਕ ਜੀਵਨ ਦੀ ਬਿਹਤਰੀ ਲਈ ਭੇਜੇ ਯੋਗਦਾਨ ਨੂੰ ਹਾਰਮੋਨਜ ਕਹਿੰਦੇ ਹਨ। ਹਾਰਮੋਨਜ ਅਸਲ ਵਿੱਚ ਕੈਮੀਕਲ ਟਾਈਪ ਦਾ ਇਕ ਮੁਆਦ ਹੁੰਦਾ ਹੈ ਜੋ ਸਰੀਰ ਦੀਆਂ ਵੱਖ-ਵੱਖ ਥਾਵਾਂ ਤੋਂ ਹਾਰਮੋਨਜ ਗਿਲਟੀਆਂ ਵਿੱਚ ਪੈਦਾ ਹੋ ਕੇ ਸਰੀਰ ਵਿੱਚ ਵੰਡਿਆ ਜਾਂਦਾ ਹੈ ਜਿਹਨਾਂ ਦਾ ਕੰਮ ਹਰ ਅੰਗ ਦੀ ਕਾਰਵਾਈ ਨੂੰ ਚੁਸਤ ਫੁਰਤ ਬਣਾਉਣਾ ਹੁੰਦਾ ਹੈ ਤਾਂਕਿ ਉਸ ਅੰਗ ਜਾ ਹਰੇਕ ਅੰਗ ਰਾਹੀ ਕੀਤਾ ਜਾਣ ਵਾਲਾ ਕੰਮ ਲੋੜੀਦੇ ਪੈਮਾਨੇ ਤੇ ਪੂਰਾ ਉਤਰ ਸਕੇ ਭਾਵ ਸਰੀਰ ਚੱਲਣ ਦੀ ਲੋੜ ਪੂਰੀ ਕਰ ਸਕੇ। ਮਿਸਾਲ ਦੇ ਤੌਰ 'ਤੇ ਗੋਨਾਡੋਟਰੋਫਿਨ ਹਾਰਮੋਨਜ ਸਾਡੇ ਬਰੇਨ ਦੇ ਹੇਠਾਂ ਲੱਗੇ ਪਿਚਰੋਟਰੀ ਗਲੈਂਡ ਵਿਚੋ ਪੈਦਾ ਹੁੰਦੇ ਹਨ ਤੇ ਸਰੀਰ ਵਿੱਚ ਖਾਸ ਕਰ ਜਣਨ ਕਿਰਿਆ ਦੇ ਅੰਗਾਂ ਦੀ ਕਾਰਵਾਈ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਉਹਨਾਂ ਅੰਗਾਂ ਨੂੰ ਸਹਿਯੋਗ ਕਰਦੇ ਹਨ। ਜਿਵੇ ਪਿਚਰੋਟਰੀ ਗਲੈਂਡ ਵਿੱਚੋਂ ਦੋ ਤਰ੍ਹਾਂ ਦੇ ਗੋਨਾਡੋਟਰੌਫਿਨ ਹਾਰਮੋਨਜ ਨਿਕਲਦੇ ਹਨ ਜਿਵੇਂ ਕਿਸੇ ਵੀ ਸਰੀਰਕ ਕਿਰਿਆ ਦਾ ਚਕਰ ਪੂਰਾ ਹੋਣ ਬਾਅਦ ਹੋਈ ਟੁੱਟ ਭੱਜ ਨੂੰ ਦੁਬਾਰਾ ਸਹੀ ਹਾਲਤ ਵਿੱਚ ਕੰਮ ਕਰਨਯੋਗ ਬਣਾਉਂਦੇ ਹਨ। ਜਿਵੇਂ ਔਰਤਾਂ ਦੇ ਮੈਨਸਿਜ ਹੋ ਜਾਣ ਬਾਅਦ ਬੱਚੇਦਾਨੀ ਤੇ ਓਵਰੀ ਵਿੱਚ ਹੋਈ ਟੁੱਟ-ਭੱਜ ਨੂੰ ਸਮੇਟਣਾ ਤੇ ਹਾਲਾਤ ਨੂੰ ਫਿਰ ਦਰੁਸਤ ਕਰਨਾ ਜਾ ਮਰਦਾ ਵਿੱਚ ਇਕ ਵਾਰ ਸਪਰਮ ਤੇ ਵੀਰਜ ਦੇ ਨਿਕਲ ਜਾਣ ਬਾਅਦ ਪਤਾਲੂਆਂ ਵਿੱਚ ਹੋਈ ਟੁੱਟ ਭੱਜ ਨੂੰ ਦੁਬਾਰਾ ਸਹੀ ਕਰਕੇ ਨਵੇਂ ਸਪਰਮ ਪੈਦਾ ਕਰਨ ਯੋਗ ਬਣਾਉਣਾ ਹੁੰਦਾ ਹੈ।

ਇੰਜ ਹੀ ਇਕ ਹੋਰ ਗੋਨਾਡੋਟਰੌਫਿਨ ਹਾਰਮੋਨ ਪੈਦਾ ਹੁੰਦਾ ਹੈ ਜਿਸ ਨੂੰ ਕੋਰੀਓਨ ਦਾ ਗੋਨਾਡੋਟਰੌਫਿਨ ਹਾਰਮੋਨਜ ਕਹਿੰਦੇ ਹਨ। ਦੂਸਰੇ ਲਫਜਾ ਵਿੱਚ ਇਸਨੂੰ ਪਲਸੈਟਾ ਯਾਨੀ ਔਲ ਦਾ ਹਾਰਮੋਨ ਕਹਿੰਦੇ ਹਨ। ਯਾਦ ਕਰਵਾਦਿਆਂ ਜਦ ਮਰਦ ਸਪਰਮ ਤੇ ਔਰਤ ਦਾ ਓਵਮ ਔਰਤ ਦੀ ਫੈਲੋਪੀਅਨ ਟਿਊਬ ਵਿੱਚ ਮਿਲ ਕੇ ਬੱਚੇਦਾਨੀ ਵੱਲ ਚੱਲਣ ਲੱਗੇ ਸਨ ਤਾਂ ਦੋਹਾਂ ਦੇ ਸੁਮੇਲ ਨਾਲ ਹੋਂਦ ਵਿੱਚ ਆਏ ਬਲਾਸਟੋਸਿਸਟ ਦੇ ਅੰਦਰਲੇ ਪਰੈਸ਼ਰ ਕਰਕੇ ਇਸਦੇ ਉਪਰਲੇ ਪਰਦੇ ਯਾਨੀ ਕੋਰੀਓਨ ਵਿੱਚ ਹੱਥ ਦੀਆਂ ਉਂਗਲਾਂ ਵਰਗੀਆਂ ਚੁੰਝਾਂ ਨਿਕਲ ਆਈਆਂ ਸਨ ਇਹਨਾਂ ਚੁੰਝਾਂ ਨੂੰ ਕੋਰੀਓਨਿਕ ਵਿਲੀਜ ਕਹਿੰਦੇ ਹਨ। ਇਹਨਾਂ ਚੁੰਝਾਂ ਦੀ ਮਦਦ ਨਾਲ ਇਹ ਬਲਾਸਟੋਸਿਸਟ ਬੱਚੇਦਾਨੀ ਵਿੱਚ ਖੁੰਭ ਸਕਿਆ ਸੀ ਤੇ ਜੜਾ ਫੜ ਸਕਿਆ ਸੀ ਉਹਨਾਂ ਚੁੰਝਾ ਦੇ ਬੱਚੇਦਾਨੀ ਵਿੱਚ ਜੜਾਂ ਫੜਨ ਜਾਂ ਗੱਡੇ ਜਾਣ ਵਾਲੀ ਜਗਹ ਤੇ ਜੋ ਨਵੀਂ ਬਣਤਰ ਬਣ ਗਈ ਸੀ ਉਸੇ ਨੂੰ ਬਾਅਦ ਵਿੱਚ ਪਲਸੈਟਾਂ ਦਾ ਔਲ ਕਿਹਾ ਸੀ। ਸੋ ਉਸ ਕੋਰੀਓਨ ਪਰਦੇ ਰਾਹੀਂ ਪੈਦਾ ਕੀਤਾ ਹਾਰਮੋਨ ਵੀ ਗੋਨਾਡੋਟਰੌਫਿਨ ਹਾਰਮੋਨ ਹੀ ਹੈ ਜੋ ਜੀਵਨ ਤੋਂ ਜੀਵਨ ਪੈਦਾ ਕਰਨ ਲਈ ਮੁਢਲਾ ਤੇ ਜਰੂਰੀ ਯੋਗਦਾਨ ਪਾਉਂਦਾ ਹੈ।

ਜਿਵੇ ਫੌਲੀਕੁਲਰ ਸਟਿਮੂਲੇਟਿੰਗ ਹਾਰਮੋਨਜ ਜੋ ਮਰਦ ਸਰੀਰ ਦੇ ਪਤਾਲੂਆ ਵਿੱਚ ਯਾਨੀ ਟੈਸਟਿਸ ਵਿੱਚ ਸਪਰਮਦੀ ਪੈਦਾਵਾਰ ਦਾ ਮੁਢਲਾ ਕਾਰਜ ਕਰਦੇ ਹਨ। ਜਿਵੇਂ ਕਿਸੇ ਫਸਲ ਦੀ ਪਨੀਰੀ ਵਾਸਤੇ ਖੇਤੀ ਤਿਆਰ ਕਰਨ ਦਾ ਕੰਮ ਐਲ ਐਚ ਹਾਰਮੋਨਜ ਨੇ ਕੀਤਾ ਸੀ ਅਤੇ ਫੌਲੀਕੁਲਰ ਸਟਿਮੁਲੇਟਿੰਗ ਹਾਰਮੋਨਜ ਨੇ ਪਨੀਰੀ ਦੇ ਉਗਾਉਣ ਵਿਚ ਯੋਗਦਾਨ ਦਾ ਕੰਮ ਕਰਨਾ ਹੁੰਦਾ ਹੈ।

ਗੋਨਾਡੋਟਰੌਫਿਨ ਹਾਰਮੋਨਜ ਦਾ ਕੰਮ ਏਨਾ ਹੀ ਨਹੀਂ ਕਿ ਕੇਵਲ ਉਹ ਸੈਕਸ ਅੰਗਾਂ ਨਾਲ ਸੰਬੰਧਿਤ ਅੰਗਾਂ ਤੇ ਹੀ ਕਾਰਵਾਈ ਕਰਦੇ।

(ਚੱਲਦਾ)







# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

**ਸਾਨੂੰ 16 ਸਾਲਾਂ ਦਾ ਤਰਜਬਾ ਹੈ।**

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524




# PUNJABI AMERICAN ASSOCIATION MANTECA

Proudly presents

# ਗਿਆਰਵਾਂ ਵਿਸਾਖੀ ਖੇਡ ਮੇਲਾ

## Saturday may 6th, 2023 from 9am to 7pm

**At Woodward Park, lower basin 710 E, Woodward Ave, Manteca, CA 95337**

**Vaisaki bumper Raffle** (70th flat screen TV, laptops, game console, BBQ home audio system, bicycle and many more items....)


**Traditional fun games for kids**

**Tug of war**

**Games and sports for all age groups**

**Folk dance bhangra & gidha**

**Free admission**



**For more information call Tony Dhailwal @ (209)482-2948 Birinder singh @ (510)750-4135**

**E-mail: Paam.ca2010@gmail.com**

**On site police officers will be present.** Strictly NO DRUGS OR ALCOHOL allowed on mela Grounds.



Host
Mandeep bhullar
Cultural events



Host
Navina mann
Cultural events




Host
Harminder S.samana
Sports event
Law office of Anthony Nwosu

# ਪਾਰਕਲੈਂਡ ਸਕੂਲ ਵਿਚ ਹੋਈ ਗੋਲੀਬਾਰੀ ਦੇ ਮਾਮਲੇ ਵਿਚ ਦੋਸ਼ੀ ਨੂੰ ਉਮਰ ਭਰ ਲਈ ਕੈਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਪਾਰਕਲੈਂਡ (ਫਲੋਰਿਡਾ) ਦੇ ਮਰਜੋਰੀ ਸਟੋਨਮੈਨ ਡਗਲਸ ਹਾਈ ਸਕੂਲ ਵਿਚ 2018 ਵਿਚ ਹੋਈ ਫਾਇਰਿੰਗ ਜਿਸ ਵਿੱਚ 17 ਲੋਕ ਮਾਰੇ ਗਏ ਸਨ, ਦੇ ਮਾਮਲੇ ਵਿਚ ਦੋਸ਼ੀ ਨੂੰ ਉਮਰ ਭਰ ਲਈ ਬਿਨਾਂ ਪੈਰੋਲ ਦੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਿਊਰੀ ਮੈਂਬਰਾਂ ਵਿਚ ਦੋਸ਼ੀ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਸਹਿਮਤੀ ਨਹੀਂ ਬਣੀ ਤੇ ਜਿਊਰੀ ਮੈਂਬਰਾਂ ਨੇ ਦੋਸ਼ੀ ਦੀ ਦਿਮਾਗੀ ਹਾਲਤ ਤੇ ਬਚਾਅ ਪੱਖ ਦੀਆਂ ਹੋਰ ਦਲੀਲਾਂ ਦੇ ਮੱਦੇਨਜਰ 9-3 ਦੇ ਫਰਕ ਨਾਲ ਮੌਤ ਦੀ ਸਜ਼ਾ ਰੱਦ ਕਰ ਦਿੱਤੀ ਜਿਸ ਦਾ ਅਰਥ ਹੈ ਕਿ ਦੋਸ਼ੀ ਨੂੰ ਉਮਰ ਭਰ ਲਈ ਜੇਲ ਵਿਚ ਰਹਿਣਾ ਪਵੇਗਾ। ਪੀੜਤਾਂ ਨੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਟੋਨੀ ਮੋਨਟਾਲਟੋ ਨਾਮੀ ਵਿਅਕਤੀ ਜਿਸ ਦੀ 14 ਸਾਲ ਧੀ ਇਸ ਫਾਇਰਿੰਗ ਵਿਚ ਮਾਰੀ ਗਈ ਸੀ, ਨੇ ਕਿਹਾ ਹੈ ਕਿ ਇਹ ਬਹੁਤ ਮੰਦਭਾਗਾ ਫੈਸਲਾ ਹੈ। ਉਸ ਨੇ ਆਪਣੀ ਪ੍ਰਤੀਕ੍ਰਿਆ ਵਿਚ ਕਿਹਾ ਹੈ ਕਿ ਸਾਡੀ ਨਿਆਂ ਪ੍ਰਣਾਲੀ ਫੇਲ ਹੋ ਗਈ ਹੈ।

# ਅਮਰੀਕਾ ਦੇ ਟੈਕਸਸ ਰਾਜ ਵਿਚ ਮੋਟਰ ਸਾਈਕਲ ਗਿਰੋਹ ਹਿੰਸਾ 'ਚ ਇਕ ਦੀ ਮੌਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਟੈਕਸਸ ਹਾਈਵੇਅ ਉਪਰ ਗੈਰ ਕਾਨੂੰਨੀ ਮੋਟਰ ਸਾਈਕਲ ਗਿਰੋਹ ਮੈਂਬਰਾਂ ਵੱਲੋਂ ਕੀਤੀ ਫਾਇਰਿੰਗ ਵਿੱਚ ਇਕ ਵਿਅਕਤੀ ਦੀ ਮੌਤ ਹੋ ਗਈ। ਇਹ ਪ੍ਰਗਟਾਵਾ ਮੌਂਟਗੋਮਰੀ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਲਾਅ ਇਨਫੋਰਸਮੈਂਟ ਏਜੰਸੀ ਅਨੁਸਾਰ ਇੰਟਰਸਟੇਟ 45 ਉਪਰ ਇਕ 32 ਸਾਲਾ ਵਿਅਕਤੀ ਨੂੰ ਗੋਲੀ ਮਾਰੀ ਗਈ ਜਿਸ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਸ ਘਟਨਾ ਵਿਚ ਸ਼ਾਮਿਲ ਲੋਕਾਂ ਦਾ ਸਬੰਧ ਗੈਰ ਕਾਨੂੰਨੀ ਮੋਟਰਸਾਈਕਲ ਗਿਰੋਹਾਂ ਨਾਲ ਹੋ ਸਕਦਾ ਹੈ। ਬਿਆਨ ਵਿਚ ਇਕ ਹੋਰ ਮੋਟਰ ਸਾਈਕਲ ਗਿਰੋਹ ਵੱਲੋਂ ਕੀਤੀ ਵਾਕਰ ਕਾਊਂਟੀ ਵਿਚ ਅਜਿਹੀ ਹੀ ਇਕ ਹੋਰ ਘਟਨਾ ਦਾ ਜਿਕਰ ਵੀ ਕੀਤਾ ਗਿਆ ਹੈ। ਸ਼ੈਰਿਫ ਦਫਤਰ ਅਨੁਸਾਰ ਏਜੰਸੀਆਂ ਇਨਾਂ ਦੋਨਾਂ ਘਟਨਾਵਾਂ ਵਿਚਾਲੇ ਕੋਈ ਸਬੰਧ ਹੋਣ ਦੀ ਜਾਂਚ ਕਰ ਰਹੀਆਂ ਹਨ। ਬਿਆਨ ਅਨੁਸਾਰ ਇਹ ਘਟਨਾਵਾਂ ਗਿਰੋਹਾਂ ਨਾਲ ਸਬੰਧਤ ਹਨ ਤੇ ਵਿਸ਼ਵਾਸ਼ ਹੈ ਕਿ ਆਮ ਜਨਤਾ ਨੂੰ ਇਸ ਸਮੇ ਕੋਈ ਖਤਰਾ ਨਹੀਂ ਹੈ।

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼-ਦਮਦਮੀ ਟਕਸਾਲ ਟਰੇਸੀ ਦੇ ਨਗਰ ਕੀਰਤਨ ਦੌਰਾਨ ਹਜ਼ਾਰਾਂ ਸੰਗਤਾਂ ਨੇ ਸਮੂਲੀਅਤ ਕੀਤੀ




ਸੈਕਰਾਮੈਂਟੋ ਕੈਲੀਫੋਰਨੀਆ( ਹੁਸਨ ਲੜੋਆ ਬੰਗਾ) : ਅਮਰੀਕਾ'ਚ ਦਮਦਮੀ ਟਕਸਾਲ ਦੇ ਅਸਥਾਨ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ -ਟਰੇਸੀ-ਕੈਲੀਫ਼ੋਰਨੀਆ ਵਿਖੇ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਹਜਾਰਾਂ ਸੰਗਤਾਂ ਦਾ ਗੁਰੂ ਘਰ ਤੇ ਨਗਰ ਕੀਰਤਨ ਚ ਹਾਜਰੀ ਭਰੀ । ਦੋ ਹਫ਼ਤੇ ਦੇ ਸਾਲਾਨਾ ਗੁਰਮਤਿ ਸਮਾਗਮ ਵਿੱਚ ਸਿੱਖ ਪੰਥ ਦੀਆਂ ਮਹਾਨ ਸਖਸ਼ੀਅਤਾਂ ਸ਼ਾਮਿਲ ਹੋਈਆ ਜਿਨ੍ਹਾਂ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ, ਪੰਥ ਦੇ ਸ਼ਿਰੋਮਣੀ ਕੀਰਤਨੀਏ ਭਾਈ ਹਰਜਿੰਦਰ ਸਿੰਘ ਸ਼੍ਰੀ ਨਗਰ ਵਾਲੇ, ਸਿੱਖ ਸਕਾਲਰ ਪੰਥ ਦੇ ਸਿਰਮੌਰ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ , ਭਾਈ ਸਰਬਜੀਤ ਸਿੰਘ ਜੀ ਰੰਗੀਲਾ ਦੁਰਗ ਵਾਲੇ , ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਡੀ ਜਥਾ, ਭਾਈ ਸਿਰੀਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਜਿੰਦਰ ਸਿੰਘ ਦਮਦਮੀ ਟਕਸਾਲ, ਗਿਆਨੀ ਦਿਲਬਾਗ ਸਿੰਘ ਜੀ ਦਮਦਮੀ ਟਕਸਾਲ, ਭਾਈ ਕੁਲਦੀਪ ਸਿੰਘ ਜੀ ਦਮਦਮੀ ਟਕਸਾਲ ਨੇ ਗੁਰੂਜਸ ਸਰਵਣ ਕਰਵਾਇਆ। ਇਸ ਦੌਰਾਨ ਅੰਮ੍ਰਿਤ ਸੰਚਾਰ ਹੋਏ ਜਿਸ ਵਿੱਚ ਬੇਅੰਤ ਸੰਗਤਾਂ ਨੇ ਅੰਮ੍ਰਿਤ ਛੱਕ ਕੇ ਆਪਣੇ ਜੀਵਨ ਨੂੰ ਸਫਲਾ ਕੀਤੀ। ਇਸੇ ਦਿਨ ਹੀ ਸਪੋਰਟਸ ਡੇਅ ਵੀ ਆਯੋਜਿਤ ਕੀਤਾ ਗਿਆ ਜਿਸ ਵਿੱਚ ਹਜਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ । ਛੋਟੇ ਬੱਚਿਆ, ਬੀਬੀਆ ਅਤੇ ਬਜ਼ੁਰਗਾਂ ਦੀਆ ਦੌੜਾਂ ਤੋਂ ਇਲਾਵਾ ਰੱਸਾਕਸ਼ੀ, ਵਾਲੀਬਾਲ ਅਤੇ ਹੋਰ ਰਵਾਇਤੀ ਖੇਡਾਂ ਸਮੇਤ ਸਮਾਪਤੀ ਸਮੇਂ ਗੱਤਕੇ ਦੇ ਜੌਹਰ ਵਿਖਾਏ ਗਏ । ਘੋੜਸਵਾਰਾਂ ਨੇ ਵੀ ਕਰਤਬ ਦਿਖਾਏ। ਨਗਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਤਿਅੰਤ ਸੁੰਦਰ ਨਵੀਂ ਪਾਲਕੀ ਰੂਪ ਫ਼ਲੋਟ ਉੱਪਰ ਸ਼ੁਸ਼ੋਭਿਤ ਸਨ। ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ। ਵੱਖ ਵੱਖ ਲੰਗਰ ਸਟਾਲ ਪਰਿਵਾਰਾਂ ਵਲੋਂ ਸੰਗਤ ਦੀ ਸੇਵਾ ਵਾਸਤੇ ਲਾਏ ਗਏ। ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਬਾਬਾ ਧਰਮ ਸਿੰਘ ਜੀ ਨੇ ਵਿਦਵਾਨਾਂ ਨੂੰ ਸਨਮਾਨਿਤ ਕੀਤਾ। ਗੁਰੂਘਰ ਦੇ ਸੈਕਟਰੀ ਭਾਈ ਦੀਪ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਬਿਲਡਿੰਗ ਦੀ ਜਾਣਕਾਰੀ ਸੰਮੂਹ ਸੰਗਤ ਨਾਲ ਸਾਂਝੀ ਕੀਤੀ ਅਤੇ ਸਮੂੰਹ ਸੰਗਤ, ਕੀਰਤਨੀਆ, ਵਿਦਵਾਨਾਂ ਅਤੇ ਵੱਖ ਵੱਖ ਸੇਵਾਵਾਂ ਨਿਭਾਉਣ ਵਾਲੇ ਸਭ ਸੇਵਾਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਗਤਾਂ ਦੀ ਸੇਵਾ ਲਈ ਬਹੁਤ ਹੀ ਸੁਚੱਜੇ ਪ੍ਰਬੰਧ ਕੀਤੇ ਗਏ ਸਨ।




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਅਸੀਂ ਉਨ੍ਹਾਂ ਦੇ ਇਸ ਹਫਤੇ ਤੋਂ ਲਗਾਤਾਰ ਆਰਟੀਕਲ ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਸਾਨੂੰ ਯਕੀਨ ਹੈ ਕਿ ਪਾਠਕ ਇਸਨੂੰ ਪੜ੍ਹਕੇ ਕੌਮ ਦੇ ਸੁਨਹਿਰੀ ਭਵਿੱਖ ਬਾਰੇ ਸੋਚਣਗੇ ਅਤੇ ਏਕਤਾ ਅਤੇ ਸਮੇਂ ਸਿਰ ਠੀਕ ਫੈਸਲੇ ਲੈਣ ਲਈ ਪ੍ਰੇਰਤ ਕਰਨਗੇ : ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਜਹਾਂ ਜਹਾਂ ਖਾਲਸਾ ਜੀ ਸਾਹਿਬ !!!

ਰਾਇ ਭੋਇ ਦੀ ਭਾਗਾਂ ਭਰੀ ਧਰਤੀ ਤਲਵੰਡੀ ਤੋਂ ਦੀ ਕੱਤਕ ਪੁੰਨਿਆ ਦੀ ਰਾਤ ਨੂੰ ਸੱਚ ਦਾ ਮਾਹੇ ਮੁਨੀਰ ਇਕ ਐਸਾ ਆਫ਼ਤਾਬ, ਸੂਰਜ ਚੜ੍ਹਿਆ ਜਿਸ ਨੇ ਸਾਰੇ ਜਗਤ ਦੀ ਅਗਿਆਨਤਾ ਦੀ ਧੁੰਧ ਅਤੇ ਹਨ੍ਹੇਰੇ ਨੂੰ ਚੀਰ ਕੇ ਸ਼ਬਦ ਪ੍ਰਕਾਸ਼ ਨਾਲ ਰੁਸ਼ਨਾਇਆ। 'ਮੇਰੇ ਚੋਜੀ ਗੁਰੂ ਬਾਬੇ' ਦੀ ਗਿਆਨ ਖੜਗ ਨੇ ਸਾਰੇ ਜਗਤ ਦੇ ਭਰਮ, ਵਹਿਮ, ਭੈਅ, ਪਾਖੰਡ ਨੂੰ ਤਾਰ-ਤਾਰ ਕੇ 'ਜਿਨਿ ਮਾਣਸ ਤੇ ਦੇਵਤੇ ਕੀਏ' ਦਾ ਕੌਤਕ ਪ੍ਰਤੱਖ ਕਰ ਵਿਖਾਇਆ। ਕਮਾਨ 'ਚੋਂ ਨਿਕਲਿਆ ਤੀਰ ਅਤੇ ਜ਼ਬਾਨ 'ਚੋਂ ਨਿਕਲੇ ਸ਼ਬਦ ਵਾਪਸ ਨਹੀਂ ਮੁੜਦੇ। ਕਈ ਵਾਰ ਤਾਂ ਇਹ ਆਖ਼ਿਰ ਇਤਿਹਾਸ ਦਾ ਹਿੱਸਾ ਬਣ ਨਿਬੜਦੇ ਹਨ ਤੇ 'ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ...' ਵਾਲੀ ਹਾਲਤ ਪੈਦਾ ਕਰ ਦਿੰਦੇ ਹਨ। ਭਾਰਤ ਦੇ 'ਰਾਸ਼ਟਰ ਪਿਤਾ' ਮਹਾਤਮਾ ਗਾਂਧੀ ਨੇ ਵੀ ਇਕ ਵਾਰ 'ਸੱਚੇ ਪਿਤਾ' ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਗੁੰਮਰਾਹ ਦੇਸ਼ ਭਗਤ' ਕਹਿ ਕੇ ਮੁਖਾਤਬ ਕੀਤਾ ਸੀ। ਵਿਦਿਆਧਰ ਸਿਰਦਾਰ ਕਪੂਰ ਸਿੰਘ ਨੇ ਇਸ ਦਾ ਵਿਸ਼ਲੇਸ਼ਣ ਕਰਦਿਆਂ 'ਮਹਾਤਮਾ ਜੀ' ਨੂੰ ਯਾਦ ਕਰਾਇਆ ਸੀ ਕਿ ਗੁਰੂ ਸਾਹਿਬ ਗੁੰਮਰਾਹ ਸਨ ਕਿ ਨਹੀਂ ਇਸ ਬਾਰੇ ਨਹੀਂ ਸਕਦੇ, ਅਲਬਤਾ ਉਹ 'ਦੇਸ਼ ਭਗਤ' ਨਹੀਂ ਸਨ। ਇਸ ਦੀ ਵਿਆਖਿਆ ਕਰਦਿਆਂ 'ਸਿਰਦਾਰ' ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਕਿਸੇ ਦੇਸ਼ ਜਾਂ ਭੂਗੋਲਿਕ ਹੱਦਬੰਦੀ ਵਿਚ ਨਹੀਂ ਬੰਨ੍ਹਿਆ। ਉਹ ਤਾ ਸਾਰੇ ਜਗਤ ਦੇ ਹੀ ਨਹੀਂ ਬਲਕਿ ਜ਼ਿਮੀ-ਉ-ਜ਼ਮਾਨ ਦੇ ਸੱਚੇ ਪਾਤਸ਼ਾਹ ਹਨ। ਗੁਰੂ ਸਾਹਿਬ ਦੀ ਸੋਚ ਨੂੰ ਕਿਸੇ ਭੂਗੋਲਿਕ ਹੱਦਬੰਦੀ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਉਨ੍ਹਾਂ ਦੇ ਹੁਕਮ ਨਾ ਤਾਂ ਸਮਾਂਬੱਧ ਹਨ ਤੇ ਨਾ ਹੀ ਸੀਮਾਬੱਧ।

ਗੁਰੂ ਨਾਨਕ ਸਾਹਿਬ ਦਾ ਜਿਸ ਸਮੇਂ ਪ੍ਰਕਾਸ਼ ਹੋਇਆ ਉਸ ਸਮੇਂ ਦੇ ਹਾਲਾਤ ਨੂੰ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਨਿਵਾਜੇ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ 21ਵੀਂ ਪਉੜੀ ਵਿਚ ਕਲਮਬੱਧ ਕੀਤਾ :

**ਚਾਰਿ ਵਰਨਿ ਚਾਰਿ ਮਜਹਬਾਂ**
**ਜਗਿ ਵਿਚਿ ਹਿੰਦੂ ਮੁਸਲਮਾਣੇ॥**
**ਖੁਦੀ ਬਖੀਲੀ ਤਕਬਰੀ**
**ਖਿੰਚੋਤਾਣਿ ਕਰਨਿ ਧਿਙਾਣੇ॥**
**ਗੰਗ ਬਨਾਰਸਿ ਹਿੰਦੂਆਂ**
**ਮਕਾ ਕਾਬਾ ਮੁਸਲਮਾਣੇ॥**
**ਸੁੰਨਤਿ ਮੁਸਲਮਾਣ ਦੀ ਤਿਲਕ**
**ਜੰਞੂ ਹਿੰਦੂ ਲੋਭਾਣੇ॥**
**ਰਾਮ ਰਹੀਮ ਕਹਾਇਦੇ**
**ਇਕੁ ਨਾਮੁ ਦੁਇ ਰਾਹ ਭੁਲਾਣੇ॥**
**ਬੇਦ ਕਤੇਬ ਭੁਲਾਇ ਕੈ ਮੋਹੇ**
**ਲਾਲਚ ਦੁਨੀ ਸੈਤਾਣੇ॥**
**ਸਚੁ ਕਿਨਾਰੇ ਰਹਿ ਗਇਆ**
**ਖਹਿ ਮਰਦੇ ਬਾਮ੍ਹਣਿ ਮਉਲਾਣੇ॥**
**ਸਿਰੋ ਨ ਮਿਟੇ ਆਵਣਿ ਜਾਣੇ॥ ੨੧॥**

ਧਰਮ, ਫ਼ਲਸਫ਼ੇ ਅਤੇ ਰੂਹਾਨੀਅਤ ਲਈ ਪੁਰ ਜ਼ਰਖੇਜ਼ ਅਤੇ ਉਪਜਾਊ ਏਸ਼ੀਆ ਮਹਾਂਦੀਪ ਦੀ ਇਸ ਧਰਤੀ ਨੇ 'ਵਸੁਧੇਵ ਕਟੁੰਬਕਮ' ਯਾਨਿ 'ਸਾਰਾ ਜਗਤ ਇਕ ਪਰਿਵਾਰ ਹੈ' ਦਾ ਨਾਅਰਾ ਦਿੱਤਾ। ਦੂਸਰੇ ਪਾਸੇ ਇਥੇ ਇਸਲਾਮ ਦੇ ਫ਼ਲਸਫ਼ੇ ਦੀ ਅਵਾਜ਼ 'ਰੱਬੁਲ ਅਲਾਮੀਨ' ਯਾਨਿ ਕਿ 'ਸਾਰੇ ਸੰਸਾਰ ਦਾ ਰੱਬ ਇਕ ਹੈ' ਵੀ ਗੂੰਜੀ। ਜੇ ਇਨ੍ਹਾਂ ਮਹਾਨ ਸੁਨੇਹਿਆਂ ਨੂੰ ਇਨ੍ਹਾਂ ਦੇ ਅਲੰਬਰਦਾਰਾਂ ਨੇ ਖ਼ੁਦ ਅਮਲ ਵਿਚ ਲਿਆਇਆ ਹੁੰਦਾ ਤਾਂ ਵਾਤਾਵਰਣ, ਖਿਜ਼ਾ ਅਤੇ ਫ਼ਿਜ਼ਾ ਖੁਸ਼ਗਵਾਰ ਅਤੇ ਹਲੀਮੀ ਰਾਜ ਵਾਲੀ ਹੋਣੀ ਸੀ। ਪਰ ਇਨਸਾਨੀਅਤ ਦੀ ਬਦਕਿਸਮਤੀ ਕਿ ਇਹ ਦੋ ਫ਼ਲਸਫ਼ੇ ਮਿਲਣ ਦੀ ਬਜਾਇ ਟਕਰਾਅ ਵੱਲ ਤੁਰ ਪਏ। ਅੰਤਰਮੁਖੀ ਭਾਰਤੀ ਵਾਸੀਆਂ ਨੇ ਇਸ ਦੇਸ਼ ਨੂੰ 'ਦੇਵ ਭੂਮੀ' ਅਤੇ ਇਥੋਂ ਦੀ ਭਾਸ਼ਾ ਨੂੰ 'ਦੇਵ ਭਾਸ਼ਾ' ਹੀ ਨਹੀਂ ਐਲਾਨਿਆ ਬਲਕਿ ਇਸ ਦੀ ਸਰਹੱਦ ਤੋਂ ਪਾਰ ਵਸਦੇ 'ਵਸੁਧੇਵ ਕਟੁੰਬਕਮ' ਨੂੰ 'ਮਲੇਛ ਭੂਮੀ' ਅਤੇ ਉਨ੍ਹਾਂ ਦੀ ਭਾਸ਼ਾ ਨੂੰ 'ਮਲੇਛ ਭਾਸ਼ਾ' ਤੱਕ ਕਹਿ ਦਿੱਤਾ।

ਇਸ ਹਾਲਾਤ ਅਤੇ ਪਿਛੋਕੜ ਵਿਚ **'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥' ਕਰਤਾ ਪੁਰਖ ਦੇ ਨਿੱਜ ਸਰਗੁਣ ਸਰੂਪ ਬਾਬੇ ਨੇ 'ਦੇ ਲੰਮੀ ਨਦਰਿ ਨਿਹਾਲੀਐ॥ ਨਾਲ ਜਗਤ ਨੂੰ ਵਾਚਿਆ।** ਆਪ ਲਈ ਤਾਂ :

**ਪਉਣੁ ਗੁਰੂ ਪਾਣੀ ਪਿਤਾ ਜਾਤਾ॥**
**ਉਦਰ ਸੰਜੋਗੀ ਧਰਤੀ ਮਾਤਾ॥**
**ਰੈਣਿ ਦਿਨਸੁ ਦੁਇ ਦਾਈ**
**ਦਾਇਆ ਜਗੁ ਖੇਲੈ ਖੇਲਾਈ ਹੇ॥**

ਉਸ ਤਥਾ ਕਥਿਤ 'ਮਲੇਛ ਦੇਸ਼' ਦੀ ਜ਼ਿਆਰਤ ਕੀਤੀ ਅਤੇ 'ਮਲੇਛ ਭਾਸ਼ਾ' ਵਿਚ ਰੱਬੀ ਕਲਾਮ ਨੂੰ ਗਾਇਆ। ਹੁਣ ਉਹ ਦੇਸ਼ ਅਤੇ ਭੂਮੀਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ॥ ਹੋ ਗਈ। ਆਰੀਆਵਰਤ ਜਾਂ ਭਾਰਤ ਭੂਮੀ ਤੋਂ ਪਰੇ ਦੀ ਧਰਤੀ ਵੀ ਉਸੇ ਕਰਤਾ ਪੁਰਖ ਦੀ ਸਾਜੀ ਹੈ, ਉਤਨੀ ਹੀ ਪਵਿੱਤਰ ਹੋ ਗਈ। ਸ਼ਾਇਦ ਇਸੇ ਲਈ ਬਾਬਾ ਜੀ ਨੇ ਭਲੇ ਪੁਰਖਾਂ ਦੇ ਪਿੰਡ ਵਾਸੀਆਂ ਨੂੰ 'ਉਜੜ ਜਾਣ' ਦਾ ਵਰ ਦਿੱਤਾ ਅਤੇ ਮਾੜਿਆਂ ਨੂੰ 'ਵੱਸਦੇ ਰਹਿਣ' ਦੇ ਹੁਕਮ ਦਿੱਤਾ।

ਇਸ ਗੱਲ ਨੂੰ ਅੱਗੇ ਤੋਰਦਿਆਂ ਗੁਰੂ ਅਰਜਨ ਪਾਤਸ਼ਾਹ ਨੇ ਵੀ ਭਾਈ ਗੁਰਦਾਸ ਜੀ ਨੂੰ ਘੋੜੇ ਖਰੀਦਣ ਲਈ ਕਾਬਲ ਭੇਜਿਆ। ਹੁਣ ਸਰਹੱਦੀ ਹੱਦਬੰਦੀਆਂ ਨਾ ਤਾਂ ਬਾਬਾ ਜੀ ਨੂੰ ਹੀ ਬੰਨ੍ਹ ਸਕੀਆਂ ਅਤੇ ਨਾ ਹੀ ਉਨ੍ਹਾਂ ਦੀ ਉਮਤ ਨੂੰ।

ਪਰ ਇਸ ਦੇ ਨਾਲ ਹੀ ਇਕ ਗੱਲ ਵਿਚਾਰਨ ਵਾਲੀ ਹੈ ਕਿ ਸਿੱਖ ਨੇ ਹਿਜਰਤ ਕਰਨੀ ਹੈ, ਦੂਰ ਦੁਰੇਡੇ ਦੇਸ-ਦੇਸਾਂਤਰਾਂ ਨੂੰ ਆਪਣਾ ਘਰ ਬਣਾਨਾ ਹੈ ਪਰ ਆਪਣੇ ਧੁਰੇ ਅਤੇ ਮਰਕਜ਼ ਨੂੰ ਕਦਾਚਿਤ ਨਹੀਂ ਵਿਸਾਰਨਾ। ਇਸੇ ਲਈ ਤਾਂ ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ ਦੀ ਰੋਜ਼ ਸਵੇਰੇ ਸ਼ਾਮ ਸਿੱਖ ਦੀ ਜੋੜਦੀ ਹੈ 'ਸ੍ਰੀ ਅੰਮ੍ਰਿਤਸਰ ਜੀ ਕੇ ਇਸ਼ਨਾਨ'। ਸਿੱਖ ਨੂੰ ਸਿੰਘ ਬਣਾਣ ਸਮੇਂ ਵੀ ਚਿਤਾਇਆ ਜਾਂਦਾ ਹੈ ਕਿ 'ਵਾਸੀ ਤੁਸੀਂ ਆਨੰਦਪੁਰ ਸਾਹਿਬ ਦੇ ਹੋ।' ਇਸ ਸੁਨੇਹੇ ਦੀ ਗੰਭੀਰਤਾ ਅਤੇ ਅਮਲ ਨੂੰ ਸਮਝਣ ਦੀ ਲੋੜ ਅੱਜ ਪਹਿਲੇ ਨਾਲੋਂ ਵੱਧ ਹੈ ਕਿਉਂਕਿ ਸਿੱਖ ਦੀ ਹੋਂਦ ਉਸ ਦੇ ਸਰੂਪ 'ਤੇ ਨਿਰਭਰ ਹੈ। ਸਿੱਖੀ ਅਤੇ ਸਿੱਖ ਤਾਂ ਆਲਮੀ ਹੈ। ਇਹ ਕਿਸੇ ਵਿਸ਼ੇਸ਼ ਰਾਸ਼ਟਰ, ਖਿਤੇ ਜਾਂ ਇਲਾਕੇ ਦੀ ਨਹੀਂ ਹੋ ਸਕਦੀ। 'ਰਾਸ਼ਟਰੀ ਸਿੱਖ ਸੰਗਤ' ਨਾਮ ਤੋਂ ਇਸੇ ਲਈ ਸਿੱਖਾਂ ਨੂੰ ਇਤਰਾਜ਼ ਹੈ।

ਅੰਗਰੇਜ਼ਾਂ ਨੇ ਸਾਰੇ ਸੰਸਾਰ 'ਤੇ ਰਾਜ ਕੀਤਾ ਹੈ ਅਤੇ ਉਨ੍ਹਾਂ ਦੇ ਰਾਜ ਦਾ ਸੂਰਜ ਕਦੀ ਗ਼ਰੂਬ ਨਹੀਂ ਸੀ ਹੁੰਦਾ। ਭਾਰਤ 'ਤੇ ਵੀ ਅੰਗਰੇਜ਼ ਹਾਕਮ ਰਹੇ ਪਰ ਇਥੋਂ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚ ਉਨ੍ਹਾਂ ਨੇ ਆਪਣੇ ਘਰ ਨਹੀਂ ਬਣਾਏ। ਜਿੰਨੀ ਦੇਰ ਰਾਜ ਕੀਤਾ ਹਾਕਮ ਦੇ ਤੌਰ 'ਤੇ ਵਿਚਰੇ ਅਤੇ ਸੇਵਾ ਮੁਕਤ ਹੋ ਕੇ ਰਿਹਾਇਸ਼ ਵਿਲਾਇਤ ਵਿਚ ਹੀ ਬਣਾਈ। ਭਾਰਤ ਦੀਆਂ ਸਰਹੱਦਾਂ ਅਤੇ ਅਜ਼ਮਤ ਲਈ ਸਭ ਕੁਝ ਵਾਰਨ ਦੇ ਬਾਵਜੂਦ ਸਿੱਖਾਂ ਨੂੰ ਵਾਰ ਵਾਰ 'ਸੀਤਾ' ਦੀ ਤਰ੍ਹਾਂ ਅਗਨੀ ਪ੍ਰੀਖਿਆ ਲਈ ਕਿਹਾ ਜਾਂਦਾ ਰਿਹਾ ਹੈ ਕਿ ਉਹ ਸਪਸ਼ਟ ਕਰਨ ਕਿ ਉਨ੍ਹਾਂ ਲਈ ਪਹਿਲਾਂ ਦੇਸ਼ ਹੈ ਜਾਂ ਧਰਮ? ਇਹ ਸਵਾਲ ਹੀ ਲਿਰਾਰਥਕ ਹੈ। ਦੇਸ਼ ਅਤੇ ਧਰਮ ਇਕ ਦੂਸਰੇ ਦੇ ਬਦਲ ਨਹੀਂ ਹੋ ਸਕਦੇ। ਮਾਸਟਰ ਤਾਰਾ ਸਿੰਘ ਦੇ ਵਿਚਾਰ ਇਸ ਬਾਰੇ ਸਪਸ਼ਟ ਸਨ ਕਿ ਮਹਾਰਾਣਾ ਪ੍ਰਤਾਮ ਨੇ ਆਪਣਾ ਧਰਮ ਬਚਾਣ ਲਈ ਆਪਣੇ ਦੇਸ਼ ਦਾ ਤਿਆਗ ਕੀਤਾ, ਉਨ੍ਹਾਂ ਨੂੰ ਦੇਸ਼ ਭਗਤ ਕਿਹਾ ਗਿਆ। ਦੂਸਰੇ ਪਾਸੇ ਰਾਜਾ ਮਾਨ ਸਿੰਘ ਨੇ ਧਰਮ ਤਿਆਗ ਕੇ ਦੇਸ਼ ਕਾਇਮ ਰੱਖਿਆ, ਉਸ ਨੂੰ ਦੇਸ਼ ਧ੍ਰੋਹੀ ਗਰਦਾਨਿਆ ਗਿਆ। ਮਾਸਟਰ ਜੀ ਮੁਤਾਬਿਕ ਉਨ੍ਹਾਂ ਦਾ ਦੇਸ਼ ਉਹ ਹੈ ਜਿਥੇ ਉਨ੍ਹਾਂ ਦਾ ਧਰਮ ਸੁਰੱਖਿਅਤ ਹੈ। ਧਰਮ ਦੀ ਖਾਤਿਰ ਉਹ ਦੇਸ਼ ਛੱਡ ਸਕਦੇ ਹਨ ਪਰ ਦੇਸ਼ ਦੀ ਖਾਤਿਰ ਧਰਮ ਦਾ ਤਿਆਗ ਨਹੀਂ ਕਰ ਸਕਦੇ।

ਸਿੱਖ ਲਈ ਉਨ੍ਹਾਂ ਦੇ ਵੱਸਣ ਵਾਲਾ ਦੇਸ਼ ਪਵਿੱਤਰ ਹੈ ਅਤੇ ਇਸਦੀ ਹਿਫਾਜ਼ਤ ਉਨ੍ਹਾਂ ਦਾ ਫਰਜ਼ ਹੈ। ਇਹ ਪ੍ਰੇਰਨਾ ਉਸ ਨੂੰ ਆਪਣੇ ਧਾਰਮਿਕ ਵਿਰਸੇ 'ਚੋਂ ਹੀ ਪ੍ਰਾਪਤ ਹੁੰਦੀ ਹੈ। ਅੰਗਰੇਜ਼ਾਂ ਨੇ ਇਸ ਨੂੰ ਬਾਖੂਬੀ ਪਛਾਣਿਆ ਅਤੇ ਵਰਤਿਆ। ਉਨ੍ਹਾਂ ਨੇ ਸਿੱਖ ਫੌਜੀਆਂ ਨੂੰ ਆਪਣੇ ਧਰਮ ਵਿਚ ਪ੍ਰਪੱਕ ਕੀਤਾ, ਫੌਜੀਆਂ ਲਈ ਅੰਮ੍ਰਿਤਪਾਨ ਲਾਜ਼ਮੀ ਕਰਾਰ ਦਿੱਤਾ ਅਤੇ ਫਿਰ ਉਨ੍ਹਾਂ ਤੋਂ ਵਤਨ ਦੀ ਹਿਫਾਜ਼ਤ ਦਾ ਪ੍ਰਣ ਲਿਆ।

ਇਹ ਇਕ ਇਤਿਹਾਸਕ ਅਤੇ ਤਲਖ ਸੱਚਾਈ ਹੈ ਕਿ ਵਜ੍ਹਾ ਭਾਵੇਂ ਜੋ ਵੀ ਹੋਵੇ ਕਦੇ ਵੀ ਲਗਾਤਾਰ ਪੰਜਾਹ ਸਾਲ ਦਾ ਵਕਫ਼ਾ ਨਹੀਂ ਲੰਘਿਆ ਜਦੋਂ ਪੰਜਾਬ ਦੀਆਂ ਹੱਦਾਂ ਨਹੀਂ ਬਦਲੀਆਂ। 1947 ਅਤੇ 1984 ਦੀ ਹਿਜਰਤ ਵੀ ਕੇਵਲ ਆਪਣਾ ਧਰਮ ਅਤੇ ਸਿੱਖੀ ਸਰੂਪ ਬਚਾਣ ਲਈ ਸੀ। ਸੋ ਹੁਣ ਵੀ 'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ' ਦੀ ਅਰਦਾਸ ਮੁਤਾਬਕ ਸਿੱਖ ਜਿਥੇ ਵੀ ਰਹਿਣ ਉਹ ਆਪਣੀ ਖੁਸ਼ਬੂ ਵੰਡਣ ਪਰ ਗੁਰੂ ਦੀ ਬਖਸ਼ੀ ਸਿੱਖੀ ਸਰੂਪ, ਵਿਰਸਾ ਅਤੇ ਵਿਰਾਸਤ ਦੀ ਅਮਾਨਤ ਨੂੰ ਸਾਂਭ ਕੇ ਰੱਖਣ। ਇਹ ਆਸ ਅਤੇ ਅਰਦਾਸ ਹੈ।

# ਫਰਿਜ਼ਨੋ ਵਿਖੇ ਵਿਸਾਖੀ ਨੂੰ ਸਮਰਪਿਤ ਸੱਭਿਆਚਾਰ ਪ੍ਰੋਗਰਾਮ ਦੌਰਾਨ ਗੀਤਕਾਰ ਜਸਬੀਰ ਗੁਣਾਚੌਰੀਆ ਸਣੇ ਨਾਮਵਰ ਸ਼ਖ਼ਸੀਅਤਾਂ ਨੂੰ ਕੀਤਾ ਸਨਮਾਨਿਤ





ਫਰਿਜ਼ਨੋ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਫਰਿਜ਼ਨੋ ਦੇ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਲੰਘੇ ਸ਼ੁੱਕਰਵਾਰ ਸਮੂੰਹ ਯਾਰਾ ਦੋਸਤਾਂ ਦੇ ਸਹਿਯੋਗ ਨਾਲ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੱਲੋਂ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਰੱਖਿਆ ਗਿਆ, ਜਿੱਥੇ ਗੀਤਕਾਰ ਜਸਬੀਰ ਗੌਣਾਚੌਰੀਆ ਨੂੰ ਉਹਨਾਂ ਦੀ ਸਾਫ਼ ਸੁੱਥਰੀ ਗੀਤਕਾਰੀ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੇਡਾਂ ਵਿੱਚ ਪੰਜਾਬੀਅਤ ਦਾ ਨਾਮ ਚਮਕਾਉਣ ਲਈ ਗੁਰਬਖਸ਼ ਸਿੰਘ ਸਿੱਧੂ ਨੂੰ ਵੀ ਸਨਮਾਨ ਦਿੱਤਾ ਗਿਆ। ਮਿਊਜਕ ਇੰਡਸਟਰੀ ਵਿੱਚ ਚੰਗੀ ਜਗ੍ਹਾ ਬਣਾ ਚੁੱਕੇ ਪੱਪੀ ਭਦੌੜ ਨੂੰ ਵੀ ਸਨਮਾਨ ਦਿੱਤਾ ਗਿਆ। ਇਸ ਮੌਕੇ ਕਵਿੱਤਰੀ ਡਾ. ਮਨਰੀਤ ਕੌਰ ਗਰੇਵਾਲ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਫਰਿਜ਼ਨੋ ਦੀਆਂ ਸਿਰਕੱਢ ਸ਼ਖ਼ਸੀਅਤਾਂ ਨੇ ਹਾਜ਼ਰੀ ਭਰਕੇ ਮਹਿਫ਼ਲ ਨੂੰ ਹੋਰ ਚਾਰ ਚੰਨ ਲਾਏ। ਇਹ ਸਮਾਗਮ ਖ਼ਾਸ ਕਰਕੇ ਗੀਤਕਾਰ ਜਸਬੀਰ ਗੁਣਾਚੌਰੀਆ ਲਈ ਉਲੀਕਿਆ ਗਿਆ ਸੀ, ਉਹਨਾਂ ਉਚੇਚੇ ਤੌਰ ਤੇ ਕਨੇਡਾ ਤੋਂ ਚੱਲਕੇ ਇਸ ਸਮਾਗਮ ਵਿੱਚ ਹਾਜ਼ਰੀ ਭਰੀ। ਇਹ ਸਮਾਗਮ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਰਿਹਾ। ਪਤਵੰਤਿਆਂ ਨਾਲ ਖਚਾ ਖੱਚ ਭਰੇ ਹਾਲ ਅੰਦਰ ਗੀਤਕਾਰ ਜਸਬੀਰ ਗੁਣਾਚੌਰੀਆ, ਗਾਇਕ ਧਰਮਵੀਰ ਥਾਂਦੀ, ਬਹਾਦਰ ਸਿੱਧੂ, ਅਵਤਾਰ ਗਰੇਵਾਲ, ਕਮਲਜੀਤ ਬੈਨੀਪਾਲ, ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ, ਗੈਰੀ ਢਿੱਲੋਂ, ਡਾ. ਮਨਰੀਤ ਗਰੇਵਾਲ, ਗੋਗੀ ਸੰਧੂ, ਪੱਪੀ ਭਦੌੜ, ਅਨਮੋਲ ਗਰੇਵਾਲ ਆਦਿ ਨੇ ਐਸਾ ਸਮਾਂ ਬੰਨਿਆ ਕਿ ਹਰ ਕੋਈ ਸਾਹ ਰੋਕਕੇ ਪ੍ਰੋਗਰਾਮ ਦਾ ਅਨੰਦ ਮਾਣਦਾ ਨਜ਼ਰ ਆਇਆ। ਪੀਸੀਏ ਮੈਂਬਰ ਸੁਖਬੀਰ ਭੰਡਾਲ ਨੇ ਵਿਸਾਖੀ ਦੇ ਦਿਹਾੜੇ ਦੀ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਮਹੱਤਤਾ ਬਾਰੇ ਗੱਲਬਾਤ ਕੀਤੀ। ਖਾਲੜਾ ਪਾਰਕ ਵਾਲੇ ਬਾਬਿਆਂ ਨੇ ਉਚੇਚੇ ਤੌਰਤੇ ਹਾਜ਼ਰੀ ਭਰੀ। ਇਸ ਮੌਕੇ ਚਰਨਜੀਤ ਸਿੰਘ ਬਾਠ ਜਸਬੀਰ ਗੁਣਾਚੌਰ ਦੀ ਗੀਤਕਾਰੀ ਦੀ ਤਰੀਫ਼ ਕਰਦਿਆਂ ਕਿਹਾ ਕਿ ਜਸਬੀਰ ਗੁਣਾਚੌਰ ਨੇ ਦਰਜਨਾਂ ਹਿੱਟ ਗੀਤ ਪੰਜਾਬੀ ਮਾਂ ਬੋਲੀ ਦੀ ਝੋਲ੍ਹੀ ਪਾਏ 'ਤੇ ਬਹੁਤ ਸਾਰੇ ਗਾਇਕ ਉਹਨਾਂ ਦੇ ਗੀਤ ਗਾਕੇ ਸਟਾਰ ਬਣ ਗਏ। ਇਸ ਮੌਕੇ ਟਰਾਂਸਪੋਰਟਰ ਖੁਸ਼ ਧਾਲੀਵਾਲ, ਮਿੰਟੂ ਉੱਪਲੀ, ਸਤਨਾਮ ਪ੍ਰਧਾਨ, ਨਾਜ਼ਰ ਸਿੰਘ ਸਹੋਤਾ, ਗੁਰਪ੍ਰੀਤ ਦੌਧਰ, ਨੀਟੂ ਵੜਿਆਲ, ਜਸਪਾਲ ਧਾਲੀਵਾਲ, ਜਗਦੀਪ ਸਿੰਘ, ਜੱਸੀ ਸਟੋਨ ਟਰੱਕਿੰਗ, ਇੰਡੋ ਯੂ. ਐਸ. ਏ. ਐਸੋਸੀਏਸ਼ਨ, ਇੰਡੋ ਅਮੈਰਕਿਨ ਹੈਰੀਟੇਜ, ਪੀਸੀਏ, ਜੀ. ਐਚ. ਜੀ., ਵਿਰਸਾ ਫਾਊਡੇਸ਼ਨ ਸੰਸਥਾਵਾਂ ਅਤੇ ਵਾਲੀਵਾਲ ਕਲੱਬ ਫਰਿਜ਼ਨੋ ਆਦਿ ਦੇ ਮੈਂਬਰਾ ਤੋ ਬਿਨਾ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰਕੇ ਇਸ ਸਮਾਗਮ ਨੂੰ ਕਾਮਯਾਬ ਬਣਾਇਆ।

# ਕੈਲੀਫੋਰਨੀਆ ਦੀ ਹਜ਼ਾਰਾਂ ਏਕੜ ਖੇਤੀਬਾੜੀ ਵਾਲੀ ਜ਼ਮੀਨ 'ਤੇ ਫਿਰ ਰਿਹਾ ਹੈ ਹੜ ਦਾ ਪਾਣੀ

## ਬਰਫ ਪਿਘਲਣ ਕਾਰਨ ਸਮੱਸਿਆ ਹੋ ਜਾਵੇਗੀ ਹੋਰ ਗੰਭੀਰ




ਕੈਲੀਫੋਰਨੀਆ ਦੇ ਕੋਰਕੋਰਨ ਸ਼ਹਿਰ ਨੇੜੇ ਟੁਲੇਰ ਨਦੀ ਵਿਚ ਫਿਰ ਰਿਹਾ ਹੜ ਦਾ ਪਾਣੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਸਰਦ ਰੁੱਤ ਦੌਰਾਨ ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਮੌਸਮ ਦੇ ਬਦਲੇ ਮਿਜ਼ਾਜ ਨੇ ਹੋਰ ਲੋਕਾਂ ਦੇ ਨਾਲ- ਨਾਲ ਕਿਸਾਨਾਂ ਲਈ ਬੇਸ਼ੁਮਾਰ ਸਮੱਸਿਆਵਾਂ ਪੈਦ ਕੀਤੀਆਂ ਹਨ। ਪਿਛਲੇ ਸਮੇ ਵਿਚ ਮੋਹਲੇਧਾਰ ਪਈ ਬਾਰਿਸ਼ ਕਾਰਨ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਵਿਚ ਖੇਤੀਬਾੜੀ ਵਾਲੀ ਜ਼ਮੀਨ ਪਾਣੀ ਦੀ ਮਾਰ ਹੇਠ ਆ ਗਈ ਹੈ। ਜਿਥੋਂ ਤੱਕ ਨਜਰ ਜਾਂਦੀ ਹੈ ਪਾਣੀ ਹੀ ਪਾਣੀ ਵਿਖਾਈ ਦਿੰਦਾ ਹੈ। ਸੜਕਾਂ, ਫਸਲਾਂ, ਘਰ ਤੇ ਹੋਰ ਇਮਾਰਤਾਂ ਪਾਣੀ ਦੀ ਲਪੇਟ ਵਿਚ ਹਨ। ਇਕ ਨਦੀ ਜਿਸ ਦਾ ਵਜੂਦ ਦਹਾਕਾ ਪਹਿਲਾਂ ਖਤਮ ਹੋ ਗਿਆ ਸੀ , ਪੁਨਰ ਜੀਵਿਤ ਹੋ ਗਈ ਹੈ। ਸੀਏਰਾ ਨੇਵਾਡਾ ਵਿਚ ਸਰਦ ਰੁੱਤ ਦੌਰਾਨ ਬਰਫ਼ ਦੇ ਲੱਗੇ ਢੇਰ ਸਥਿੱਤੀ ਨੂੰ ਹੋਰ ਮੁਸ਼ਕਿਲ ਬਣਾ ਦੇਣਗੇ। ਗਰਮੀਆਂ ਦੌਰਾਨ ਜਦੋਂ ਇਹ ਪਿਘਲਣਗੇ ਤਾਂ ਹੜ ਦਾ ਆਕਾਰ ਵਧ ਕੇ ਤਿੰਨ ਗੁਣਾ ਹੋ ਜਾਵੇਗਾ। ਹੋਰ ਜ਼ਮੀਨ ਪਾਣੀ ਦੀ ਮਾਰ ਹੇਠ ਆ ਜਾਵੇਗੀ ਜਿਸ ਕਾਰਨ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਹੈ। ਸਥਾਨਕ ਵਾਸੀਆਂ ਦਾ ਕਹਿਣਾ ਹੈ ਕਿ "ਕਪਾਹ ਤੇ ਲੂਸਰਨ (ਅਲਫਾਲਫਾ) ਦੀ ਫਸਲ ਤਬਾਹ ਹੋ ਗਈ ਹੈ ਜਿਸ ਕਾਰਨ ਬਹੁਤ ਸਾਰੇ ਲੋਕਾਂ ਦਾ ਰੁਜ਼ਗਾਰ ਖਤਮ ਹੋ ਗਿਆ ਹੈ। ਇਥੋਂ ਕੈਲੀਫੋਰਨੀਆ ਦੇ ਉਪਰਲੇ ਤੇ ਹੇਠਲੇ ਖੇਤਰਾਂ ਵਿਚ ਅਨਾਜ਼ ਦੀ ਪੂਰਤੀ ਹੁੰਦੀ ਹੈ ਜੋ ਹੁਣ ਨਹੀਂ ਹੋਵੇਗੀ। ਇਹ ਬਹੁਤ ਭਿਆਨਕ ਦ੍ਰਿਸ਼ ਹੈ।" ਮਿਸੀਸਿੱਪੀ ਦੇ ਪੱਛਮ ਵਿਚ ਟੁਲੇਰ ਨਦੀ ਜੋ ਕਿਸੇ ਵੇਲੇ ਲੋਕਾਂ ਲਈ ਤਾਜ਼ੇ ਪਾਣੀ ਦਾ ਵੱਡਾ ਸਾਧਨ ਹੁੰਦੀ ਸੀ, ਸੁੱਕ ਗਈ ਸੀ ਤੇ ਲੋਕ ਉਥੇ ਫਸਲਾਂ ਉਗਾਉਂਦੇ ਸਨ, ਪੁਨਰ ਜੀਵਿਤ ਹੋ ਗਈ ਹੈ।

# ਕੈਲੀਫੋਰਨੀਆਂ ਦੇ ਬੌਰਨ ਤੋ ਗੰਨ ਪੁਆਇੰਟ ਤੇ ਪੰਜਾਬੀ ਡਰਾਈਵਰ ਤੋਂ ਟਰੱਕ ਖੋਹਿਆ

ਬੌਰਨ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) ਲੰਘੀ 12 ਅਪ੍ਰੈਲ ਨੂੰ ਕਲੀਵੀਲੈਂਡ ਓਹਾਇਓ ਦੀ ਜਸ ਟਰੱਕਿੰਗ ਦੇ ਮਾਲਕ ਅਤੇ ਡਰਾਈਵਰ ਕੋਲੋ ਬੌਰਨ ਕੈਲੀਫੋਰਨੀਆਂ ਦੇ ਪਾਇਲਟ ਟਰੱਕ ਸਟਾਪ ਤੋਂ ਸ਼ਾਮੀਂ 5.30 ਵਜੇ ਦਿਨ ਦਿਹਾੜੇ, ਗੰਨ ਪੁਆਇੰਟ ਤੇ ਟਰੱਕ ਖੋਹਣ ਦੀ ਘਟਨਾ ਸਾਹਮਣੇ ਆਈ, ਸਤਨਾਮ ਸਿੰਘ ਜੋ ਕਿ ਫਰਿਜ਼ਨੋ ਏਰੀਏ ਚੋਂ ਟਰੱਕ ਲੋਡ ਕਰਕੇ ਓਹਾਇਓ ਵੱਲ ਜਾ ਰਿਹਾ ਸੀ ਕਿ ਬੌਰਨ ਟਾਊਨ ਦੇ ਪਾਈਲਟ ਟਰੱਕ ਸਟਾਪ ਤੇ ਤੇਲ ਪਾਉਣ ਲਈ ਰੁਕਿਆ, ਓਥੇ ਇੱਕ ਮੈਕਸੀਕਨ ਮੂਲ ਦੇ ਬੰਦੇ ਨੇ ਉਸਤੋਂ ਰਾਈਡ ਮੰਗੀ, ਤਾਂ ਉਸਨੇ ਆਪਣੀ ਸੇਫਟੀ ਲਈ ਟੀਮ ਡਰਾਈਵਰ ਦਾ ਬਹਾਨਾ ਲਾਕੇ ਉਸਨੂੰ ਮਨਾ ਕਰ ਦਿੱਤਾ, ਜਦੋਂ ਉਹ ਤੇਲ ਭਰਾ ਰਿਹਾ ਸੀ ਅਤੇ ਸ਼ੀਸ਼ੇ ਸਾਫ਼ ਕਰ ਰਿਹਾ ਸੀ, ਟਰੱਕ ਉਸ ਸਮੇਂ ਜ਼ਿਆਦਾ ਤੌਰ ਤੇ ਟਰੱਕ ਸਟਾਰਟ ਅਤੇ ਅਨਲਾਕ ਹੀ ਹੁੰਦੇ ਨੇ, ਮੌਕਾ ਤਾੜਕੇ ਦੋਸ਼ੀ ਟਰੱਕ ਵਿੱਚ ਡਰਾਈਵਰ ਸੀਟ ਤੇ ਬੈਠ ਗਿਆ, ਜਦੋਂ ਸਤਨਾਮ ਸਿੰਘ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਗੰਨ ਕੱਢ ਲਈ ਅਤੇ ਗੰਨ ਪੁਆਇੰਟ ਤੇ ਟਰੱਕ ਅਗਵਾ ਕਰਕੇ ਲੈ ਗਿਆ, ਜਦੋਂ ਉਸਨੇ ਵੇਖਿਆ ਕਿ ਟਰੱਕ ਲੋਡਿਡ ਹੋਣ ਕਰਕੇ ਬਹੁਤਾ ਭੱਜ ਨਹੀਂ ਰਿਹਾ ਤਾਂ ਹਾਈਵੇਅ 58 ਈਸਟ ਬੌਡ ਤੇ ਉਸਨੇ ਬਗੈਰ ਲੈਂਡਿੰਗ ਗੇਅਰ ਡਾਊਨ ਕੀਤਿਆਂ ਟਰੇਲਰ ਸ਼ੋਲਡਰ ਤੇ ਛੱਡ ਦਿੱਤਾ ਤੇ ਇਕੱਲਾ ਬਾਬ ਟੇਲ ਟਰੱਕ ਲੈਕੇ ਫਰਾਰ ਹੋ ਗਿਆ, ਪੁਲਿਸ ਕਾਲ ਕੀਤੀ ਗਈ। ਟਰੱਕ ਵਿੱਚ ਜੀ. ਪੀ. ਐਸ. ਲੱਗਿਆ ਹੋਣ ਕਰਕੇ ਪੁਲਿਸ ਨੇ ਵਾਲਵੋ ਟਰੱਕ ਨੂੰ ਮੁਲਜ਼ਮ ਸਮੇਤ ਬਾਰਸਟੋ ਏਰੀਏ ਤੋਂ ਫਰੀਵੇਅ 15 ਤੋ ਲੱਭਿਆ ਅਤੇ ਦੋਸ਼ੀ ਨੂੰ ਗੰਨ ਸਮੇਤ ਗ੍ਰਿਫਤਾਰ ਕਰਕੇ ਮਾਮਲੇ ਜਾਂਚ ਸ਼ੁਰੂ ਕੀਤੀ। ਦੋਸਤੋ ਜਦੋਂ ਟਰੱਕ ਸਟਾਪਾਂ ਤੋ ਤੇਲ ਵਗੈਰਾ ਪਾਉਂਨੇ ਹੁੰਨੇ ਹੋ, ਧਿਆਨ ਰੱਖਿਆ ਕਰੋ। ਟਰੱਕ ਵਿੱਚੋਂ ਭਲਾ ਦੋ ਮਿੰਟ ਲਈ ਬਾਹਰ ਨਿਕਲਣਾ ਹੋਵੇ, ਟਰੱਕ ਨੂੰ ਲਾਕ ਲਾਓ ਅਤੇ ਚੁਕੰਨੇ ਹੋਕੇ ਸਾਰਾ ਕੰਮ ਧੰਦਾ ਕਰੋ, ਕਿਉਕੇ ਕਰਿਮੀਨਲ ਲੋਕਾਂ ਦਾ ਕੋਈ ਪਤਾ ਨਹੀਂ ਕਦੋਂ ਕਿੱਥੇ ਕਿਸੇ ਘਟਨਾਂ ਨੂੰ ਅੰਜਾਮ ਦੇ ਜਾਣ।



# ਅਮਰੀਕਾ 'ਚ ਮਾਲ ਗੱਡੀ ਪੱਟੜੀ ਤੋਂ ਲੱਥੀ, ਅੱਗ ਲੱਗੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੇਂਦਰੀ ਮੇਨੀ ਖੇਤਰ ਵਿਚ ਇਕ ਪਿੰਡ ਨੇੜੇ ਇਕ ਮਾਲ ਗੱਡੀ ਦੇ ਡੱਬਿਆਂ ਨੂੰ ਪੱਟੜੀ ਤੋਂ ਲੱਥਣ ਉਪਰੰਤ ਅੱਗ ਲੱਗ ਜਾਣ ਦੀ ਖਬਰ ਹੈ। ਰੌਕਵੁੱਡ ਫਾਇਰ ਐਂਡ ਰੈਸਕਿਊ ਵਿਭਾਗ ਨੇ ਕਿਹਾ ਹੈ ਕਿ ਰੇਲ ਗੱਡੀ ਸਮਰਸੈਟ ਕਾਊਂਟੀ ਵਿਚ ਰੌਕਵੁੱਡ ਦੇ ਉੱਤਰ ਵਿਚ ਹਾਦਸਾਗ੍ਰਸਤ ਹੋਈ ਹੈ। ਅਜੇ ਇਹ ਨਹੀਂ ਸਪੱਸ਼ਟ ਹੋ ਸਕਿਆ ਕਿ ਗੱਡੀ ਵਿਚ ਕਿਸ ਕਿਸਮ ਦੀ ਸਮਗਰੀ ਭਰੀ ਹੋਈ ਸੀ ਤੇ ਇਹ ਕਿਹੜੀ ਕੰਪਨੀ ਦੀ ਹੈ। ਸਮਰਸੈਟ ਕਾਊਂਟੀ ਐਮਰਜੈਂਸੀ ਮੈਨੇਜਮੈਂਟ ਏਜੰਸੀ ਡਾਇਰੈਕਟਰ ਮੀਸ਼ੈਲ ਸਮਿਥ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਇਸ ਸਬੰਧੀ ਜੈਕਮੈਨ - ਮੂਸ ਰਿਵਰ ਫਾਇਰ ਤੇ ਮੇਨੀ ਫੌਰੈਸਟ ਸਰਵਿਸ ਵੱਲੋਂ ਛੇਤੀ ਸਾਂਝਾ ਬਿਆਨ ਜਾਰੀ ਕੀਤਾ ਜਾਵੇਗਾ।









ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ

24ਵੇਂ ਮਹਾਨ ਨਗਰ ਕੀਰਤਨ 'ਤੇ

ਗੁਰੂ ਕੀਆਂ ਸੰਗਤਾਂ ਦਾ ਮਹਾਨ ਪਵਿੱਤਰ ਇਕੱਠ ਹੋਇਆ ਇਸ ਇਤਿਹਾਸਕ ਨਗਰ ਕੀਰਤਨ ਦੀ

ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈ ਹੋਵੇ

ਸ:ਹਰਮਿੰਦਰ ਸਿੰਘ ਸਮਾਣਾ

Law office of Anthony Nwosu

(209) 481-7750

# ਗਲੋਬਲ ਪੰਜਾਬੀ ਐਸੋਸੀਏਸ਼ਨ ਵੱਲੋਂ ਨਵੀਂ ਦਿੱਲੀ ’ਚ ਵਿਸਾਖੀ ਮੇਲਾ ‘ਰੂਹ ਪੰਜਾਬ ਦੀ’ ਦਾ ਆਯੋਜਨ

## ਭਵਿੱਖ ਵਿੱਚ ਵੀ ਅਜਿਹੇ ਸਮਾਗਮ ਲਗਾਤਾਰ ਮਨਾਏ ਜਾਣਗੇ : ਇਕਬਾਲ ਸਿੰਘ ਲਾਲਪੁਰਾ






ਨਵੀਂ ਦਿੱਲੀ : ਗਲੋਬਲ ਪੰਜਾਬੀ ਐਸੋਸੀਏਸ਼ਨ ਵੱਲੋਂ ਨਵੀਂ ਦਿੱਲੀ ’ਚ ਵਿਸਾਖੀ 2023 ਦੇ ਸ਼ੁਭ ਦਿਹਾੜੇ ਨੂੰ ਸਮਰਪਿਤ ਵਿਸਾਖੀ ਮੇਲਾ ‘ਰੂਹ ਪੰਜਾਬ ਦੀ’ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਸਰਪ੍ਰਸਤ ਅਤੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਡਾ. ਇਕਬਾਲ ਸਿੰਘ ਲਾਲਪੁਰਾ ਦੇ ਨਵੀਂ ਦਿੱਲੀ ਵਿਖੇ ਸਥਿਤ ਸਰਕਾਰੀ ਨਿਵਾਸ ਸਥਾਨ ’ਤੇ ਆਯੋਜਿਤ ਸਮਾਗਮ ਮੌਕੇ ਭਾਜਪਾ ਦੇ ਕੌਮੀ ਪ੍ਰਧਾਨ ਸ. ਜੇਪੀ ਨੱਡਾ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਅਤੇ ਘੱਟ ਗਿਣਤੀ ਮਾਮਲਿਆਂ ਦੀ ਮੰਤਰੀ, ਸ਼੍ਰੀਮਤੀ ਸਮ੍ਰਿਤੀ ਇਰਾਨੀ, ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਅਤੇ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ, ਸ਼੍ਰੀ. ਹਰਦੀਪ ਸਿੰਘ ਪੁਰੀ, ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ ਸ਼੍ਰੀਮਤੀ ਡਾ. ਮੀਨਾਕਸ਼ੀ ਲੇਖੀ, ਸ਼ਹਿਰੀ ਹਵਾਬਾਜ਼ੀ ਰਾਜ ਮੰਤਰੀ ਜਨਰਲ ਵੀ.ਕੇ. ਸਿੰਘ, ਭਾਜਪਾ ਦੇ ਕੌਮੀ ਜਨਰਲ ਸਕੱਤਰ ਸ੍ਰੀ. ਦੁਸ਼ਯੰਤ ਕੁਮਾਰ ਗੌਤਮ, ਭਾਜਪਾ ਦੇ ਰਾਸ਼ਟਰੀ ਬੁਲਾਰੇ ਸ਼੍ਰੀ. ਆਰ ਪੀ ਸਿੰਘ, ਭਾਜਪਾ ਦੇ ਰਾਸ਼ਟਰੀ ਮੀਡੀਆ ਸਹਿ-ਮੁਖੀ, ਸ਼੍ਰੀ. ਸੰਜੇ ਮਯੂਖ, ਭਾਜਪਾ ਆਗੂ ਸ਼੍ਰੀ. ਹੰਸ ਰਾਜ ਹੰਸ, ਦਿੱਲੀ ਤੋਂ ਸੰਸਦ ਮੈਂਬਰ ਅਤੇ ਸ੍ਰੀਮਤੀ ਡਾ. ਗੌਤਮ ਗੰਭੀਰ ਸਮੇਤ ਭਾਰੀ ਗਿਣਤੀ ਵਿੱਚ ਪੰਜਾਬੀ ਪ੍ਰੇਮੀਆਂ ਤੇ ਪੰਜਾਬ ਦੀਆਂ ਮੰਨੀਆਂ-ਪ੍ਰਮੰਨੀਆਂ ਸ਼ਖ਼ਸੀਅਤਾਂ ਵੀ ਸ਼ਾਮਲ ਹੋਈਆਂ।

ਪ੍ਰੋ. ਸਰਚਾਂਦ ਸਿੰਘ ਨੇ ਦੱਸਿਆ ਕਿ ਸਮਾਗਮ ਵਿੱਚ ਪੰਜਾਬ ਦੇ ਵਿਸ਼ਵ ਪੱਧਰੀ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਰਾਹੀਂ ਪੰਜਾਬ ਦੇ ਜੀਵੰਤ ਸੱਭਿਆਚਾਰ ਨੂੰ ਪੇਸ਼ ਕੀਤਾ।

ਇਹ ਪਹਿਲੀ ਵਾਰ ਹੈ ਜਦੋਂ ਵਿਸਾਖੀ ਨੂੰ ਨਵੀਂ ਦਿੱਲੀ ਵਿੱਚ ਸਮਰਪਿਤ ਸਮਾਗਮ ਰਾਹੀਂ ਵਿਸ਼ਵ ਭਰ ਵਿੱਚ ਕੈਂਸਰ ਦੇ ਮੁਫਤ ਜਾਂਚ ਕੈਂਪ ਲਗਾਉਣ ਲਈ ਜਾਣੀ ਜਾਂਦੀ ਅਤੇ ਪੰਜਾਬ ਪੰਜਾਬੀ ਤੇ ਪੰਜਾਬੀਅਤ ਨੂੰ ਸਮਰਪਿਤ ਗਲੋਬਲ ਪੰਜਾਬੀ ਐਸੋਸੀਏਸ਼ਨ ਨੇ ਇੰਨੇ ਸ਼ਾਨਦਾਰ ਤਰੀਕੇ ਨਾਲ ਮਨਾਇਆ ਗਿਆ ਹੈ।

ਇਸ ਮੌਕੇ NCM ਦੇ ਮਾਨਯੋਗ ਚੇਅਰਮੈਨ ਸ਼੍ਰੀ ਇਕਬਾਲ ਸਿੰਘ ਲਾਲਪੁਰਾ ਅਤੇ ਉਨ੍ਹਾਂ ਦੇ ਸਪੁੱਤਰ ਸ਼੍ਰੀ. ਅਜੈਵੀਰ ਸਿੰਘ ਲਾਲਪੁਰਾ ਨੇ ਸੰਬੋਧਨ ਕੀਤਾ ਤੇ ਵਿਸਾਖੀ ਅਤੇ ਖ਼ਾਲਸਾ ਸਾਜਣਾ ਦਿਵਸ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

ਮਾਨਯੋਗ ਚੇਅਰਮੈਨ ਲਾਲਪੁਰਾ ਨੇ ਆਪਣੀ ਟਿੱਪਣੀ ਵਿੱਚ ਕਿਹਾ, ‘ਵਿਸਾਖੀ ਦਾ ਤਿਉਹਾਰ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਦਾ ਢੁਕਵਾਂ ਪ੍ਰਤੀਬਿੰਬ ਹੈ। ਇਹ ਭਾਰਤ ਵਿੱਚ ਪੰਜਾਬ ਦੀ ਵਿਲੱਖਣ ਪਛਾਣ ਨੂੰ ਖ਼ੂਬਸੂਰਤ ਢੰਗ ਨਾਲ ਦਰਸਾਉਂਦਾ ਹੈ। ਜਦੋਂ ਕਿ ਵਿਸਾਖੀ ਦਾ ਤਿਉਹਾਰ ਪੰਜਾਬੀਆਂ ਖਾਸ ਕਰਕੇ ਕਿਸਾਨਾਂ ਲਈ ਆਰਥਿਕ ਖੁਸ਼ਹਾਲੀ ਲਿਆਉਂਦਾ ਹੈ। ਇਹ ਸਾਡੇ ਭਾਈਚਾਰਕ ਸਬੰਧਾਂ ਨੂੰ ਵੀ ਮਜ਼ਬੂਤ ਕਰਦਾ ਹੈ।’ ਉਨ੍ਹਾਂ ਅੱਗੇ ਕਿਹਾ, ‘ਪਿਛਲੇ ਸਮੇਂ ਵਿੱਚ, ਫਸਲਾਂ ਦੀ ਵਾਢੀ ਤੇ ਫ਼ਸਲ ਵੇਚਣ ਤੋਂ ਬਾਅਦ, ਕਿਸਾਨ ਆਪਣੇ ਘਰ ਵਾਪਸ ਪਰਤਦੇ ਸਨ ਅਤੇ ਜਸ਼ਨ ਮਨਾਉਣ ਲਈ ਮੇਲੇ ਲਗਾਉਂਦੇ ਸਨ, ਪਰ ਅੱਜ ਅਸੀਂ ਇਨ੍ਹਾਂ ਸਾਰੇ ਪਹਿਲੂਆਂ ਵਿੱਚ ਤਬਦੀਲੀ ਦੇ ਗਵਾਹ ਹਾਂ ਕਿਉਂਕਿ ਅਸੀਂ ਆਪਣੇ ਸੱਭਿਆਚਾਰ ਅਤੇ ਵਿਰਸੇ ਤੋਂ ਦੂਰ ਹੁੰਦੇ ਜਾ ਰਹੇ ਹਾਂ। ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਸ. ਕੁਲਵੰਤ ਸਿੰਘ ਧਾਲੀਵਾਲ, ਜਿਨ੍ਹਾਂ ਦੇ ਯਤਨਾਂ ਸਦਕਾ ਅੱਜ ਦਾ ਇਹ ਜਸ਼ਨ ਪਰੰਪਰਾਗਤ ਢੰਗ ਨਾਲ ਸੰਭਵ ਹੋਇਆ, ਨੇ ਕਿਹਾ ਕਿ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਮੁੱਚੀ ਕੈਬਨਿਟ ਪੰਜਾਬੀਆਂ ਨੂੰ ਪਿਆਰ ਕਰਦੀ ਹੈ। ਖਾਸ ਤੌਰ ’ਤੇ ਸਿੱਖ, ਜਿਸ ਦਾ ਪ੍ਰਤੀਬਿੰਬ ਅੱਜ ਦੇ ਸਮਾਗਮ ਵਿਚ ਦੇਖਿਆ ਜਾ ਸਕਦਾ ਹੈ, ਜਿਸ ਵਿਚ ਕੇਂਦਰੀ ਮੰਤਰੀਆਂ ਸਮੇਤ ਭਾਜਪਾ ਦੇ ਰਾਸ਼ਟਰੀ ਨੇਤਾਵਾਂ ਨੇ ਸ਼ਿਰਕਤ ਕੀਤੀ।

ਇਸ ਤੋਂ ਪਹਿਲਾਂ ਸੰਸਥਾ ਵੱਲੋਂ ਗੁਰਦੁਆਰਾ ਮਜਨੂੰ ਕਾ ਟਿੱਲਾ ਵਿਖੇ ਵਰਲਡ ਕੈਂਸਰ ਕੇਅਰ ਕੈਂਪ ਦਾ ਆਯੋਜਨ ਕੀਤਾ ਗਿਆ। ਸ੍ਰੀ ਲਾਲਪੁਰਾ ਤੇ ਵਰਲਡ ਕੈਂਸਰ ਕੇਅਰ ਦੇ ਚੇਅਰਮੈਨ ਸ਼ ਕੁਲਵੰਤ ਸਿੰਘ ਧਾਲੀਵਾਲ ਵੱਲੋਂ ਆਯੋਜਿਤ ਇਸ ਫ ?ਰੀ ਮੈਡੀਕਲ ਕੈਂਪ ਦੇ ਉਦਘਾਟਨ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕੀਤਾ।ਗਲੋਬਲ ਪੰਜਾਬੀ ਐਸੋਸੀਏਸ਼ਨ ਨੇ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਅਜਿਹੇ ਸਮਾਗਮ ਲਗਾਤਾਰ ਮਨਾਏ ਜਾਣਗੇ। ਇਸ ਮੌਕੇ ਸੰਸਦ ਮੈਂਬਰ ਸ਼ ਮਨੋਜ ਤਿਵਾੜੀ ’ਮ੍ਰਿਦੁਲ’, ਹਰਮੀਤ ਸਿੰਘ ਕਾਲਕਾ, ਪ੍ਰਧਾਨ, ਡੀ.ਐੱਸ.ਜੀ.ਐੱਮ, ਕਰਨਲ ਜੈਬੰਸ ਸਿੰਘ ਸਾਬਕਾ ਡਾਇਰੈਕਟਰ ANI ਤੇ ਐਡੀਟਰ ਪੰਜਾਬ ਪਲਸ, ਡਾ: ਜਸਵਿੰਦਰ ਸਿੰਘ ਢਿੱਲੋਂ, ਆਨਰੇਰੀ ਸਕੱਤਰ ਗਲੋਬਲ ਪੰਜਾਬੀ ਐਸੋਸੀਏਸ਼ਨ, ਡਾ. ਜਸਵਿੰਦਰ ਕੌਰ ਸੋਹਲ,ਖ਼ਜ਼ਾਨਚੀ ਵੀ ਮੌਜੂਦ ਸਨ।

# ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲਿਆਂ ਨੂੰ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਸਰਧਾਂਜਲੀ ਭੇਟ

## ਸਾਰੇ ਸਿੱਖ ਈਸ਼ਰ ਦਰਬਾਰ ਨੂੰ ਸਹਿਯੋਗ ਕਰਨ



ਅੰਮ੍ਰਿਤਸਰ : ਗੁ: ਸੱਚਖੰਡ ਈਸ਼ਰ ਦਰਬਾਰ ਜੁਰਾਸੀ ਪਿਹੋਵਾ ਹਰਿਆਣਾ ਵਿਖੇ ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲਿਆਂ ਦੀ ਅੰਤਿਮ ਅਰਦਾਸ ਦੇ ਗੁਰਮਤਿ ਸਮਾਗਮ ਦੌਰਾਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14 ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬਾਬਾ ਮਾਨ ਸਿੰਘ ਜੀ ਦਾ ਘਾਟਾ ਪੂਰਿਆ ਜਾਣਾ ਅਸੰਭਵ ਹੈ ਪਰ ਗੁਰੂ ਭਾਣਾ ਅਟੱਲ ਤੇ ਅਕਾਲ ਹੈ। ਉਨ੍ਹਾਂ ਈਸ਼ਰ ਦਰਬਾਰ ਦੇ ਸਮੁੱਚੇ ਬਿਹੰਗਮ ਸੰਤ ਮਹਾਂਪੁਰਸ਼ਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਏਕਤਾ ਵਿਚ ਬਲ ਹੈ। ਜਿਵੇਂ ਸੰਤ ਬਾਬਾ ਮਾਨ ਸਿੰਘ ਜੀ ਗੁਰੂ ਖਾਲਸਾ ਪੰਥ, ਗੁਰੂ ਗ੍ਰੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਰਹੇ ਹਨ ਉਵੇ ਹੀ ਈਸ਼ਰ ਦਰਬਾਰ ਦੇ ਸਾਰੇ ਸਾਰੇ ਸੰਤ ਪੁਰਸ਼ ਸਮਰਪਿਤ ਭਾਵਨਾ ਨਾਲ ਸੇਵਾ ਵਿਚ ਰਹਿਣ। ਉਨ੍ਹਾਂ ਸਮੁਚੇ ਨਿਹੰਗ ਸਿੰਘ ਦਲਪੰਥਾਂ ਵੱਲੋਂ ਸਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਨਾਲ ਪੁਰਾਤਨ ਜੁੜੀਆਂ ਯਾਦਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ।

ਉਨ੍ਹਾਂ ਕਿਹਾ ਓਡੀਸ਼ਾ ’ਚ 2000 ਈਸਵੀ ਵਿਚ ਇਕ ਭਿਆਨਕ ਤੂਫ਼ਾਨ ਆਇਆ ਸੀ, ਜਿਸ ਕਾਰਨ ਲੱਖਾਂ ਲੋਕ ਉਜੜ ਗਏ ਸਨ। ਬਾਬਾ ਮਾਨ ਸਿੰਘ ਨੇ ਤਿੰਨ ਮਹੀਨੇ ਉੱਥੇ ਪੀੜਤਾਂ ਲਈ ਲੰਗਰ ਚਲਾਇਆ ਸੀ। ਇਹ ਪਹਿਲੀ ਵਾਰ ਸੀ ਕਿ ਸਾਰੇ ਭਾਰਤ ’ਚ ਲੰਗਰ ਦੀ ਚਰਚਾ ਹੋਈ ਸੀ। ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਉਚੇਚੇ ਤੌਰ ਤੇ ਬਾਬਾ ਜੀ ਦਾ ਧੰਨਵਾਦ ਕਰਨ ਲਈ ਹਰਿਆਣਾ ਆਏ ਸਨ। ਉਨ੍ਹਾਂ ਕਿਹਾ ਏਸੇ ਤਰ੍ਹਾਂ ਸੰਨ 2002 ਵਿਚ ਜਦੋਂ ਗੁਜਰਾਤ ’ਚ ਭੁਚਾਲ ਆਇਆ ਤਾਂ ਬਾਬਾ ਮਾਨ ਸਿੰਘ ਨੇ ਉੱਥੇ ਵੀ ਲੰਗਰ ਲਗਾ ਕੇ ਸਾਰੇ ਗੁਜਰਾਤੀਆਂ ਨੂੰ ਹੈਰਾਨ ਕਰ ਦਿੱਤਾ ਸੀ। ਬਾਬਾ ਜੀ ਦੇ ਅਕਾਲ ਚਲਾਣਾ ਕਰ ਜਾਣ ਨਾਲ ਸਮੁੱਚੀ ਸਿੱਖ ਕੌਮ ਨੂੰ ਬਹੁਤ ਘਾਟਾ ਪਿਆ ਹੈ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਹੁਣ ਹਰਿਆਣੇ ਤੇ ਬਾਕੀ ਸੂਬਿਆਂ ਦੇ ਸਿੱਖਾਂ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਆਸ਼ਰਮ ਦਾ ਵੱਧ-ਚੜ੍ਹ ਕੇ ਸਾਥ ਦੇਣ ਅਤੇ ਦਰਬਾਰ ਵਲੋਂ ਕੀਤੇ ਜਾਂਦੇ ਸੇਵਾ ਕਾਰਜਾਂ ਵਿਚ ਆਪਣਾ ਬਹੁਮੁੱਲਾ ਯੋਗਦਾਨ ਪਾਉਣ।

# ਦਮਦਮੀ ਟਕਸਾਲ ਅਤੇ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸਿੰਘਾਂ ਨੇ ਵੰਡੇ ਪੁਰਾਤਨ ਨਾਨਕਸ਼ਾਹੀ ਕੈਲੰਡਰ

## ਨੌਜਵਾਨੋ ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਵੋ : ਭਾਈ ਰਣਜੀਤ ਸਿੰਘ



ਅੰਮ੍ਰਿਤਸਰ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸਿੰਘਾਂ ਵੱਲੋਂ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਵਿਖੇ ਸੰਗਤਾਂ ਨੂੰ ਪੁਰਾਤਨ ਨਾਨਕਸ਼ਾਹੀ ਕੈਲੰਡਰ ਵੰਡੇ ਗਏ। ਇਸ ਮੌਕੇ ਫ਼ੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਨੇ ਦੱਸਿਆ ਕਿ ਇਹ ਕੈਲੰਡਰ ਦਮਦਮੀ ਟਕਸਾਲ ਦੇ ਸੇਵਾਦਾਰ ਸੰਸਥਾ (ਮਨਟੀਕਾ, ਅਮਰੀਕਾ) ਵੱਲੋਂ ਛਾਪੇ ਗਏ ਹਨ ਜੋ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਵੱਖ-ਵੱਖ ਅਸਥਾਨਾਂ ਤੇ ਵੰਡੇ ਜਾ ਰਹੇ ਹਨ। ਇਸ ਕੈਲੰਡਰ ਵਿੱਚ ਦਮਦਮੀ ਟਕਸਾਲ ਦੇ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਪਹਿਲੇ ਮੁਖੀ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ, ਤੇਰ੍ਹਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ, ਚੌਦਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਬ੍ਰਹਮ ਗਿਆਨੀ ਸੱਚਖੰਡਵਾਸੀ ਸੰਤ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਸਮੇਤ ਦਮਦਮੀ ਟਕਸਾਲ ਦੇ ਸਮੂਹ ਮੁਖੀਆਂ ਦੀਆਂ ਤਸਵੀਰਾਂ ਵੀ ਛਪੀਆਂ ਹੋਈਆਂ ਹਨ ਅਤੇ ਗੁਰਪੁਰਬ ਤੇ ਹੋਰ ਇਤਿਹਾਸਕ ਦਿਹਾੜੇ ਪੁਰਾਤਨ ਤਰੀਕਾਂ ਅਨੁਸਾਰ ਦਿੱਤੇ ਗਏ ਹਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਕੁਝ ਸੰਸਥਾਵਾਂ ਵੱਲੋਂ ਜਿਸ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਕਹਿ ਕੇ ਪ੍ਰਚਾਰਿਆ ਜਾ ਰਿਹਾ ਉਸ ਪੁਰੇਵਾਲ ਵਾਲੇ ਕੈਲੰਡਰ ਵਿੱਚ ਇੱਕ ਨਹੀਂ ਬਲਕਿ ਅਨੇਕਾਂ ਗ਼ਲਤੀਆਂ ਹਨ ਅਤੇ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਪੁਰਬ ਅਤੇ ਜੋਤੀ ਜੋਤ ਦਿਹਾੜਿਆਂ ਤੇ ਹੋਰ ਇਤਿਹਾਸਕ ਤਰੀਕਾਂ ਨੂੰ ਮਨਮਰਜੀ ਅਨੁਸਾਰ ਮਿੱਥ ਦੇਣਾ ਸਿੱਖ ਕੌਮ ਦੇ ਨਾਲ ਵੱਡਾ ਧ੍ਰੋਹ ਹੈ ਜਿਸ ਨੂੰ ਹਰਗਿਜ਼ ਮਾਨਤਾ ਨਹੀਂ ਦਿੱਤੀ ਜਾ ਸਕਦੀ। ਉਹਨਾਂ ਕਿਹਾ ਕਿ ਹਰੇਕ ਸਿੱਖ ਦੀ ਚਾਹਤ ਹੈ ਕਿ ਸਿੱਖ ਕੌਮ ਦਾ ਆਪਣਾ ਵੱਖਰਾ ਕੈਲੰਡਰ ਹੋਣਾ ਚਾਹੀਦਾ ਹੈ ਜੋ ਵੱਖਰੀ ਪਹਿਚਾਣ ਦਾ ਵੀ ਪ੍ਰਤੀਕ ਹੋਵੇ ਅਤੇ ਸਾਰਿਆਂ ਨੂੰ ਸਰਬ ਪ੍ਰਵਾਨਿਤ ਵੀ ਹੋਵੇ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਪੁਰਾਤਨ ਤਰੀਕਾ ਅਨੁਸਾਰ ਹੀ ਮਨਾਏ ਜਾਣ ਜੋ ਤਰੀਕਾਂ ਇਤਿਹਾਸਕ ਗ੍ਰੰਥਾਂ, ਪੋਥੀਆਂ ਅਤੇ ਹੋਰ ਸ੍ਰੋਤਾਂ ਵਿੱਚ ਵੀ ਦਰਜ ਹਨ। ਖ਼ਾਲਸਾ ਸਾਜਨਾ ਦਿਵਸ (ਵਿਸਾਖੀ) ’ਤੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਹ ਵੀ ਕਿਹਾ ਕਿ ਹਰੇਕ ਸਿੱਖ ਨੂੰ ਕੇਸਾਧਾਰੀ, ਅੰਮ੍ਰਿਤਧਾਰੀ ਅਤੇ ਸ਼ਸਤਰਧਾਰੀ ਹੋਣਾ ਚਾਹੀਦਾ ਹੈ।

# ਸਾਬਕਾ ਮੁੱਖ ਮੰਤਰੀਆਂ ਨੂੰ ਨਿਸ਼ਾਨਾ ਬਣਾਉਣ ਦੀ ਪਿਰਤ ਗੈਰ-ਇਖਲਾਕੀ: ਮਾਨ

ਫ਼ਤਹਿਗੜ੍ਹ ਸਾਹਿਬ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਸਾਬਕਾ ਮੁੱਖ ਮੰਤਰੀਆਂ ਨੂੰ ਕੇਸਾਂ ਵਿਚ ਉਲਝਾ ਕੇ ਸਿਆਸਤ ਕਰਨਾ ਮਾੜਾ ਰੁਝਾਨ ਹੈ ਜਦਕਿ ਮੁੱਖ ਮੰਤਰੀ ਨੇ ਲੋਕਾਂ ਨੂੰ ਅਮਨ-ਚੈਨ ਤੇ ਸਦਭਾਵਨਾ ਦਾ ਸੁਨੇਹਾ ਦੇਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਮੇਂ ਦੇ ਮੁੱਖ ਮੰਤਰੀ ਅਕਸਰ ਹੀ ਸਾਬਕਾ ਮੁੱਖ ਮੰਤਰੀਆਂ ਨੂੰ ਨਿਸ਼ਾਨਾ ਬਣਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵਲੋਂ ਚਰਨਜੀਤ ਸਿੰਘ ਚੰਨੀ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਉਣਾ ਤੇ ਜ਼ਲੀਲ ਕਰਨਾ ਸ਼ੋਭਾ ਨਹੀਂ ਦਿੰਦਾ ਤੇ ਨਾ ਹੀ ਇਸ ਪਾਈ ਜਾ ਰਹੀ ਪਿਰਤ ਦਾ ਕੋਈ ਅੰਤ ਹੈ। ਸਰਕਾਰਾਂ ਨੂੰ ਸਾਫ਼ ਸਿਆਸਤ ਕਰਨੀ ਚਾਹੀਦੀ ਹੈ ਤੇ ਸਾਬਕਾ ਮੁੱਖ ਮੰਤਰੀਆਂ ਨੂੰ ਨਿਸ਼ਾਨਾ ਬਣਾਉਣ ਤੇ ਉਨ੍ਹਾਂ ਦੀ ਦਿੱਖ ਨੂੰ ਗੰਧਲਾ ਕਰਨ ਵਾਲੀਆਂ ਕਾਰਵਾਈਆਂ ਬੰਦ ਹੋਣੀਆਂ ਚਾਹੀਦੀਆਂ ਹਨ।



# TOTAL MULTI SERVICES

YOUR ONE STOP SOLUTION FOR TAX, TRUCKING AND IMMIGRATION SERVICES

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## ACCOUNTING SERVICES:

- Bookkeeping
- Payroll Service
- Monthly Sales Tax reports



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

intuit quickbooks. CTEC California Tax Education Council Registered Tax Preparer — AUTHORIZED IRS e-file PROVIDER — COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@ TOTALIRP.com

# ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿਚ ਨਿਹੰਗ ਸਿੰਘਾਂ ਵਲੋਂ ਖ਼ਾਲਸਾਈ ਜਾਹੋ ਜਲਾਲ ਨਾਲ ਮਹੱਲਾ ਕੱਢਣ ਦੇ ਨਾਲ ਹੀ ਵਿਸਾਖੀ ਮੇਲਾ ਸਮਾਪਤ

*• ਸ਼ਿੰਗਾਰੇ ਘੋੜੇ, ਊਠ, ਹਾਥੀ ਲੋਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ • ਮਹੱਲੇ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਹੋਏ ਸ਼ਾਮਲ*





ਦਮਦਮਾ ਸਾਹਿਬ ਤਲਵੰਡੀ ਸਾਬੋ : ਖ਼ਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਚੱਲ ਰਿਹਾ ਜੋੜ ਮੇਲਾ ਗੁਰੂ ਕੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ ਵਲੋਂ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਨਿਸ਼ਾਨ ਨਿਗਾਰਿਆਂ ਦੀ ਛਤਰ ਛਾਇਆ ਹੇਠ ਅਤੇ ਬੁੱਢਾ ਦਲ ਦੇ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਦੀ ਅਗਵਾਈ 'ਚ ਪੁਰਾਤਨ ਰਵਾਇਤ ਮੁਤਾਬਕ ਮਹੱਲਾ ਸਜਾਉਣ ਨਾਲ ਹੀ ਵਿਸਾਖੀ ਮੇਲਾ ਰਸਮੀ ਤੌਰ 'ਤੇ ਸਮਾਪਤ ਹੋ ਗਿਆ। ਸਭ ਤੋਂ ਪਹਿਲਾਂ ਬੁੱਢਾ ਦਲ ਦੇ ਮੁੱਖ ਅਸਥਾਨ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾਤਸ਼ਾਹੀ 10ਵੀਂ ਛਾਉਣੀ ਨਿਹੰਗ ਸਿੰਘਾਂ ਵਿਖੇ ਸ੍ਰੀ ਦਸਮ ਗ੍ਰੰਥ ਅਤੇ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਗੁਰਬਾਣੀ ਦੇ ਮਨੋਹਰ ਕੀਰਤਨ ਹੋਏ। ਕਥਾਵਾਚਕਾਂ, ਗਿਆਨੀਆਂ, ਪ੍ਰਚਾਰਕਾਂ ਅਤੇ ਢਾਢੀ ਕਵੀਸਰਾਂ ਨੇ ਸਿੱਖ ਇਤਿਹਾਸ ਤੇ ਖਾਲਸੇ ਸਾਜਨਾ ਦਿਵਸ ਦੀ ਮਹਿਮਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਅਖੰਡ ਪਾਠ ਦੇ ਭੋਗ ਮੌਕੇ ਪੁੱਜੀਆਂ ਧਾਰਮਿਕ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਬੁੱਢਾ ਦਲ ਵੱਲੋਂ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿੱਚ 250 ਤੋਂ ਵੱਧ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਉਪਰੰਤ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾਤਸ਼ਾਹੀ 10ਵੀਂ ਛਾਉਣੀ ਨਿਹੰਗ ਸਿੰਘਾਂ ਤੋਂ ਮਹੱਲੇ ਦੀ ਅਰੰਭਤਾ ਹੋਈ ਜਿਸ 'ਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਨਾਲ ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾ ਦਲ, ਜਥੇਦਾਰ ਤਰਸੇਮ ਸਿੰਘ ਮੋਰਾਂਵਾਲੀ, ਬਾਬਾ ਖੜਕ ਸਿੰਘ, ਬਾਬਾ ਪ੍ਰਤਾਪ ਸਿੰਘ, ਬਾਬਾ ਪੰਜਾਬ ਸਿੰਘ, ਬਾਬਾ ਰਘੁਬੀਰ ਸਿੰਘ ਖਿਆਲਾ, ਬਾਬਾ ਵੱਸਣ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਬਲਦੇਵ ਸਿੰਘ ਵੱਲਾ, ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਇੰਦਰਬੀਰ ਸਿੰਘ ਗੁਰੂਸਰ ਸਤਲਾਣੀ ਵਾਲੇ ਆਦਿ ਤੋਂ ਇਲਾਵਾ ਹੋਰ ਵੱਡੀ ਗਿਣਤੀ ਵਿਚ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘ ਆਪਣੇ-ਆਪਣੇ ਦਲਾਂ ਬਲਾਂ ਸਮੇਤ ਸ਼ਾਮਿਲ ਹੋਏ। ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾਤਸ਼ਾਹੀ 10ਵੀਂ ਤੋਂ ਆਰੰਭ ਹੋਇਆ ਮਹੱਲਾ ਤਖ਼ਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋ ਕੇ, ਫਿਰ ਗੁਰਦੁਆਰਾ ਜੰਡਸਰ, ਗੁਰਦੁਆਰਾ ਮਹੱਲਸਰ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਦੇ ਸਾਹਮਣੇ ਬੱਸ ਸਟੈਂਡ ਦੇ ਪਿਛੇ ਮੈਦਾਨ ਵਿੱਚ ਪੁੱਜਾ। ਸ਼੍ਰੋਮਣੀ ਸੇਵਾ ਰਤਨ ਨਿਹੰਗ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਨਾਲ ਨਿਹੰਗ ਸਿੰਘ ਦਲ ਪੰਥਾਂ ਦੇ ਮੁਖੀ ਅਤੇ ਅਨੇਕਾਂ ਹੀ ਤਰਨਾ ਦਲਾਂ ਦੇ ਨਿਹੰਗ ਸਿੰਘ ਦਲਪੰਥਾਂ ਦੇ ਨਿਹੰਗ ਸਿੰਘ ਰਵਾਇਤੀ ਬਾਣਿਆਂ, ਸ਼ਸਤਰਾਂ, ਘੋੜਿਆਂ, ਹਾਥੀਆਂ, ਊਠਾਂ 'ਤੇ ਸਵਾਰ ਹੋ ਕੇ ਪਹੁੰਚੇ ਤੇ ਜਿਥੇ ਉਨ੍ਹਾਂ ਨੇ ਸੰਗਤਾਂ ਦੇ ਲਾ ਮਿਸਾਲ ਇਕੱਠ ਨੂੰ ਘੋੜ ਸਵਾਰੀ, ਨੇਜੇਬਾਜ਼ੀ, ਗਤਕੇਬਾਜ਼ੀ ਅਤੇ ਪਹਿਲਵਾਨਾਂ ਨੇ ਮੱਲ ਅਖਾੜੇ ਵਿੱਚ ਜੋਰ ਅਜਮਾਈ ਦੇ ਜੌਹਰ ਦਿਖਾਏ। ਮਹੱਲੇ ਵਿੱਚ ਨਿਹੰਗ ਸਿੰਘ ਦਲਾਂ ਦੇ ਮੁਖੀ ਤੇ ਵੱਡੀ ਗਿਣਤੀ ਵਿੱਚ ਨਿਹੰਗ ਸਿੰਘ ਫੌਜਾਂ ਨੇ ਸੁੰਦਰ ਦੁਮਾਲਿਆਂ ਤੇ ਚੱਕ੍ਰ, ਖੰਡੇ, ਚੰਦ, ਗੁਰਜ, ਸ਼ਿੰਗਾਰ, ਬਾਗਨਖਾ ਸਜਾਈ, ਛੋਟੀਆਂ ਵੱਡੀਆਂ ਕਿਰਪਾਨਾਂ ਪਹਿਨੀ, ਤੇ ਲੱਕ ਪਿਛੇ ਢਾਲਾਂ ਸਜਾਏ ਹੱਥਾਂ ਵਿੱਚ ਨੇਜੇ, ਖੰਡੇ ਫੜੀ, ਨੀਲਿਆਂ ਕੇਸਰੀ ਬਾਣਿਆਂ ਵਿਚ ਤਿਆਰ ਬਰ ਤਿਆਰ ਸ਼ਸਤਰਧਾਰੀ ਹੋ ਕੇ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਬੈਂਡ ਵਾਜਿਆਂ ਦੀਆਂ ਸੁੰਦਰ ਧੁੰਨਾਂ, ਢੋਲ ਨਗਾਰਿਆਂ ਦੀਆਂ ਚੋਟਾਂ ਤੇ ਨਰਸਿੰਙੇ ਵਜਾਉਂਦੇ ਨਿਹੰਗ ਸਿੰਘਾਂ ਨੂੰ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਹਾਜ਼ਰ ਹੋਏ। ਉਪਰੰਤ ਘੋੜ ਦੌੜਾਂ ਹੋਈਆਂ। ਨਿਹੰਗ ਸਿੰਘ ਇੱਕ ਤੋਂ ਦੋ, ਦੋ ਤੋਂ ਚਾਰ ਅਤੇ ਚਾਰ ਤੋਂ ਛੇ, ਛੇ ਘੋੜਿਆਂ ਤੇ ਖਲੋ ਕੇ ਨਿਹੰਗ ਸਿੰਘਾਂ ਨੇ ਘੋੜਿਆਂ ਨੂੰ ਦੌੜਾਇਆ ਅਤੇ ਵੱਧ ਤੋਂ ਵੱਧ ਕਿੱਲੇ ਪੁੱਟ ਕੇ ਇਨਾਮ ਪ੍ਰਾਪਤ ਕੀਤੇ। ਇਸ ਮੌਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ ਨੇ ਸਮੁੱਚੇ ਦਲਾਂ ਦੇ ਮੁਖੀਆਂ ਦਾ ਵਿਸ਼ੇਸ਼ ਤੌਰ ਤੇ ਅਤੇ ਮਹੱਲੇ ਵਿਚ ਸ਼ਾਮਲ ਹੋਣ ਲਈ ਸਮੁੱਚੀਆਂ ਨਿਹੰਗ ਸਿੰਘਾਂ ਫੌਜਾਂ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ਼ ਤੌਰ 'ਤੇ ਖਾਲਸੇ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਸੰਬੋਧਨ ਕਰਦਿਆਂ ਹਰੇਕ ਪ੍ਰਾਣੀ ਨੂੰ ਅੰਮ੍ਰਿਤ ਛਕ ਕੇ ਸ਼ਸ਼ਤਰਧਾਰੀ ਹੋਣ ਦੀ ਅਪੀਲ ਕੀਤੀ। ਸਾਰੀਆਂ ਖਾਲਸਾਈ ਫੌਜਾਂ ਗੁਰੂ ਗੋਬਿੰਦ ਸਿੰਘ ਨੂੰ ਅੰਗਸੰਗ ਰੱਖ ਕੇ ਹੋਲਾ ਮਹੱਲਾ ਖੇਡਦੇ ਦਿਖਾਈ ਦੇ ਰਹੇ ਸਨ। ਦਮਦਮਾ ਸਾਹਿਬ ਦੀ ਸਮੁੱਚੀ ਧਰਤੀ ਖਾਲਸਾਈ ਰੰਗ ਵਿਚ ਰੰਗੀ ਦਿਖਾਈ ਦੇ ਰਹੀ ਸੀ।

ਇਸ ਸਮੇਂ ਬਾਬਾ ਤਾਰਾ ਸਿੰਘ ਝਾੜ ਸਾਹਿਬ ਵਾਲੇ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਬੁੱਢਾ ਦਲ ਦੇ ਸਕੱਤਰ ਸ੍. ਦਿਲਜੀਤ ਸਿੰਘ ਬੇਦੀ, ਬਾਬਾ ਭੁਪਿੰਦਰ ਸਿੰਘ ਲੱਖੀ ਜੰਗਲ, ਬਾਬਾ ਅਰਜਨ ਸਿੰਘ ਪਟਿਆਲੇ ਵਾਲੇ, ਬਾਬਾ ਮਾਨ ਸਿੰਘ ਮੜੀਆਂ ਵਾਲਾ ਬਟਾਲਾ, ਬਾਬਾ ਵੱਸਣ ਸਿੰਘ ਮੜੀਆਂ ਦਲ ਬਟਾਲੇ ਵਾਲੇ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਤਾਰਾ ਸਿੰਘ ਝਾੜ ਸਾਹਿਬ ਮਾਛੀਵਾੜਾ, ਬਾਬਾ ਤਰਲੋਕ ਸਿੰਘ ਖਿਆਲਾ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਬਲਦੇਵ ਸਿੰਘ ਮੁਸਤਰਾਬਾਦ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੂੰਡਾ ਸਿੰਘ ਮਿਸ਼ਲ ਭਾਈ ਬਚਿੱਤਰ ਸਿੰਘ, ਬਾਬਾ ਕੁਲਵਿੰਦਰ ਸਿੰਘ ਤਰਨਾ ਦਲ ਚਮਕੌਰ ਸਾਹਿਬ, ਬਾਬਾ ਛਿੰਦਾ ਸਿੰਘ ਭਿੰਖੀਵਿੰਡ, ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਇੰਦਰ ਸਿੰਘ, ਬਾਬਾ ਮੱਘਰ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਰਣਯੋਧ ਸਿੰਘ, ਬਾਬਾ ਪਿਆਰਾ ਸਿੰਘ, ਬਾਬਾ ਗੁਰਮੁੱਖ ਸਿੰਘ, ਬਾਬਾ ਬਲਦੇਵ ਸਿੰਘ ਪਟਿਆਲਾ, ਬਾਬਾ ਚਰਨ ਸਿੰਘ ਫਤਹਿਗੜ੍ਹ ਸਾਹਿਬ, ਬਾਬਾ ਭਗਤ ਸਿੰਘ ਬਹਾਦਰਗੜ੍ਹ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਰਣਜੋਧ ਸਿੰਘ ਪੰਚਕੂਲਾ, ਬਾਬਾ ਖੜਕ ਸਿੰਘ, ਬਾਬਾ ਅਰਜਨ ਸਿੰਘ ਸਿਵਜੀ ਆਦਿ ਹਾਜ਼ਰ ਸਨ ਖ਼ਾਲਸਾ ਪੰਥ ਦੇ ਜਾਹੋ-ਜਲਾਲ ਅਤੇ ਨਿਆਰੇਪਣ ਦਾ ਪ੍ਰਤੀਕ ਕੌਮੀ ਤਿਉਹਾਰ ਵਿਸਾਖੀ ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਵਲੋਂ ਪੁਰਾਤਨ ਖਾਲਸਾਈ ਰਵਾਇਤ ਅਨੁਸਾਰ ਸਜਾਏ ਮਹੱਲੇ ਨਾਲ ਅਮਨ ਸ਼ਾਂਤੀ ਪੂਰਵਕ ਖਾਲਸੇ ਸਾਜਨਾ ਦਿਵਸ ਦਾ ਤਿਉਹਾਰ ਸਪੰਨ ਹੋ ਗਿਆ ਹੈ।

# ਵਿਜੀਲੈਂਸ ਦੇ ਰਾਡਾਰ 'ਤੇ ਆਏ ਚੰਨੀ ਚੌਥੇ ਸਾਬਕਾ ਮੁੱਖ ਮੰਤਰੀ

**ਬਾਦਲ, ਕੈਪਟਨ ਤੇ ਭੱਠਲ ਖ਼ਿਲਾਫ਼ ਵੀ ਹੋ ਚੁੱਕੀ ਹੈ ਜਾਂਚ**



ਚੰਡੀਗੜ੍ਹ : ਪੰਜਾਬ ਦੇ ਸਿਆਸਤਦਾਨਾਂ ਖਿਲਾਫ਼ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲਿਆਂ ਵਿੱਚ ਵਿੱਢੀ ਗਈ ਪੜਤਾਲ ਦੌਰਾਨ ਚਰਨਜੀਤ ਸਿੰਘ ਚੰਨੀ ਉਨ੍ਹਾਂ ਸਾਬਕਾ ਮੁੱਖ ਮੰਤਰੀਆਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਹਨ ਜੋ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਚੁੱਕੇ ਹਨ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਲੰਮੇ ਸਮੇਂ ਬਾਅਦ ਕਿਸੇ ਸਾਬਕਾ ਮੁੱਖ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਤਫ਼ਤੀਸ਼ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵਿਜੀਲੈਂਸ ਅਫ਼ਸਰ ਦਰਜਾ ਚਾਰ, ਦਰਜਾ ਤਿੰਨ ਜਾਂ ਵੱਧ ਤੋਂ ਵੱਧ ਗਜ਼ਟਿਡ ਅਫ਼ਸਰਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਹੱਥ ਪਾਉਂਦੀ ਸੀ।

ਸਿਆਸਤਦਾਨਾਂ ਖਿਲਾਫ਼ ਵਿਜੀਲੈਂਸ ਦੀ ਕਾਰਵਾਈ ਦਾ ਮੁਲਾਂਕਣ ਕੀਤਾ ਜਾਵੇ ਤਾਂ ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਵਿਜੀਲੈਂਸ ਦੀਆਂ ਪੜਤਾਲਾਂ ਦਾ ਸਾਹਮਣਾ ਕਰ ਚੁੱਕੇ ਹਨ। ਵਿਜੀਲੈਂਸ ਬਿਊਰੋ ਵੱਲੋਂ ਸਭ ਤੋਂ ਪਹਿਲਾਂ ਸੂਬੇ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖਿਲਾਫ਼ ਕਾਂਗਰਸ ਹਕੂਮਤ ਸਮੇਂ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਭ੍ਰਿਸ਼ਟਾਚਾਰ ਅਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦਾ ਮਾਮਲਾ ਦਰਜ ਕੀਤਾ ਗਿਆ ਸੀ ਤੇ ਇਸੇ ਤਰ੍ਹਾਂ ਦੀ ਤਫ਼ਤੀਸ਼ ਵਿੱਚੋਂ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਲੰਘਣਾ ਪਿਆ ਸੀ। ਉਸ ਤੋਂ ਬਾਅਦ ਸੱਤਾ ਤਬਦੀਲ ਹੁੰਦਿਆਂ ਹੀ ਅਕਾਲੀ-ਭਾਜਪਾ ਸਰਕਾਰ ਸਮੇਂ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਵਿਜੀਲੈਂਸ ਦੇ ਇੱਕ ਤੋਂ ਵੱਧ ਮਾਮਲਿਆਂ ਅਤੇ ਅਦਾਲਤੀ ਕੇਸਾਂ ਦਾ ਸਾਹਮਣਾ ਕਰਨਾ ਲਿਆ ਸੀ। ਬਾਦਲ ਪਰਿਵਾਰ ਅਤੇ ਕੈਪਟਨ ਪਰਿਵਾਰ ਖ਼ਿਲਾਫ਼ ਦਰਜ ਮਾਮਲਿਆਂ ਵਿੱਚ ਵਿਜੀਲੈਂਸ ਦੇ ਤਫ਼ਤੀਸ਼ੀ ਅਧਿਕਾਰੀਆਂ ਸਮੇਤ ਗਵਾਹਾਂ ਦੇ ਮੁੱਕਰਨ ਨੇ ਵੀ ਨਵਾਂ ਇਤਿਹਾਸ ਸਿਰਜ ਦਿੱਤਾ ਸੀ। ਬਾਦਲ ਪਰਿਵਾਰ ਅਤੇ ਬੀਬੀ ਭੱਠਲ ਨੂੰ ਅਦਾਲਤਾਂ ਨੇ ਬਰੀ ਕਰ ਦਿੱਤਾ ਸੀ।

ਪੰਜਾਬ ਵਿੱਚ ਸਾਲ 2022 ਵਿੱਚ ਸੱਤਾ ਤਬਦੀਲ ਹੁੰਦਿਆਂ ਹੀ ਵਿਜੀਲੈਂਸ ਨੇ ਨਵਾਂ ਰੂਪ ਦਿਖਾਇਆ ਹੈ। ਬਿਊਰੋ ਵੱਲੋਂ ਹੁਣ ਤੱਕ ਕਾਂਗਰਸ ਦੇ ਅੱਧੀ ਦਰਜਨ ਤੋਂ ਵੱਧ ਕਾਂਗਰਸ ਦੇ ਸਾਬਕਾ ਮੰਤਰੀਆਂ ਖਿਲਾਫ਼ ਵਿਜੀਲੈਂਸ ਦੀ ਜਾਂਚ ਆਰੰਭੀ ਗਈ ਹੈ ਤੇ ਤਿੰਨ ਸਾਬਕਾ ਮੰਤਰੀਆਂ ਨੂੰ ਤਾਂ ਗ੍ਰਿਫ਼ਤਾਰ ਵੀ ਕੀਤਾ ਜਾ ਚੁੱਕਿਆ ਹੈ। ਇਸੇ ਤਰ੍ਹਾਂ ਆਈਏਐੱਸ ਤੇ ਪੀਸੀਐੱਸ ਅਧਿਕਾਰੀਆਂ ਖਿਲਾਫ਼ ਵੀ ਪਹਿਲੀ ਵਾਰੀ ਵੱਡੀ ਪੱਧਰ 'ਤੇ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਪੰਜਾਬ ਕਾਂਗਰਸ ਦੇ ਦੋ ਦਰਜਨ ਤੋਂ ਜ਼ਿਆਦਾ ਆਗੂ ਜਿਨ੍ਹਾਂ ਵਿੱਚ ਸਾਬਕਾ ਮੰਤਰੀ, ਸਾਬਕਾ ਵਿਧਾਇਕ ਅਤੇ ਮੌਜੂਦਾ ਵਿਧਾਇਕ ਸ਼ਾਮਲ ਹਨ, ਵਿਰੁੱਧ ਵਿਜੀਲੈਂਸ ਦੀ ਪੜਤਾਲ ਚੱਲ ਰਹੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਈ ਕਰੀਬੀਆਂ ਨੂੰ ਵੀ ਵਿਜੀਲੈਂਸ ਦੀ ਦਹਿਸ਼ਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਰਤਇੰਦਰ ਸਿੰਘ ਚਾਹਲ ਨੂੰ ਤਾਂ ਵਿਜੀਲੈਂਸ ਹੁਣ ਤੱਕ 8 ਵਾਰੀ ਸੰਮਨ ਜਾਰੀ ਕਰ ਚੁੱਕੀ ਹੈ। ਆਈਏਐੱਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਜੀਲੈਂਸ ਵੱਲੋਂ ਸਿਵਲ ਅਧਿਕਾਰੀਆਂ ਖਿਲਾਫ਼ ਤਾਂ ਝੱਟ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ ਜਦਕਿ ਪੁਲੀਸ ਅਧਿਕਾਰੀਆਂ ਦੇ ਮਾਮਲਿਆਂ 'ਚ ਵਿਜੀਲੈਂਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

# ਬੰਬੀਹਾ ਗਰੁੱਪ ਨਾਲ ਸਬੰਧਤ ਮੁਲਜ਼ਮ ਅਸਲੇ ਸਣੇ ਕਾਬੂ



ਫ਼ਰੀਦਕੋਟ : ਇਥੋਂ ਦੀ ਪੁਲੀਸ ਨੇ ਬੰਬੀਹਾ ਗਰੁੱਪ ਨਾਲ ਸਬੰਧਤ ਨੌਜਵਾਨ ਨੂੰ ਨਾਜਾਇਜ਼ ਹਥਿਆਰਾਂ ਸਣੇ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਫ਼ਰੀਦਕੋਟ ਵਾਸੀ ਅਜੇ ਕੁਮਾਰ ਨੂੰ ਪੁਲੀਸ ਨੇ ਨਸ਼ਾ ਤਸਕਰੀ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਸੀ। ਪੜਤਾਲ ਦੌਰਾਨ ਅਜੇ ਕੁਮਾਰ ਕੋਲੋਂ ਚਾਰ ਪਿਸਤੌਲਾਂ ਤੇ 20 ਕਾਰਤੂਸ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਜ਼ਿਲ੍ਹਾ ਪੁਲੀਸ ਮੁਖੀ ਹਰਜੀਤ ਸਿੰਘ ਨੇ ਕਿਹਾ ਕਿ ਮੁੱਢਲੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਅਜੇ ਕੁਮਾਰ ਦੇ ਗੈਂਗਸਟਰ ਬੰਬੀਹਾ ਗਰੁੱਪ ਨਾਲ ਪੁਰਾਣੇ ਸਬੰਧ ਹਨ। ਇਸ ਮੁਲਜ਼ਮ ਉੱਪਰ ਕੁੱਲ 29 ਕੇਸ ਦਰਜ ਹਨ। ਪੁਲੀਸ ਮੁਖੀ ਅਨੁਸਾਰ ਅਜੇ ਕੁਮਾਰ ਇਹ ਹਥਿਆਰ ਮੱਧ ਪ੍ਰਦੇਸ਼ ਤੋਂ ਲੈ ਕੇ ਆਇਆ ਸੀ ਅਤੇ ਇਸ ਦੇ ਨਾਲ ਦੀਪਕ ਮਾਨ ਨਾਂ ਦਾ ਨੌਜਵਾਨ ਵੀ ਸ਼ਾਮਲ ਸੀ। ਇਹ ਮੁਲਜ਼ਮ ਇਲਾਕੇ ਵਿੱਚ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਸਾਜਿਸ਼ ਰਚ ਰਹੇ ਸਨ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨ ਨੂੰ ਬਰਾਮਦ ਕੀਤੇ ਗਏ ਅਸਲੇ ਸਣੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਇਸ ਮੁਲਜ਼ਮ ਨੂੰ ਪੁਲੀਸ ਰਿਮਾਂਡ 'ਤੇ ਭੇਜਣ ਦਾ ਹੁਕਮ ਦਿੱਤਾ ਹੈ। ਜ਼ਿਲ੍ਹਾ ਪੁਲੀਸ ਮੁਖੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਫ਼ਰੀਦਕੋਟ ਪੁਲੀਸ ਨੇ ਇੱਕ ਹਫ਼ਤੇ ਦੌਰਾਨ ਨਸ਼ਾ ਤਸਕਰੀ ਦੇ ਦੋਸ਼ਾਂ ਵਿੱਚ 22 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ 50 ਕਿਲੋ ਭੁੱਕੀ, 54 ਗ੍ਰਾਮ ਹੈਰੋਇਨ, 1260 ਨਸ਼ੀਲੀਆਂ ਗੋਲੀਆਂ, ਤਿੰਨ ਮੋਟਰਸਾਈਕਲ ਅਤੇ ਇਕ ਕਾਰ ਬਰਾਮਦ ਕੀਤੀ ਹੈ।

# ਸੈਕਰਾਮੈਂਟੋ, ਕੈਲੀਫੋਰਨੀਆ ਦੇ ਗੁਰਦੁਆਰੇ 'ਚ ਗੋਲੀਬਾਰੀ ਤੇ ਹੋਰ ਘਟਨਾਵਾਂ ਲਈ ਲੋੜੀਂਦੇ 17 ਪੰਜਾਬੀਆਂ ਨੂੰ ਕੀਤਾ ਕਾਬੂ

## ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ ਦੋ ਮਾਫੀਆ ਮੈਂਬਰ ਭਾਰਤ 'ਚ 'ਕਈ ਕਤਲਾਂ ਵਿੱਚ ਲੋੜੀਂਦੇ'




ਸਟਰ ਕਾਉਂਟੀ ਦੀ ਜ਼ਿਲ੍ਹਾ ਅਟਾਰਨੀ ਜੈਨੀਫਰ ਡੁਪਰੇ ਤੇ ਅਟਾਰਨੀ ਜਨਰਲ ਰੋਬ ਬੋਂਟਾ ਪ੍ਰੈਸ ਨੂੰ ਸੰਬੋਧਨ ਕਰਦੇ ਹੋਏ।




ਫੜੇ ਗਏ ਪੰਜਾਬੀ ਮੁੰਡਿਆਂ ਦੀਆਂ ਲਾਅ ਇਨਫੋਰਸਮੈਂਟ ਏਜੰਸੀਆਂ ਵਲੋਂ ਜਾਰੀ ਫੋਟੋਆਂ ਤੇ ਫੜਿਆ ਗਿਆ ਅਸਲਾ।

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਉੱਤਰੀ ਕੈਲੀਫੋਰਨੀਆ ਦੀਆਂ ਕਈ ਕਾਉਂਟੀਆਂ ਵਿੱਚ ਫੈਲੇ ਪੰਜਾਬੀ ਭਾਈਚਾਰੇ ਚ ਅਪਰਾਧਿਕ ਮਾਮਲਿਆਂ ਦੀ ਜਾਂਚ ਦੇ ਮੱਦੇਨਜ਼ਰ 17 ਪੰਜਾਬੀ ਮੁੰਡਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਅਪਰਾਧੀ ਸਟਾਕਟਨ, ਸੈਕਰਾਮੈਂਟੋ ਅਤੇ ਹੋਰ ਸਥਾਨਾਂ ਵਿੱਚ ਸਿੱਖ ਗੁਰਦੁਆਰੇ ਵਿੱਚ ਗੋਲੀਬਾਰੀ ਨਾਲ ਤੇ ਹੋਰ ਮਾਮਲਿਆਂ ਨਾਲ ਸਬੰਧਤ ਹਨ। ਵੱਖ ਵੱਖ ਕਾਨੂੰਨੀ ਏਜੰਸੀਆਂ ਵਲੋਂ ਅਭਿਆਨ ਤਹਿਤ ਏਜੰਟਾਂ ਨੇ ਐਤਵਾਰ ਨੂੰ 20 ਥਾਵਾਂ 'ਤੇ ਸਰਚ ਵਾਰੰਟ ਚਲਾਏ ਅਤੇ 41 ਹਥਿਆਰ ਜ਼ਬਤ ਕੀਤੇ। ਕੁਝ ਹਥਿਆਰਾਂ ਵਿੱਚ ਇੱਕ ਏਆਰ-15, ਏਕੇ 47, ਹੈਂਡਗਨ ਅਤੇ ਘੱਟੋ-ਘੱਟ ਇੱਕ ਮਸ਼ੀਨ ਗਨ ਸ਼ਾਮਲ ਸੀ।
ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੇ ਦਫਤਰ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਇਨਾਂ ਅਨਸਰਾਂ ਨੂੰ 'ਸੱਟਰ ਕਾਊਂਟੀ, ਸੈਕਰਾਮੈਂਟੋ ਕਾਊਂਟੀ, ਸੈਨ ਵਾਕਿਨ, ਸੋਲਾਨੋ, ਯੋਲੋ ਅਤੇ ਮਰਸਡ ਕਾਉਂਟੀਆਂ ਵਿੱਚ ਪੰਜ ਕਤਲਾਂ ਸਮੇਤ ਕਈ ਹਿੰਸਕ ਅਪਰਾਧਾਂ ਅਤੇ ਗੋਲੀਬਾਰੀ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ।'
ਸਟਰ ਕਾਉਂਟੀ ਦੀ ਜ਼ਿਲ੍ਹਾ ਅਟਾਰਨੀ ਜੈਨੀਫਰ ਡੁਪਰੇ ਨੇ ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ, ਪਿਛਲੇ ਕਈ ਸਾਲਾਂ ਤੋਂ, ਸ਼ਾਂਤਮਈ ਸਿੱਖ ਭਾਈਚਾਰਾ ਇਨ੍ਹਾਂ ਅਪਰਾਧੀ ਲੋਕਾਂ ਦੁਆਰਾ ਕੀਤੀਆਂ ਗਈਆਂ ਹਿੰਸਾ ਦੀਆਂ ਕਾਰਵਾਈਆਂ ਨਾਲ ਜੂਝ ਰਿਹਾ ਹੈ। ਡੁਪਰੇ ਨੇ ਕਿਹਾ, ਇਹ ਹਿੰਸਾ 2018 ਵਿੱਚ ਸਿੱਖ ਪਰੇਡ ਵਿੱਚ ਮੁੱਠਭੇੜਾਂ ਅਤੇ ਤਲਵਾਰਾਂ ਦੇ ਹਮਲਿਆਂ ਨਾਲ ਸ਼ੁਰੂ ਹੋਈ ਅਤੇ ਗੋਲੀਬਾਰੀ ਤੱਕ ਵਧ ਗਈ ਤੇ ਬਾਅਦ ਸਤੰਬਰ 2021 ਵਿੱਚ ਯੂਬਾ ਸਿਟੀ ਵਿੱਚ ਇੱਕ ਵਿਆਹ ਦੀ ਪਾਰਟੀ ਵਿੱਚ ਵੀ ਗੋਲਾਬਾਰੀ ਹੋਈ। ਉਦੋਂ ਤੋਂ ਸਮੂਹ 10 ਹੋਰ ਗੋਲੀਬਾਰੀ ਵਿੱਚ ਸ਼ਾਮਲ ਹੋਏ ਹਨ, ਅਤੇ ਹੁਣ ਤੱਕ ਕੁੱਲ 11 ਆਦਮੀਆਂ ਨੂੰ ਗੋਲੀ ਮਾਰ ਦਿੱਤੀ ਗਈ ਹੈ।
ਉਸਨੇ ਕਿਹਾ ਕਿ ਇਸ ਵਿੱਚ ਅਗਸਤ 2022 ਵਿੱਚ ਸਟਾਕਟਨ ਵਿੱਚ ਸਿੱਖ ਗੁਰਦੁਆਰੇ ਦੇ ਬਾਹਰ ਗੋਲੀਬਾਰੀ ਕਰਨ ਵਾਲੇ ਪੰਜ ਵਿਅਕਤੀ ਅਤੇ ਪਿਛਲੇ ਮਹੀਨੇ ਸੈਕਰਾਮੈਂਟੋ ਵਿੱਚ ਸਿੱਖ ਗੁਰਦੁਆਰੇ ਵਿੱਚ ਦੋ ਵਿਅਕਤੀਆਂ ਨੂੰ ਗੋਲੀ ਮਾਰੀ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਦਸੰਬਰ 2022 ਵਿੱਚ ਵੁੱਡਲੈਂਡ ਗੋਲੀਬਾਰੀ ਤੋਂ ਪੈਦਾ ਹੋਏ ਕਤਲ ਅਤੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਹੇਠ ਦੋ ਲੋਕ ਭਾਰਤ ਵਿੱਚ ਕਈ ਕਤਲਾਂ ਲਈ ਲੋੜੀਂਦੇ ਹਨ।
ਅਟਾਰਨੀ ਜਨਰਲ ਰੋਬ ਬੋਂਟਾ ਨੇ ਕਿਹਾ, ਅੱਜ ਕੈਲੀਫੋਰਨੀਆ ਡਿਪਾਰਟਮੈਂਟ ਆਫ ਜਸਟਿਸ ਏਜੰਟਾਂ ਅਤੇ ਸੱਟਰ ਕਾਉਂਟੀ ਵਿੱਚ ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਸਹਿਯੋਗ, ਕੰਮ ਕਰਨ ਦੇ ਢੰਗ ਅਤੇ ਤੇਜ਼ ਕਾਰਵਾਈ ਲਈ ਧੰਨਵਾਦੀ ਹਾਂ। 'ਕਿਸੇ ਵੀ ਪਰਿਵਾਰ ਨੂੰ ਕਦੇ ਵੀ ਆਂਢ-ਗੁਆਂਢ ਵਿੱਚ ਗੋਲੀਬਾਰੀ ਜਾਂ ਬੰਦੂਕ ਦੀ ਹਿੰਸਾ ਦੇ ਹੋਰ ਰੂਪਾਂ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ ਜਿੱਥੇ ਉਨ੍ਹਾਂ ਦੇ ਬੱਚੇ ਰਹਿੰਦੇ ਹਨ ਅਤੇ ਖੇਡਦੇ ਹਨ।
ਅਟਾਰਨੀ ਜਨਰਲ ਦਫਤਰ ਦੇ ਅਨੁਸਾਰ, ਕੈਲੀਫੋਰਨੀਆ ਦੇ ਨਿਆਂ ਵਿਭਾਗ, ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨਜ਼ ਅਤੇ ਕਈ ਸਥਾਨਕ ਏਜੰਸੀਆਂ ਸਮੇਤ ਘੱਟੋ-ਘੱਟ 20 ਏਜੰਸੀਆਂ ਨੇ ਜਾਂਚ ਵਿੱਚ ਹਿੱਸਾ ਲਿਆ। ਡੁਪਰੇ ਨੇ ਕਿਹਾ ਕਿ ਜਾਂਚ ਵਿੱਚ 'ਸ਼ਾਇਦ ਘੱਟੋ ਘੱਟ 500 ਲਾਅ ਇਨਫੋਰਸਮੈਂਟ ਏਜੰਸੀਆਂ ਵਾਲੇ ਅਧਿਕਾਰੀ ਸ਼ਾਮਲ ਹਨ।' ਗਰੋਹ ਦੇ ਸ਼ੱਕੀ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਲਾਖਾਂ ਪਿੱਛੇ ਸੁੱਟ ਰਹੇ ਹਾਂ।
ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਕਾਰਵਾਈ ਨੇ ਦੋ ਹੋਰ ਗੋਲੀਬਾਰੀ ਹੋਣ ਤੋਂ ਰੋਕੀ। ਯੂਬਾ ਸੂਟਰ ਨਾਰਕੋਟਿਕ ਅਤੇ ਗੈਂਗ ਇਨਫੋਰਸਮੈਂਟ ਟਾਸਕ ਫੋਰਸ, ਯੂਬਾ ਸਿਟੀ ਪੁਲਿਸ ਡਿਪਾਰਟਮੈਂਟ, ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਜਸਟਿਸ ਸਪੈਸ਼ਲ ਆਪ੍ਰੇਸ਼ਨ ਯੂਨਿਟ, ਕੈਲੀਫੋਰਨੀਆ ਹਾਈਵੇ ਪੈਟਰੋਲ ਸਪੈਸ਼ਲ ਆਪ੍ਰੇਸ਼ਨ ਯੂਨਿਟ, ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨ, ਯੂ.ਐਸ. ਡਰੱਗ ਇਨਫੋਰਸਮੈਂਟ ਵਿਚਕਾਰ ਸਾਂਝੇ ਯਤਨਾਂ ਦੇ ਹਿੱਸੇ ਵਜੋਂ ਜਾਂਚ ਫਰਵਰੀ 2023 ਵਿੱਚ ਸ਼ੁਰੂ ਹੋਈ ਸੀ। ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਇਸ ਅਪ੍ਰੇਸ਼ਨ ਨੂੰ ਬਰੋਕਨ ਸਵੋਰਡਜ (ਭਾਵ ਟੁੱਟੀ ਹੋਈ ਕਿਰਪਾਨ) ਦਾ ਨਾਂ ਦਿੱਤਾ ਗਿਆ।
ਸੈਕਰਾਮੈਂਟੋ ਕਾਉਂਟੀ ਦੇ ਜ਼ਿਲ੍ਹਾ ਅਟਾਰਨੀ ਥੀਏਨ ਹੋ ਨੇ ਕਿਹਾ ਕਿ ਦੋਸ਼ ਅਤੇ ਜਾਂਚ 'ਕਿਸੇ ਵੀ ਤਰੀਕੇ ਨਾਲ ਸਿੱਖ ਭਾਈਚਾਰੇ ਨੂੰ ਪ੍ਰਤੀਬਿੰਬਤ ਜਾਂ ਪ੍ਰਭਾਵਿਤ ਨਹੀਂ ਕਰਦੇ ਹਨ ਜੋ ਇਸ ਖੇਤਰ ਵਿੱਚ ਵੱਡੇ ਭਾਈਚਾਰੇ ਦਾ ਇੱਕ ਮਹੱਤਵਪੂਰਨ ਹਿੱਸਾ ਹਨ।' ਪੰਜਾਬੀ ਭਾਈਚਾਰਾ ਜਿਥੇ ਇਨਾਂ ਮਾੜੇ ਅਨਸਰਾਂ ਨੂੰ ਫੜੇ ਜਾਣ ਤੇ ਹੈਰਾਨ ਤੇ ਸ਼ੋਕ ਵਿੱਚ ਉਥੇ ਇਨਾਂ ਨੂੰ ਫੜੇ ਜਾਣ ਤੇ ਖੁਸ਼ ਵੀ ਹੈ ਕਿਓਂ ਕਿ ਬੀਤੇ ਦਿਨ ਜੋ ਸੈਕਰਾਮੈਂਟੋਂ ਇਕ ਨਗਰ ਕੀਰਤਨ ਦੌਰਾਨ ਇਨਾਂ ਵਲੋਂ ਗੋਲੈਬਾਰੀ ਕਾਰਨ ਸਾਰੇ ਭਾਈਚਾਰੇ ਨੂੰ ਨਿਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਤੇ ਨਗਰ ਕੀਰਤਨ ਵਿਚਾਲੇ ਹੀ ਬੰਦ ਕਰਨਾ ਪਿਆ ਸੀ। ਇਨ੍ਹਾਂ ਦੀਆਂ ਗ੍ਰਿਫਤਾਰੀਆਂ ਕਾਰਨ ਜਿਥੇ ਲਾਅ ਇਨਫੋਰਸਮੈਂਟ ਏਜੰਸੀਆਂ ਨੂੰ ਕੁਝ ਰਾਹਤ ਮਿਲੀ ਹੈ ਉਥੇ ਹੁਣ ਭਾਈਚਾਰੇ ਨੂੰ ਵੀ ਸੁੱਖ ਦਾ ਸਾਹ ਆਵੇਗਾ।

# ਬਰਤਾਨੀਆ ਨੇ ਭਾਰਤੀ ਸਿੱਖ ਫ਼ੌਜੀਆਂ ਦੇ ਚਿੱਤਰ ਦੀ ਬਰਾਮਦ 'ਤੇ ਪਾਬੰਦੀ ਲਾਈ

ਲੰਡਨ : ਬਰਤਾਨਵੀ ਸਰਕਾਰ ਨੇ ਪਹਿਲੇ ਵਿਸ਼ਵ ਯੁੱਧ ਵਿਚ ਹਿੱਸਾ ਲੈਣ ਵਾਲੇ ਦੋ ਭਾਰਤੀ ਸਿੱਖ ਫ਼ੌਜੀਆਂ ਦੇ ਐਂਗਲੋ-ਹੰਗਰੀ ਚਿੱਤਰਕਾਰ ਫਿਲਿਪ ਡੀ ਲਾਜ਼ਲੋ ਵੱਲੋਂ ਬਣਾਏ ਚਿੱਤਰ ਦੀ ਬਰਾਮਦ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਾ ਦਿੱਤੀ ਹੈ ਤਾਂ ਜੋ ਇਸ ਨੂੰ ਦੇਸ਼ ਤੋਂ ਬਾਹਰ ਨਾ ਲਿਜਾਇਆ ਜਾ ਸਕੇ। ਸਰਕਾਰ ਨੇ ਇਹ ਪਾਬੰਦੀ ਦੇਸ਼ ਦੀ ਇੱਕ ਸੰਸਥਾ ਨੂੰ ਇਸ ਸ਼ਾਨਦਾਰ ਅਤੇ ਸੰਵੇਦਨਸ਼ੀਲ ਪੇਂਟਿੰਗ ਨੂੰ ਖਰੀਦਣ ਲਈ ਸਮਾਂ ਦੇਣ ਲਈ ਲਾਈ ਹੈ। ਕਰੀਬ 6.5 ਕਰੋੜ ਰੁਪਏ ਦੀ ਇਸ ਪੇਂਟਿੰਗ ਵਿੱਚ ਘੋੜਸਵਾਰ ਅਫਸਰ ਰਿਸਾਲਦਾਰ ਜਗਤ ਸਿੰਘ ਅਤੇ ਰਿਸਾਲਦਾਰ ਮਾਨ ਸਿੰਘ, ਬ੍ਰਿਟਿਸ਼-ਭਾਰਤੀ ਫੌਜ ਦੀ ਫੋਰਸ ਦੇ ਜੂਨੀਅਰ ਕਮਾਂਡਰ, ਜਿਨ੍ਹਾਂ ਨੇ ਫਰਾਂਸ ਵਿੱਚ ਸੋਮੇ ਦੀ ਲੜਾਈ ਵਿੱਚ ਸੇਵਾ ਕੀਤੀ ਸੀ, ਨੂੰ ਦਰਸਾਇਆ ਗਿਆ ਹੈ। ਮੰਨਿਆ ਜਾਂਦਾ ਹੈ ਕਿ ਦੋਵਾਂ ਨੇ ਯੁੱਧ ਦੌਰਾਨ ਹੀ ਸ਼ਹੀਦੀ ਪ੍ਰਾਪਤ ਕੀਤੀ ਸੀ। ਇਹ ਤਸਵੀਰ ਕਾਫੀ ਦੁਰਲੱਭ ਹੈ, ਜੋ ਪਹਿਲੇ ਵਿਸ਼ਵ ਯੁੱਧ ਵਿੱਚ ਭਾਰਤੀਆਂ ਦੀ ਸਰਗਰਮ ਹਿੱਸੇਦਾਰੀ ਨੂੰ ਦਰਸਾਉਂਦੀ ਹੈ। ਬਰਤਾਨੀਆ ਦੇ ਕਲਾ ਅਤੇ ਵਿਰਾਸਤ ਮੰਤਰੀ ਲਾਰਡ ਸਟੀਫਨ ਪਾਰਕਿੰਸਨ ਨੇ ਕਿਹਾ, "ਇਹ ਸ਼ਾਨਦਾਰ ਅਤੇ ਸੰਵੇਦਨਸ਼ੀਲ ਪੇਂਟਿੰਗ ਸਾਡੇ ਇਤਿਹਾਸ ਦੇ ਮਹੱਤਵਪੂਰਨ ਪਲ ਨੂੰ ਦਰਸਾਉਂਦੀ ਹੈ, ਜਦੋਂ ਪਹਿਲੇ ਵਿਸ਼ਵ ਯੁੱਧ 'ਚ ਲੜਨ ਵਾਸਤੇ ਮਦਦ ਲਈ ਦੁਨੀਆ ਭਰ ਤੋਂ ਫੌਜਾਂ ਨੂੰ ਲਿਆਂਦਾ ਗਿਆ ਸੀ।"



ਦੱਸਣਯੋਗ ਹੈ ਕਿ ਪਹਿਲੇ ਵਿਸ਼ਵ ਯੁੱਧ ਦੌਰਾਨ 15 ਲੱਖ ਭਾਰਤੀ ਫ਼ੌਜੀ ਤਾਇਨਾਤ ਕੀਤੇ ਗਏ ਸਨ ਅਤੇ ਰਿਕਾਰਡ ਅਨੁਸਾਰ ਤਸਵੀਰ ਵਿਚਲੇ ਦੋ ਸੈਨਿਕ ਫਰਾਂਸ ਵਿਚ ਲੜਨ ਲਈ ਭੇਜੇ ਜਾਣ ਤੋਂ ਦੋ ਮਹੀਨੇ ਪਹਿਲਾਂ ਲੰਡਨ ਵਿਚ ਫਿਲਿਪ ਡੀ ਲਾਜ਼ਲੋ ਦੇ ਸਾਹਮਣੇ ਬੈਠੇ ਸਨ ਤਾਂ ਜੋ ਉਹ ਉਨ੍ਹਾਂ ਦੇ ਚਿੱਤਰ ਬਣਾ ਸਕੇ। ਮੰਨਿਆ ਜਾਂਦਾ ਹੈ ਕਿ ਡੀ ਲਾਜ਼ਲੋ ਨੇ ਇਹ ਪੇਂਟਿੰਗ ਆਪਣੇ ਸੰਗ੍ਰਹਿ ਲਈ ਬਣਾਈ ਸੀ ਅਤੇ ਇਸ ਨੂੰ 1937 ਵਿੱਚ ਉਸ ਦੀ ਮੌਤ ਤੱਕ ਉਸ ਦੇ ਸਟੂਡੀਓ ਵਿੱਚ ਰੱਖਿਆ ਗਿਆ ਸੀ। ਬਰਤਾਨੀਆ ਸਰਕਾਰ ਨੇ ਇਕ ਕਮੇਟੀ ਦੀ ਸਲਾਹ 'ਤੇ ਇਸ ਤਸਵੀਰ ਦੀ ਬਰਾਮਦ ਪਾਬੰਦੀ ਲਾਈ ਹੈ।

# ਫ਼ਰਜ਼ੀ ਅਰਜ਼ੀਆਂ: ਆਸਟਰੇਲੀਆ ਦੀਆਂ 5 ਯੂਨੀਵਰਸਿਟੀਆਂ ਦਾ ਪੰਜਾਬ ਸਣੇ ਦੇਸ਼ ਦੇ ਕਈ ਰਾਜਾਂ ਦੇ ਵਿਦਿਆਰਥੀਆਂ ਨੂੰ ਦਾਖਲੇ ਨਾ ਦੇਣ ਦਾ ਫ਼ੈਸਲਾ


ਮੈਲਬਰਨ : ਫ਼ਰਜ਼ੀ ਅਰਜ਼ੀਆਂ ਦੇ ਵਧਣ ਕਾਰਨ ਘੱਟੋ-ਘੱਟ ਪੰਜ ਆਸਟਰੇਲਿਆਈ ਯੂਨੀਵਰਸਿਟੀਆਂ ਨੇ ਕੁਝ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਆਸਟਰੇਲੀਆ ਵਿਚ ਇਸ ਸਾਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ 75,000 ਦੇ 2019 ਦੇ ਅੰਕੜੇ ਨੂੰ ਪਾਰ ਕਰਨ ਦੀ ਸੰਭਾਵਨਾ ਹੈ। ਗਲੋਬਲ ਐਜੂਕੇਸ਼ਨ ਫਰਮ ਨੇਵਿਟਾਸ ਦੇ ਜੌਹਨ ਚਿਊ ਨੇ ਕਿਹਾ, 'ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਮੀਦ ਨਾਲੋਂ ਕਿਤੇ ਵੱਧ ਹੈ। ਸਾਨੂੰ ਪਤਾ ਸੀ ਕਿ ਗਿਣਤੀ ਕਾਫੀ ਵਧੇਗੀ ਪਰ ਇਸ ਦੇ ਨਾਲ ਹੀ ਫਰਜ਼ੀ ਵਿਦਿਆਰਥੀਆਂ ਦੀ ਗਿਣਤੀ ਵੀ



ਵਧੀ ਹੈ।' ਰਿਪੋਰਟ 'ਚ ਕਿਹਾ ਗਿਆ ਹੈ ਕਿ ਕਈ ਯੂਨੀਵਰਸਿਟੀਆਂ ਹੁਣ ਸਥਿਤੀ ਨਾਲ ਨਜਿੱਠਣ ਲਈ ਪਾਬੰਦੀਆਂ ਲਗਾ ਰਹੀਆਂ ਹਨ। ਵਿਕਟੋਰੀਆ ਯੂਨੀਵਰਸਿਟੀ, ਐਡਿਥ ਕੋਵਾਨ ਯੂਨੀਵਰਸਿਟੀ, ਵੋਲੋਂਗੋਂਗ ਯੂਨੀਵਰਸਿਟੀ, ਟੋਰੇਨਸ ਯੂਨੀਵਰਸਿਟੀ ਅਤੇ ਸਾਊਥ ਕਰਾਸ ਯੂਨੀਵਰਸਿਟੀ ਨੇ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਤੇ ਪਾਬੰਦੀਸ਼ੁਦਾ ਕਾਰਵਾਈ ਕੀਤੀ ਹੈ। ਫਰਵਰੀ ਵਿੱਚ ਪਰਥ ਸਥਿਤ ਐਡਿਥ ਕੋਵਾਨ ਯੂਨੀਵਰਸਿਟੀ ਨੇ ਪੰਜਾਬ ਅਤੇ ਹਰਿਆਣਾ ਰਾਜਾਂ ਦੇ ਬਿਨੈਕਾਰਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਬਾਅਦ ਮਾਰਚ ਵਿੱਚ ਵਿਕਟੋਰੀਆ ਯੂਨੀਵਰਸਿਟੀ ਨੇ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਸਮੇਤ ਅੱਠ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਤੇ ਪਾਬੰਦੀਆਂ ਵਧਾ ਦਿੱਤੀਆਂ।

# ਭਾਰਤ ਆਪਣੀਆਂ ਸੰਭਾਵਨਾਵਾਂ ਅਤੇ ਸਫਲਤਾਵਾਂ ਨੂੰ ਦੁਨੀਆ ਨਾਲ ਸਾਂਝਾ ਕਰਨ ਲਈ ਤਿਆਰ : ਸੰਧੂ

ਵਾਸ਼ਿੰਗਟਨ : ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕਿਹਾ ਹੈ ਕਿ ਜੀ-20 ਦੇ ਮੌਜੂਦਾ ਪ੍ਰਧਾਨ ਹੋਣ ਦੇ ਨਾਤੇ ਭਾਰਤ ਦੁਨੀਆ ਨਾਲ ਆਪਣੀ ਸਮਰੱਥਾ ਅਤੇ ਸਫਲਤਾ ਸਾਂਝੀ ਕਰਨ ਲਈ ਤਿਆਰ ਹੈ।




ਸੰਧੂ ਨੇ ਇਹ ਵੀ ਕਿਹਾ ਕਿ ਭਾਰਤ-ਅਮਰੀਕਾ ਸਾਂਝੇਦਾਰੀ ਨਾਲ ਨਾ ਸਿਰਫ ਦੋਵਾਂ ਦੇਸ਼ਾਂ ਨੂੰ ਫਾਇਦਾ ਹੋਵੇਗਾ, ਸਗੋਂ ਇਹ ਪੂਰੀ ਦੁਨੀਆ ਲਈ ਮਹੱਤਵਪੂਰਨ ਹੈ। ਭਾਰਤ ਨੇ ਪਿਛਲੇ ਸਾਲ ਦਸੰਬਰ ਵਿੱਚ ਸਾਲ ਭਰ ਚੱਲੀ ਜੀ-20 ਦੀ ਪ੍ਰਧਾਨਗੀ ਸੰਭਾਲੀ ਸੀ। ਇਹ ਇਸ ਸਾਲ ਸਤੰਬਰ ਵਿੱਚ ਨਵੀਂ ਦਿੱਲੀ ਵਿੱਚ ਇੱਕ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰਨ ਵਾਲਾ ਹੈ।
ਜੀ-20 ਵਿਸ਼ਵ ਦੀਆਂ 20 ਪ੍ਰਮੁੱਖ ਵਿਕਸਤ ਅਤੇ ਵਿਕਾਸਸ਼ੀਲ ਅਰਥਵਿਵਸਥਾਵਾਂ ਦਾ ਇੱਕ ਮਹੱਤਵਪੂਰਨ ਮੰਚ ਹੈ। ਸ਼ਨੀਵਾਰ ਨੂੰ ਇੱਥੇ 'ਇੰਡੀਅਨ ਹਾਊਸ' 'ਚ ਭਾਰਤੀ-ਅਮਰੀਕੀਆਂ ਨੂੰ ਸੰਬੋਧਿਤ ਕਰਦੇ ਹੋਏ ਸੰਧੂ ਨੇ ਕਿਹਾ ਕਿ "ਜੀ-20 ਦੇ ਮੌਜੂਦਾ ਪ੍ਰਧਾਨ ਹੋਣ ਦੇ ਨਾਤੇ ਅਸੀਂ ਦੁਨੀਆ ਨਾਲ ਆਪਣੀਆਂ ਸੰਭਾਵਨਾਵਾਂ ਅਤੇ ਸਫਲਤਾਵਾਂ-ਟੀਕਿਆਂ ਅਤੇ ਹੁਨਰ ਤੋਂ ਲੈ ਕੇ ਡਿਜੀਟਲ ਪਬਲਿਕ ਲਾਭ ਤੱਕ ਸਾਂਝਾ ਕਰਨ ਲਈ ਤਿਆਰ ਹਾਂ।" ਅਤੇ ਨਾਲ ਹੀ ਜੋ ਅਸੀਂ ਦੂਜਿਆਂ ਤੋਂ ਸਿੱਖਿਆ ਹੈ।
ਸੰਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦਾ ਮੰਨਣਾ ਹੈ ਕਿ ਲੋਕਤੰਤਰ ਨਤੀਜੇ ਦੇਵੇਗਾ। ਉਨ੍ਹਾਂ ਇਹ ਵੀ ਕਿਹਾ ਕਿ "ਭਾਰਤ ਦਾ ਅਮਰੀਕਾ ਨਾਲ ਕਈ ਖੇਤਰਾਂ ਵਿੱਚ ਸਹਿਯੋਗ ਹੈ। ਅਸੀਂ QUAD, 12U2 ਅਤੇ IPEF ਦੇ ਤਹਿਤ ਮਿਲ ਕੇ ਕੰਮ ਕਰ ਰਹੇ ਹਾਂ। ਰਾਜਦੂਤ ਨੇ ਕਿਹਾ ਕਿ "ਸਾਡੇ ਪ੍ਰਵਾਸੀ ਭਾਰਤੀਆਂ ਨੇ ਸਾਡੇ ਸੁਪਨਿਆਂ ਨੂੰ ਹੋਰ ਖੰਭ ਦਿੱਤੇ ਹਨ ਅਤੇ ਸਾਡੀ ਉਡਾਣ ਨੂੰ ਹੋਰ ਗਤੀ ਦਿੱਤੀ ਹੈ। ਸੰਧੂ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੀ 132ਵੀਂ ਜਯੰਤੀ 'ਤੇ ਸ਼ਰਧਾਂਜਲੀ ਭੇਟ ਕੀਤੀ।

ਦੇਖ ਤੇਗ ਫਤਹਿ ॥

ਪੰਥ ਦੀ ਜੀਤ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥



ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਇ ਹੋਏ
ਬਹਾਦਰ ਬਾਬਾ ਬਿਧੀ ਚੰਦ ਜੀ ਦੀ ਅੰਸ਼ ਬੰਸ਼ ਦੇ



ਸੰਪਾਦਇ ਦਲ ਬਾਬਾ ਬਿਧੀ ਚੰਦ ਜੀ ਦੇ 11ਵਜੇਂ ਮੁਖੀ
ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ



12ਵੇਂ ਜਾਨਸ਼ੀਨ ਸਿੰਘ ਸਾਹਿਬ
ਜਥੇਦਾਰ ਸ੍ਰੀਮਾਨ ਬਾਬਾ ਅਵਤਾਰ ਸਿੰਘ ਜੀ

ਮੌਜੂਦਾ ਮੁਖੀ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ
ਸਾਹਿਬ ਜੀ ਸੁਰ ਸਿੰਘ ਵਾਲਿਆਂ ਦੀ

# ਗੁਰਮਤਿ ਪ੍ਰਚਾਰ ਫੇਰੀ

## (ਇਨ੍ਹਾਂ ਗੁਰਦੁਆਰਾ ਸਾਹਿਬ ਵਿਚ ਪਹੁੰਚ ਰਹੇ)

ਸਾਡੇ ਲੋਕ

**23 ਅਪ੍ਰੈਲ 2023 ਗੁਰਦੁਆਰਾ ਸਾਹਿਬ ਰੀਵਰਸਾਈਡ :**
**ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ**

**30 ਅਪ੍ਰੈਲ 2023 ਗੁਰਦੁਆਰਾ ਸਾਹਿਬ ਸੈਨਹੋਜ਼ੇ,**
**ਹੋਲਾ ਮਹੱਲਾ (ਸਾਰਾ ਦਿਨ)**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ਼ਸਤਰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸੰਗਤਾਂ ਨੂੰ ਵਿਖਾਏ ਜਾਣਗੇ।

ਸੰਪਰਕ ਨੰ.
ਸਤਨਾਮ ਸਿੰਘ ਸੰਗਤਪੁਰੀਆ (209) 992-1052, ਹਰਨਾਮ ਸਿੰਘ (209) 992-8155, ਰਵਿੰਦਰ ਸਿੰਘ ਢਿੱਲੋਂ (925) 525-7653



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਮੈਨੂੰ ਇਸ ਸਥਾਨ ਬਾਰੇ ਪਤਾ ਹੈ, ਇਸ ਦੇ 'ਪੰਜ ਰਸਤੇ' ਹਨ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅਸੀਂ ਤਿੰਨ ਘਰ ਲੰਘ ਗਏ ਅਤੇ ਉੱਥੇ ਇੱਕ ਪਲਾਟ ਸੀ ਜਿੱਥੇ ਪੁਲਿਸ ਕਾਂਸਟੇਬਲਾਂ ਲਈ ਘਰ ਬਣਾਏ ਗਏ ਸਨ। ਉੱਥੇ ਪੁਰਾਣੇ ਘਰਾਂ ਦੇ ਨਾਲ ਇੱਕ ਪਲਾਟ ਵੀ ਸੀ। ਇਹ ਸੰਪਤੀ ਫ੍ਰੀਹੋਲਡ ਅਤੇ ਲੀਜ਼ਹੋਲਡ ਦੋਵੇਂ ਤਰ੍ਹਾਂ ਦੀ ਮਿਸ਼ਰਤ ਸੀ।

ਅਸੀਂ ਇੱਥੋਂ ਜਾਂਦੇ ਜਾਂਦੇ ਲੀਸੈਸਟਰ ਕੌਜ਼ਵੇਅ ਅਤੇ ਹਾਰਨੈੱਲ ਲੇਨ ਵੈਸਟ ਦੇ ਕੌਰਨਰ 'ਤੇ ਰੁਕ ਗਏ।

ਪਾਪਾ ਜੀ ਨੇ ਕਿਹਾ, 'ਮੈਨੂੰ ਦੱਸੋ ਤੁਸੀਂ ਕੀ ਦੇਖਿਆ?'

ਉਹ ਹਮੇਸ਼ਾਂ ਚਾਹੁੰਦੇ ਸਨ ਕਿ ਕਸ਼ਮੀਰ ਅਤੇ ਮੈਂ ਹਮੇਸ਼ਾਂ ਚੰਗਾ ਨਿਰੀਖਣ ਕਰਨ ਦੇ ਯੋਗ ਹੋਈਏ।

ਮੈਂ ਉਨ੍ਹਾਂ ਨੂੰ ਕਿਹਾ, 'ਮੈਨੂੰ ਇਸ ਸਥਾਨ ਬਾਰੇ ਪਤਾ ਹੈ, ਇਸ ਦੇ 'ਪੰਜ ਰਸਤੇ' ਹਨ।

ਮੈਨੂੰ ਹੁਣ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਮੈਂ ਇਸਨੂੰ ਸਿਰਫ਼ ਪੱਬ ਕਰਕੇ ਹੀ ਜਾਣਦਾ ਸੀ, ਜਿਹੜਾ ਕਿ ਲੀਸੈਸਟਰ ਕੌਜ਼ਵੇਅ ਅਤੇ ਹਾਰਨੈੱਲ ਲੇਨ ਵੈਸਟ ਦੇ ਕੌਰਨਰ 'ਤੇ ਸੀ। ਜਿਸਨੂੰ 'ਦਿ ਫਾਈਵ ਵੇਜ਼' (ਪੰਜ ਰਸਤੇ) ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਜਿੱਥੇ ਅਸੀਂ ਖੜ੍ਹੇ ਸੀ, ਪਰ ਇਹ ਪਾਪਾ ਜੀ ਨੂੰ ਚੰਗਾ ਲੱਗਿਆ।

'ਸਹੀ ਬਲਬੀਰ, ਪੰਜ ਦੀ ਸਾਡੇ ਵਾਸਤੇ ਕੀ ਅਹਿਮੀਅਤ ਹੈ।'

ਮੈਂ ਜਵਾਬ ਦਿੱਤਾ, 'ਅਹਿਮੀਅਤ ਦਾ ਮਤਲਬ।'

'ਮਹੱਤਵ, ਸਾਡੇ ਲਈ ਪੰਜ ਦਾ ਕੀ ਮਹੱਤਵ ਹੈ?'

ਮੈਂ ਉਨ੍ਹਾਂ ਨੂੰ ਕਿਹਾ ਕਿ ਪੰਜਾਬ ਦੀਆਂ ਪੰਜ ਨਦੀਆਂ, ਖਾਲਸਾ ਦੇ ਪੰਜ ਪਿਆਰੇ।

ਉਹ ਮੈਨੂੰ ਪਲਾਟ ਅਤੇ ਘਰਾਂ ਵੱਲ ਇਸ਼ਾਰਾ ਕਰਕੇ ਕਿਹਾ 'ਮੱਥਾ ਟੇਕ ਕੇ ਕਿਹਾ ਕਿ ਇਹ ਗੁਰਦੁਆਰੇ ਦੀ ਜਗ੍ਹਾ ਹੈ।'

ਜਿਵੇਂ ਉਨ੍ਹਾਂ ਨੇ ਕਿਹਾ, ਮੈਂ ਕੀਤਾ। ਮੈਂ ਆਪਣੀ ਜੇਬ੍ਹ ਵਿੱਚੋਂ ਰੁਮਾਲ ਕੱਢਿਆ ਅਤੇ ਆਪਣਾ ਸਿਰ ਢਕਿਆ ਅਤੇ ਝੁਕਾਇਆ।

ਜਦੋਂ ਅਸੀਂ ਉੱਥੇ ਖੜ੍ਹੇ ਸੀ, ਥੋੜ੍ਹੇ ਫਾਸਲੇ 'ਤੇ ਮੈਂ ਇੱਕ ਵਿਅਕਤੀ ਨੂੰ ਹੱਥਾਂ ਵਿੱਚ ਇੱਕ ਬੈਗ ਫੜੇ ਹੋਏ ਆਪਣੇ ਵੱਲ ਆਉਂਦਾ ਦੇਖਿਆ। ਉਹ ਖਾਲਸਾ ਵਰਗਾ ਲੱਗਦਾ ਸੀ।

ਜਦੋਂ ਉਹ ਪਹੁੰਚ ਗਿਆ, ਮੈਂ ਦੇਖਿਆ ਉਹ ਖਾਲਸਾ ਹੀ ਸੀ। ਹੌਲੀ ਹੌਲੀ ਜਿਵੇਂ ਉਹ ਆਉਂਦਾ ਹੁੰਦਾ ਹੈ, ਸਾਡੇ ਤੱਕ ਪਹੁੰਚਿਆ ਅਤੇ ਉਸਨੇ ਮੈਨੂੰ ਪੁੱਛਿਆ, 'ਕਿੱਦਾਂ ਬੌਇ, ਜਗ੍ਹਾ ਪਸੰਦ ਆਈ?'

ਮੈਂ ਉਸਨੂੰ ਕਿਹਾ ਕਿ ਇਹ ਠੀਕ ਹੈ। ਉਹ ਦੋਵੇਂ ਮੁਸਕਰਾਏ ਕਿਉਂਕਿ ਇਹ ਥਾਂ ਬਹੁਤ ਵਧੀਆ ਸੀ। ਇਸ ਕਾਰਨ ਉਨ੍ਹਾਂ ਦੋਵਾਂ ਨੇ ਇਸ ਥਾਂ ਨੂੰ ਚੁਣਿਆ। ਇੱਥੇ ਪੰਜ ਸੜਕਾਂ ਮਿਲਦੀਆਂ ਸਨ। ਇਹ ਹਿੱਲਜ਼ਫੀਲਡ ਅਤੇ ਫੌਲਜ਼ਹਿੱਲ ਰੋਡ ਖੇਤਰ ਤੋਂ ਲੋਕਾਂ ਦੇ ਆਉਣ ਲਈ ਢੁਕਵੀਂ ਸੀ। ਇਸਦਾ ਇਸ ਨਾਲੋਂ ਵੀ ਜ਼ਿਆਦਾ ਮਹੱਤਵ ਸੀ ਕਿਉਂਕਿ ਉਹ ਦੋਵੇਂ ਪਹਿਲਾਂ ਹੀ ਇਸ ਸਬੰਧੀ ਜਾਣਦੇ ਸਨ ਅਤੇ ਇਸ ਸਬੰਧੀ ਯੋਜਨਾ ਬਣਾ ਚੁੱਕੇ ਸਨ।

ਖਾਲਸਾ ਨੇ ਫਿਰ ਟੁੱਟੇ ਹੋਏ ਘਰਾਂ ਵੱਲ ਇਸ਼ਾਰਾ ਕੀਤਾ ਅਤੇ ਕਿਹਾ, 'ਬਲਬੀਰ ਉਹ ਘਰ ਦਿੱਸਦਾ, ਉਸ ਘਰ ਵਿੱਚ ਆ ਕੇ ਬਾਵਾ ਰਹਿੰਦਾ ਹੁੰਦਾ ਸੀ।' (ਸ਼ਹੀਦ ਊਧਮ ਸਿੰਘ ਦਾ ਛੋਟਾ ਨਾਂ ਬਾਵਾ ਸੀ।)

ਫਿਰ ਮੈਨੂੰ ਪਤਾ ਲੱਗਿਆ ਕਿ ਇਨ੍ਹਾਂ ਦੋਵਾਂ ਨੇ ਇਹ ਥਾਂ ਕਿਉਂ ਚੁਣੀ, ਇਹ ਲੋਕਾਂ ਲਈ ਜ਼ਿਆਦਾ ਢੁਕਵੀਂ ਕਿਉਂ ਸੀ। ਇੱਥੇ ਗੁਰਦੁਆਰਾ ਬਣਾਉਣਾ ਸੀ ਜਿੱਥੇ ਊਧਮ ਸਿੰਘ ਰਹਿੰਦਾ ਸੀ ਜਿਸਨੇ ਸਰ ਮਾਈਕਲ ਓ'ਡਵਾਇਰ ਜਿਸਨੇ 1919 ਵਿੱਚ ਨਿਰਦੋਸ਼ ਲੋਕਾਂ ਨੂੰ ਮਾਰਿਆ ਸੀ, ਉਸਨੂੰ ਮਾਰ ਕੇ ਪੰਜਾਬ ਦੇ ਸਿਰ ਤੋਂ ਬਦਨਾਮੀ ਨੂੰ ਧੋ ਦਿੱਤਾ ਸੀ। ਊਧਮ ਸਿੰਘ ਨੇ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਮਜ਼ਦੂਰ ਸਭਾ) ਸ਼ੁਰੂ ਕੀਤੀ ਸੀ। ਪਾਪਾ ਜੀ ਅਤੇ ਖਾਲਸਾ ਅੰਦਰਖਾਤੇ ਊਧਮ ਸਿੰਘ ਦੀ ਯਾਦ ਨੂੰ ਸਿੱਜਦਾ ਕਰਨਾ ਚਾਹੁੰਦੇ ਸਨ। ਇੱਥੇ ਪਲਾਟ ਉਪਲੱਬਧ ਸੀ, ਇਸ ਲਈ ਉਨ੍ਹਾਂ ਨੇ ਲੈ ਲਿਆ। ਪਾਪਾ ਜੀ ਅਤੇ ਖਾਲਸਾ ਇੱਕ ਦੂਜੇ ਦੇ ਬਿਲਕੁਲ ਉਲਟ ਸਨ, ਪਰ ਫਿਰ ਵੀ ਉਹ ਚੰਗੇ ਦੋਸਤ ਸਨ।

ਅਗਲੇ ਦਿਨ ਪੂਰੀ ਟੀਮ ਉਸ ਜਗ੍ਹਾ 'ਤੇ ਆਈ, ਸੁੱਚਾ ਸਿੰਘ ਅਤੇ ਉਨ੍ਹਾਂ ਦੇ ਛੋਟੇ ਭਰਾ ਨੂੰ ਇਹ ਬਹੁਤ ਪਸੰਦ ਆਈ, ਇਹ ਉਨ੍ਹਾਂ ਲਈ ਢੁਕਵੀਂ ਸੀ। ਬਾਬਾ ਜੀ ਵੀ ਇਸ ਨਾਲ ਸਹਿਮਤ ਸਨ, ਉਨ੍ਹਾਂ ਲਈ ਇਹ ਉਦੋਂ ਤੱਕ ਮਾਅਨੇ ਨਹੀਂ ਰੱਖਦਾ ਸੀ ਜਦੋਂ ਤੱਕ ਗੁਰਦੁਆਰੇ ਦਾ ਨਿਰਮਾਣ ਨਹੀਂ ਹੁੰਦਾ ਸੀ। ਸੋਹਣ ਸਿੰਘ ਗੱਫਾ ਨੇ ਸ਼ਿਕਾਇਤ ਕੀਤੀ ਕਿ ਇਹ ਬਹੁਤ ਦੂਰ ਹੈ, ਪਰ ਜਗ੍ਹਾ ਚੰਗੀ ਹੈ। ਗਿਆਨੀ ਨੌਂਨਿਹਾਲ ਸਿੰਘ ਨੂੰ ਇਤਰਾਜ਼ ਸੀ ਕਿ ਇਹ ਪੱਬ ਦੇ ਬਹੁਤ ਨਜ਼ਦੀਕ ਹੈ। ਪਾਪਾ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਜਦੋਂ ਇੱਥੇ ਭਾਈਚਾਰੇ ਦੀ ਸੰਖਿਆ ਵਧ ਜਾਵੇਗੀ ਅਤੇ ਗੁਰਦੁਆਰੇ ਦਾ ਨਿਰਮਾਣ ਹੋ ਜਾਵੇਗਾ ਤਾਂ ਪੱਬ ਇੱਥੇ ਨਹੀਂ ਰਹੇਗਾ ਕਿਉਂਕਿ ਗੁਰਦੁਆਰਾ ਇਸਦੇ ਨਾਲ ਲੱਗਦੀ ਸਾਰੀ ਜਗ੍ਹਾ ਨੂੰ ਲੈ ਲਵੇਗਾ। ਜਿੱਥੇ ਹੁਣ ਪਾਰਕਿੰਗ ਹੈ, ਇੱਥੇ ਪਹਿਲਾਂ ਸਟਰੀਟ ਅਤੇ ਕਾਰ ਪਾਰਟਸ ਦਾ ਸਟੋਰ ਹੁੰਦਾ ਸੀ। ਗੁਰਦੁਆਰੇ ਦਾ ਉਸ ਤਰ੍ਹਾਂ ਹੀ ਵਾਧਾ ਹੋਇਆ ਜਿਵੇਂ ਪਾਪਾ ਜੀ ਨੇ ਨੌਂਨਿਹਾਲ ਸਿੰਘ ਨੂੰ ਕਿਹਾ ਸੀ।

ਜਗ੍ਹਾ ਨਾਲ ਸਾਰੇ ਸਹਿਮਤ ਸਨ। ਐਤਵਾਰ ਨੂੰ ਅਸੀਂ ਪੂਰਾ ਪਰਿਵਾਰ ਜਗ੍ਹਾ ਨੂੰ ਦੇਖਣ ਗਿਆ। ਇਸਤੋਂ ਪਹਿਲਾਂ ਇਸ ਥਾਂ ਕੋਲੋਂ ਮੈਂ ਬਹੁਤ ਬਾਰ ਲੰਘਿਆ ਸੀ, ਪਰ ਹੁਣ ਇਸਨੂੰ ਅਸੀਂ ਬਿਲਕੁਲ ਵੱਖਰੇ ਨਜ਼ਰੀਏ ਤੋਂ ਦੇਖਦੇ ਸਾਂ। ਫਿਰ ਅਚਾਨਕ ਇਹ ਸਾਡੇ ਦਿਲਾਂ ਨੂੰ ਛੂਹਣ ਲੱਗੀ।

ਹੁਣ ਜ਼ਮੀਨ ਅਧਿਗ੍ਰਹਿਣ ਕਰ ਲਈ ਗਈ। ਹੁਣ ਇਮਾਰਤ ਦੇ ਨਿਰਮਾਣ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਸਮਾਂ ਸੀ। ਪਾਪਾ ਜੀ ਨੇ ਵੱਖ ਵੱਖ ਟੀਮਾਂ ਨੂੰ ਲੋਕਾਂ ਦੇ ਘਰਾਂ ਵਿੱਚ ਫੰਡ ਇਕੱਠਾ ਕਰਨ ਲਈ ਭੇਜ ਦਿੱਤਾ ਸੀ ਜਿਹੜਾ ਕਿ ਵਧੀਆ ਚੱਲ ਰਿਹਾ ਸੀ। ਉਹ ਲੋਕਾਂ ਨੂੰ ਦਿਲ ਖੋਲ੍ਹ ਕੇ ਦੇਣ ਲਈ ਕਹਿ ਰਹੇ ਸਨ, ਪਰ ਲੋਕਾਂ ਦੇ ਪਰਿਵਾਰਾਂ ਦੀਆਂ ਲੋੜਾਂ ਦੀਆਂ ਸੀਮਾਵਾਂ ਨੂੰ ਵੀ ਜਾਣਦੇ ਸਨ। ਆਖਿਰ ਸਾਰੇ ਕੰਮਕਾਜੀ ਲੋਕ ਸਨ, ਜਿਹੜੇ ਸੈੱਟ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਆਪਣੇ ਪਰਿਵਾਰਾਂ ਨੂੰ ਪੰਜਾਬ ਤੋਂ ਲਿਆ ਰਹੇ ਸਨ। ਇਸਦੇ ਨਾਲ ਹੀ ਉਹ ਆਪਣੇ ਪਰਿਵਾਰਾਂ ਦੀ ਸਹਾਇਤਾ ਲਈ ਕੁਝ ਪੈਸੇ ਪੰਜਾਬ ਵੀ ਭੇਜਦੇ ਸਨ ਅਤੇ ਉਨ੍ਹਾਂ ਪਰਿਵਾਰਾਂ ਦਾ ਵੀ ਪਾਲਣ ਪੋਸ਼ਣ ਕਰਦੇ ਸਨ ਜਿਨ੍ਹਾਂ ਨੂੰ ਉਹ ਯੂਕੇ ਲੈ ਕੇ ਆਏ ਸਨ। ਇੰਨੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਕੇ ਬਹੁਤ ਘੱਟ ਪੈਸਾ ਬੱਚਦਾ ਸੀ। ਫਿਰ ਵੀ ਇਨ੍ਹਾਂ ਲੋਕਾਂ ਦਾ ਅਜਿਹੀ ਜਗ੍ਹਾ ਦਾ ਨਿਰਮਾਣ ਕਰਨਾ ਦਾ ਇਰਾਦਾ ਦ੍ਰਿੜ ਸੀ ਜਿੱਥੇ ਉਹ ਆਪਣਾ ਵਿਸ਼ਵਾਸ ਪ੍ਰਗਟਾ ਸਕਣ, ਅਤੇ ਉੱਥੇ ਵੀ ਘਰ ਵਰਗਾ ਅਹਿਸਾਸ ਕਰ ਸਕਣ। ਇਸ ਲਈ ਇਨ੍ਹਾਂ ਲੋਕਾਂ ਨੇ ਹਰ ਤਰ੍ਹਾਂ ਦੇ ਸਮਝੌਤੇ ਕਰਕੇ ਗੁਰਦੁਆਰੇ ਦੇ ਨਿਰਮਾਣ ਲਈ ਓਨਾ ਫੰਡ ਦਿੱਤਾ ਜਿੰਨਾ ਕਿ ਉਹ ਦੇ ਸਕਦੇ ਸਨ।

(ਚਲਦਾ)



# ਵਿਸਾਖੀ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ 'ਤੇ ਵੱਡੀ ਗਿਣਤੀ ਸੰਗਤ ਨਤਮਸਤਕ

## ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਵਿਸਾਖੀ





ਤਲਵੰਡੀ ਸਾਬੋ : ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਮੌਕੇ ਸਿੱਖ ਕੌਮ ਦੇ ਚੌਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਚੱਲ ਰਹੇ ਜੋੜ ਮੇਲੇ ਦੇ ਅੱਜ ਤੀਜੇ ਦਿਨ ਮੁੱਖ ਸਮਾਗਮ ਹੋਏ। ਇਸ ਮੌਕੇ ਵੱਡੀ ਗਿਣਤੀ ਸੰਗਤ ਪਾਵਨ ਸਰੋਵਰਾਂ ਵਿਚ ਇਸ਼ਨਾਨ ਕਰਕੇ ਤਖ਼ਤ ਸਾਹਿਬ ਅਤੇ ਹੋਰਨਾਂ ਇਤਿਹਾਸਕ ਗੁਰਦੁਆਰਿਆਂ ਵਿੱਚ ਨਤਮਸਤਕ ਹੋਈ ਪਰ ਪੁਲੀਸ ਦੇ ਭਾਰੀ ਸੁਰੱਖਿਆ ਪ੍ਰਬੰਧਾਂ ਦਾ ਅਸਰ ਵੀ ਮੇਲੇ 'ਤੇ ਦਿਖਾਈ ਦਿੱਤਾ ਅਤੇ ਸੰਗਤ ਦੀ ਆਮਦ ਪਿਛਲੇ ਸਾਲ ਨਾਲੋਂ ਕਾਫੀ ਘੱਟ ਦਿਖਾਈ ਦਿੱਤੀ।

ਅੱਜ ਤਖ਼ਤ ਸਾਹਿਬ ਵਿਖੇ ਤੜਕਸਾਰ ਧਾਰਮਿਕ ਦੀਵਾਨ ਸਜਾਏ ਗਏ। ਸਮਾਗਮਾਂ ਵਿੱਚ ਸ਼ਿਰਕਤ ਕਰਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸਾਹਿਬ ਦੀ ਫਸੀਲ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਦਿੱਤਾ ਅਤੇ ਸੰਗਤ ਨੂੰ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਗੁਰੂ ਸਾਹਿਬਾਨ ਦੇ ਪਾਵਨ ਸ਼ਸ਼ਤਰਾਂ ਦੇ ਦਰਸ਼ਨ ਦੀਦਾਰੇ ਕਰਵਾਏ। ਇਸ ਉਪਰੰਤ ਤਖ਼ਤ ਸਾਹਿਬ ਦੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਦੇਹਧਾਰੀ ਗੁਰੂ ਦਾ ਤਿਆਗ ਕਰਕੇ ਖੰਡੇ ਬਾਟੇ ਦੀ ਪਾਹੁਲ ਛਕ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੌਜੂਦਾ ਸਮੇਂ ਸਿੱਖਾਂ ਨੂੰ ਕਈ ਮੁਸ਼ਕਿਲਾਂ ਦਰਪੇਸ਼ ਹਨ ਅਤੇ ਇਨ੍ਹਾਂ ਦੇ ਹੱਲ ਲਈ ਸਿੱਖਾਂ ਨੂੰ ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਇੱਕ ਪਲੇਟਫਾਰਮ 'ਤੇ ਇਕੱਠੇ ਹੋਣਾ ਪਵੇਗਾ। ਭੋਗ ਉਪਰੰਤ ਤਖ਼ਤ ਸਾਹਿਬ ਦੇ ਦੀਵਾਨ ਹਾਲ ਵਿੱਚ ਧਾਰਮਿਕ ਸਮਾਗਮ ਹੋਏ। ਇਸ ਮੌਕੇ ਪੰਥ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ। ਦੂਜੇ ਪਾਸੇ ਬੀਤੀ ਰਾਤ ਵੀ ਦੀਵਾਨ ਹਾਲ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਪੰਥਕ ਕਵੀ ਰਛਪਾਲ ਸਿੰਘ ਪਾਲ ਸਮੇਤ ਹੋਰਨਾਂ ਕਵੀਆਂ ਦਾ ਸਨਮਾਨ ਕੀਤਾ। ਦੂਜੇ ਪਾਸੇ ਅੰਮ੍ਰਿਤਪਾਲ ਦੇ ਆਤਮ ਸਮਰਪਣ ਦੀਆਂ ਕਿਆਸਰਾਈਆਂ ਨੂੰ ਲੈ ਕੇ ਪਿਛਲੇ ਦੋ ਹਫ਼ਤਿਆਂ ਤੋਂ ਵੱਡੀ ਗਿਣਤੀ ਵਿੱਚ ਪੁਲੀਸ ਅਤੇ ਅਰਧ ਸੁਰੱਖਿਆ ਬਲ ਤਾਇਨਾਤ ਹੋਣ ਕਾਰਨ ਲੋਕਾਂ ਵਿੱਚ ਸਹਿਮ ਫੈਲ ਗਿਆ ਜਿਸ ਕਾਰਨ ਸ਼ਰਧਾਲੂਆਂ ਦੀ ਗਿਣਤੀ ਕਾਫੀ ਘੱਟ ਸੀ। ਇਸ ਮੌਕੇ ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ ਅਤੇ ਪ੍ਰੋ. ਬਲਜਿੰਦਰ ਕੌਰ ਵੀ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਏ। ਮੇਲੇ ਦੀ ਸਮਾਪਤੀ ਭਲਕੇ ਬੁੱਢਾ ਦਲ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਣ ਨਾਲ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਦੇ ਪ੍ਰਬੰਧਕੀ ਕੰਪਲੈਕਸ ਵਿਚ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਫੁੱਲ ਮਾਲਾਵਾਂ ਭੇਟ ਕੀਤੀਆਂ। ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਦਕਰ ਵੱਲੋਂ ਜਾਤ-ਪਾਤ ਖ਼ਤਮ ਕਰਨ ਦਾ ਹੋਕਾ ਦਿੱਤਾ ਗਿਆ ਸੀ। ਇਸ ਮਹਾਨ ਸ਼ਖ਼ਸੀਅਤ ਦਾ ਅੱਜ ਜਨਮ ਦਿਹਾੜਾ ਹੈ। ਇਸ ਤੋਂ ਇਲਾਵਾ ਅੱਜ ਸਿੱਖ ਪੰਥ ਦਾ ਵੀ ਸਿਰਜਣਾ ਦਿਵਸ ਹੈ ਜਿਸ ਕਾਰਨ ਅੱਜ ਵਡਭਾਗਾ ਦਿਨ ਹੈ। ਉਨ੍ਹਾਂ ਭਗਵੰਤ ਸਿੰਘ ਮਾਨ ਨੂੰ ਝੂਠਾ ਮੁੱਖ ਮੰਤਰੀ ਕਰਾਰ ਦਿੰਦਿਆਂ ਕਿਹਾ ਕਿ ਗਿਣਤੀ ਦੇ ਚੈੱਕ ਵੰਡ ਕੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂਕਿ ਮੁਆਵਜ਼ੇ ਲਈ ਸਿਰਫ਼ 12 ਕਰੋੜ ਦੀ ਰਾਸ਼ੀ ਰੱਖੀ ਗਈ ਹੈ।

## ਜੂਨ '84 ਤੋਂ ਬਾਅਦ ਪੰਜਾਬ 'ਚ ਐਨੇ ਸਖ਼ਤ ਸੁਰੱਖਿਆ ਪ੍ਰਬੰਧ ਦਿਖਾਈ ਦਿੱਤੇ : ਧਾਮੀ



ਤਲਵੰਡੀ ਸਾਬੋ : ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਧਾਰਮਿਕ ਸਮਾਗਮਾਂ 'ਚ ਸ਼ਿਰਕਤ ਕਰਨ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸਾਹਿਬਾਨ ਕੰਪਲੈਕਸ ਦੇ ਅੰਦਰ ਅਤੇ ਬਾਹਰ ਪੰਜਾਬ ਪੁਲਿਸ ਵਲੋਂ ਕੀਤੇ ਸਖਤ ਸੁਰੱਖਿਆ ਪ੍ਰਬੰਧਾਂ 'ਤੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਾਕਾ ਨੀਲਾ ਤਾਰਾ ਤੋਂ ਬਾਅਦ ਪਹਿਲੀ ਵਾਰ ਸੂਬੇ ਅੰਦਰ ਅਜਿਹੇ ਸੁਰੱਖਿਆ ਪ੍ਰਬੰਧ ਦੇਖੇ ਹਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਕੋਈ ਮਸਲਾ ਨਹੀਂ ਹੈ ਪਰ ਜੋ ਮਾੜਾ ਮੋਟਾ ਹੈ, ਉਸ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਲੱਗਦਾ ਇਹ ਹੈ ਕਿ ਪੰਜਾਬ ਦਾ ਅਕਸ ਧੁੰਦਲਾ ਕਰਕੇ ਦੇਸ਼ ਦੇ ਬਾਕੀ ਹਿੱਸਿਆਂ 'ਚ ਰਾਜਨੀਤਿਕ ਫ਼ਾਇਦਾ ਲੈਣ ਦੀ ਕੋਸ਼ਿਸ 'ਚ ਅਜਿਹਾ ਹੋ ਰਿਹਾ ਹੈ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪੁਲਿਸ ਵਲੋਂ ਫੜੇ ਸਿੱਖ ਨੌਜਵਾਨਾਂ ਦੀ ਮਦਦ ਲਈ ਸ਼੍ਰੋਮਣੀ ਕਮੇਟੀ ਹਮੇਸ਼ਾ ਤਿਆਰ ਮਿਲੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਡਿਬਰੂਗੜ੍ਹ ਜੇਲ੍ਹ 'ਚ ਬੰਦ ਸਿੱਖ ਨੌਜਵਾਨਾਂ ਨਾਲ ਵੀ ਮੁਲਾਕਾਤ ਕੀਤੀ ਹੈ ਅਤੇ ਬਾਕੀ ਕੇਸਾਂ 'ਚ ਨਾਮਜ਼ਦ ਕੀਤੇ ਸਿੱਖ ਨੌਜਵਾਨਾਂ ਨੂੰ ਵੀ ਹਰ ਤਰ੍ਹਾਂ ਦੀ ਕਾਨੂੰਨੀ ਮੱਦਦ ਮੁਹੱਈਆ ਕਰਵਾਈ ਹੈ। ਇਸ ਮੌਕੇ ਭਾਈ ਮੋਹਣ ਸਿੰਘ ਬੰਗੀ ਅੰਤ੍ਰਿਗ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਜਗਸੀਰ ਸਿੰਘ ਮਾਂਗੇਆਣਾ, ਭਾਈ ਗੁਰਪ੍ਰੀਤ ਸਿੰਘ ਝੱਬਰ, ਭਾਈ ਰਣਜੀਤ ਸਿੰਘ ਮੈਨੇਜਰ ਤਖ਼ਤ ਸਾਹਿਬ, ਭਾਈ ਗੁਰਸੇਵਕ ਸਿੰਘ ਕਿੰਗਰਾ ਮੀਤ ਮੈਨੇਜਰ ਆਦਿ ਮੌਜੂਦ ਸਨ।

## ਵਿਸਾਖੀ ਮੌਕੇ ਪਹਿਲੀ ਵਾਰ ਸੰਗਤ ਦੀ ਹੋਈ ਤਲਾਸ਼ੀ



ਤਲਵੰਡੀ ਸਾਬੋ : 'ਵਿਸਾਖੀ' ਜੋੜ ਮੇਲੇ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਵੇਰ ਦੇ ਦੀਵਾਨਾਂ ਦੀ ਸਮਾਪਤੀ ਮੌਕੇ ਸਿੱਖ ਕੌਮ ਦੇ ਨਾਂਅ ਸੰਦੇਸ਼ ਵਿਚ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਕਾਰਜਕਾਰੀ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਪੰਜਾਬ ਦੇ ਸ਼ਾਂਤ ਪਾਣੀਆਂ 'ਚ ਪੱਥਰ ਮਾਰ ਕੇ ਗੜਬੜੀ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ, ਜਦੋਂ ਕਿ ਪੰਜਾਬ ਵਿਚ ਨਾ ਤਾਂ ਕਿਸੇ ਦੋ ਭਾਈਚਾਰਿਆਂ 'ਚ ਦੰਗਾ ਫਸਾਦ ਜਾਂ ਖੂਨ ਖਰਾਬਾ ਹੋਇਆ ਅਤੇ ਨਾ ਹੀ ਲੋਕਾਂ ਦਾ ਸਰਕਾਰ ਨਾਲ ਕੋਈ ਟਕਰਾਅ ਹੋਇਆ, ਫਿਰ ਵੀ ਇਹ ਦਰਸਾਅ ਦਿੱਤਾ ਗਿਆ ਕਿ ਪੰਜਾਬ ਵਿਚ ਹਾਲਾਤ ਵਿਗੜ ਗਏ ਹਨ। ਤਖ਼ਤ ਸਾਹਿਬ ਦੀ ਫਸੀਲ ਤੋਂ ਸੰਬੋਧਨ ਵਿਚ ਸਿੰਘ ਸਾਹਿਬ ਨੇ ਕਿਹਾ ਕਿ ਭਾਵੇਂ ਕਿ ਹੋਰਨਾਂ ਕਈ ਸੂਬਿਆਂ ਵਿਚ ਦੋ ਫ਼ਿਰਕਿਆਂ 'ਚ ਭਿਆਨਕ ਟਕਰਾਅ ਹੋਏ ਪਰ ਉੱਥੇ ਕੋਈ ਗੜਬੜੀ ਨਹੀਂ ਦਿਖਾਈ ਗਈ। ਉਨ੍ਹਾਂ ਨੇ ਵਿਸਾਖੀ ਜੋੜ ਮੇਲੇ ਮੌਕੇ ਪੰਜਾਬ ਪੁਲਿਸ ਦੇ ਬੰਦੋਬਸਤਾਂ 'ਤੇ ਭਾਰੀ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਅੱਗੇ ਜਦੋਂ ਜੋੜ ਮੇਲਿਆਂ 'ਤੇ ਦੇਸ਼ ਵਿਦੇਸ਼ 'ਚੋਂ ਸੰਗਤ ਆਉਂਦੀ ਸੀ ਤਾਂ ਉਨ੍ਹਾਂ ਦੇ ਸਵਾਗਤ ਲਈ ਸਵਾਗਤੀ ਗੇਟ ਲੱਗਦੇ ਸਨ ਅਤੇ ਵੱਖ-ਵੱਖ ਪਦਾਰਥਾਂ ਦੇ ਲੰਗਰ ਲਗਦੇ ਸਨ ਪਰ ਇਸ ਵਾਰ ਪਹਿਲੀ ਵਾਰ ਸੰਗਤ ਦੀ ਤਲਾਸ਼ੀ ਲਈ ਗਈ। ਹੋ ਸਕਦਾ ਹੈ ਇਸ ਪਿੱਛੇ ਸਰਕਾਰ ਦੀ ਕੋਈ ਮਜ਼ਬੂਰੀ ਹੋਵੇ ਪਰ ਫ਼ਿਰ ਵੀ ਸੰਗਤ ਵਧਾਈ ਦੀ ਹੱਕਦਾਰ ਹੈ ਕਿ ਸਰਕਾਰੀ ਬੰਦਿਸ਼ਾਂ ਦੇ ਬਾਵਜੂਦ ਉਹ ਜੋੜ ਮੇਲੇ 'ਚ ਹਾਜ਼ਰੀ ਭਰ ਰਹੀ ਹੈ। ਸਿੰਘ ਸਾਹਿਬ ਨੇ ਮਹਾਰਾਸ਼ਟਰ ਵਿਚ ਘਰਾਂ 'ਚ ਕ੍ਰਿਪਾਨਾਂ ਰੱਖਣ ਕਰਕੇ ਕੁਝ ਸਿੱਖਾਂ 'ਤੇ ਮਾਮਲੇ ਦਰਜ ਹੋਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਕ੍ਰਿਪਾਨ ਸਾਨੂੰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੀ ਗਈ ਹੈ, ਇਸ ਲਈ ਹਰ ਸਿੱਖ ਆਪਣੇ ਘਰ ਵਿਚ ਕ੍ਰਿਪਾਨ ਰੱਖੇ।

## ਭ੍ਰਿਸ਼ਟਾਚਾਰੀਆਂ ਵੱਲੋਂ ਬਣਾਈ ਜਾਇਦਾਦ ਵੇਚ ਕੇ ਸਰਕਾਰੀ ਖਜ਼ਾਨੇ 'ਚ ਜਮ੍ਹਾਂ ਕਰਾਵਾਂਗੇ ਪੈਸਾ : ਭਗਵੰਤ ਮਾਨ



ਜਲੰਧਰ : ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ 'ਚ ਭ੍ਰਿਸ਼ਟਾਚਾਰੀਆਂ ਵੱਲੋਂ ਬਣਾਈ ਗਈ ਜਾਇਦਾਦ ਨੂੰ ਵੇਚ ਕੇ ਪੈਸਾ ਸਰਕਾਰੀ ਖਜ਼ਾਨੇ 'ਚ ਜਮ੍ਹਾਂ ਕਰਵਾਇਆ ਜਾਵੇਗਾ, ਜਿਸ ਨਾਲ ਪੰਜਾਬ ਵਿਚ ਵਿਕਾਸ ਦਾ ਨਵਾਂ ਦੌਰ ਸ਼ੁਰੂ ਕੀਤਾ ਜਾਵੇਗਾ। ਉਹ ਅੱਜ ਕਰਨਾਟਕ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਮੁਹਿੰਮ 'ਚ ਹਿੱਸਾ ਲੈ ਰਹੇ ਸਨ। ਉਨ੍ਹਾਂ ਵੱਖ-ਵੱਖ ਰੋਡ ਸ਼ੋਅਜ਼ ਵਿਚ ਹਿੱਸਾ ਲੈਂਦੇ ਹੋਏ ਵਿਸ਼ਾਲ ਜਨ-ਸਮੂਹ ਨੂੰ ਸੰਬੋਧਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਜੋ ਸਮੱਸਿਆਵਾਂ ਕਰਨਾਟਕ ਵਿਚ ਹਨ, ਉਹੀ ਪੰਜਾਬ ਵਿਚ ਵੀ ਹਨ। ਪੰਜਾਬ ਵਾਂਗ ਇੱਥੇ ਵੀ ਬੇਰੋਜ਼ਗਾਰੀ ਸਭ ਤੋਂ ਵੱਡੀ ਸਮੱਸਿਆ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪੰਜਾਬ 'ਚ 28 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਚੋਣ ਨਿਸ਼ਾਨ ਝਾੜੂ ਹੈ ਅਤੇ ਝਾੜੂ ਸਫਾਈ ਕਰਨ ਦਾ ਕੰਮ ਕਰਦਾ ਹੈ। ਇਸ ਝਾੜੂ ਦੀ ਮਦਦ ਨਾਲ ਸਾਰੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦਿੱਤਾ ਜਾਵੇਗਾ। ਭਾਜਪਾ ਤਾਂ ਜੁਮਲੇ ਵਾਲੀ ਪਾਰਟੀ ਬਣ ਕੇ ਰਹਿ ਗਈ ਹੈ। ਉਸ ਨੇ ਚੋਣਾਂ ਤੋਂ ਪਹਿਲਾਂ 15-15 ਲੱਖ ਰੁਪਏ ਸਾਰੇ ਲੋਕਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਉਣ ਦਾ ਵਾਅਦਾ ਕੀਤਾ ਸੀ, ਜੋ ਜੁਮਲਾ ਸਾਬਤ ਹੋਇਆ ਹੈ।

ਉਨ੍ਹਾਂ ਕਿਹਾ ਕਿ ਕਰਨਾਟਕ ਵਿਚ ਲੋਕ ਕਾਂਗਰਸ ਨੂੰ ਵੋਟ ਦੇ ਕੇ ਆਪਣੀ ਵੋਟ ਖ਼ਰਾਬ ਨਾ ਕਰਨ ਕਿਉਂਕਿ ਚੋਣ ਜਿੱਤਣ ਤੋਂ ਬਾਅਦ ਕਾਂਗਰਸ ਦੇ ਵਿਧਾਇਕ ਭਾਜਪਾ 'ਚ ਸ਼ਾਮਲ ਹੋ ਜਾਂਦੇ ਹਨ ਜਾਂ ਭਾਜਪਾ ਉਨ੍ਹਾਂ ਨੂੰ ਖਰੀਦ ਲੈਂਦੀ ਹੈ। ਕਾਂਗਰਸ ਵਾਲਿਆਂ ਨੂੰ ਤਾਂ ਆਪਣੇ ਘਰਾਂ ਦੇ ਬਾਹਰ ਬੋਰਡ ਲਾ ਦੇਣਾ ਚਾਹੀਦਾ ਹੈ, ਜਿਸ ਉੱਪਰ ਲਿਖਿਆ ਹੋਵੇ ਕਿ ਇੱਥੇ ਵੋਟਾਂ ਵੇਚੀਆਂ ਜਾਂਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਜਿਨ੍ਹਾਂ ਲੋਕਾਂ ਨੇ ਭ੍ਰਿਸ਼ਟਾਚਾਰ ਕੀਤਾ ਹੈ, ਉਨ੍ਹਾਂ ਵਿਚੋਂ ਕਈ ਅਜੇ ਜੇਲ੍ਹਾਂ 'ਚ ਬੈਠੇ ਹੋਏ ਹਨ। ਉਨ੍ਹਾਂ ਕੋਲੋਂ ਸਾਰਾ ਪੈਸਾ ਵਸੂਲਿਆ ਜਾਵੇਗਾ ਅਤੇ ਇਹ ਪੈਸਾ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਹੋਵੇਗਾ। ਉਨ੍ਹਾਂ ਦੀ ਪਾਰਟੀ ਤੇ ਸਰਕਾਰ ਭ੍ਰਿਸ਼ਟਾਚਾਰ ਨੂੰ ਲੈ ਕੇ ਕੋਈ ਸਮਝੌਤਾ ਕਰਨ ਵਾਲੀ ਨਹੀਂ। ਭਾਜਪਾ ਤੇ ਕਾਂਗਰਸ ਦਾ ਚੋਣ ਨਿਸ਼ਾਨ ਦੇਖਣ ਨਾਲ ਅੱਖਾਂ ਵਿਚ ਮੋਤੀਆ ਉਤਰ ਆਉਂਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਤੇ ਕਾਂਗਰਸ 'ਤੇ ਵਿਅੰਗ ਕਰਦੇ ਹੋਏ ਕਿਹਾ ਕਿ ਲੋਕ ਜਦੋਂ ਭਾਜਪਾ ਤੇ ਕਾਂਗਰਸ ਦਾ ਚੋਣ ਨਿਸ਼ਾਨ ਵੇਖਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ 'ਚ ਮੋਤੀਆ ਉਤਰ ਆਉਂਦਾ ਹੈ। ਇਹ ਦੋਵੇਂ ਪਾਰਟੀਆਂ ਆਪਸ 'ਚ ਸਮਝੌਤਾ ਕਰ ਕੇ 5-5 ਸਾਲ ਸੱਤਾ ਵਿਚ ਆਉਂਦੀਆਂ ਰਹੀਆਂ ਹਨ। ਸੂਬਿਆਂ ਵਿਚ ਤਾਂ ਇਹੀ ਰਿਵਾਜ ਚੱਲਦਾ ਰਿਹਾ ਹੈ। ਹੁਣ ਲੋਕਾਂ ਦਾ ਝੁਕਾਅ ਆਮ ਆਦਮੀ ਪਾਰਟੀ ਵੱਲ ਹੋਇਆ ਹੈ ਅਤੇ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ 'ਆਪ' ਕੌਮੀ ਪਾਰਟੀ ਬਣ ਚੁੱਕੀ ਹੈ। ਇਸ ਪਾਰਟੀ ਦਾ ਜਨਮ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਦੇ ਨਾਲ ਹੋਇਆ ਹੈ ਅਤੇ ਇਹ ਦੇਸ਼ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰ ਕੇ ਸਾਹ ਲਵੇਗੀ।

## ਭਾਰਤੀ ਪੱਤਰਕਾਰ ਸਦਨ ਹਰਪਾਲ ਸਿੰਘ ਚੇਅਰਮੈਨ ਤੇ ਫੁੱਲਜੀਤ ਸਿੰਘ ਵਰਪਾਲ ਬਣੇ ਪ੍ਰਧਾਨ



ਅੰਮ੍ਰਿਤਸਰ (ਸਾਡੇ ਲੋਕ) : ਭਾਰਤੀ ਪੱਤਰਕਾਰ ਸਦਨ ਦੇ ਪੱਤਰਕਾਰਾਂ ਵਲੋਂ ਮੀਟਿੰਗ ਕੀਤੀ ਗਈ ਜਿਸ ਵਿਚ ਸਮਾਜ ਸੇਵੀ ਹਰਪਾਲ ਸਿੰਘ ਯੂ ਕੇ ਨੂੰ ਸਰਪ੍ਰਸਤ, ਹਰਪਾਲ ਸਿੰਘ ਚੇਅਰਮੈਨ, ਫੁਲਜੀਤ ਸਿੰਘ ਵਰਪਾਲ ਪ੍ਰਧਾਨ, ਗਗਨਦੀਪ ਸਿੰਘ ਬੇਦੀ ਸਕੱਤਰ ਜਨਰਲ, ਦੀਪਕ ਕੁਮਾਰ ਮੀਤ ਪ੍ਰਧਾਨ, ਮੀਤ ਸਕੱਤਰ ਚੰਦਨ ਨਾਰੰਗ, ਰਜਿੰਦਰ ਸਿੰਘ ਸਾਂਘਾ ਮੁੱਖ ਸਲਾਹਕਾਰ, ਦਿਨੇਸ਼ ਸੋਨੀ ਪ੍ਰੈਸ ਸਕੱਤਰ, ਜਗਤਾਰ ਸਿੰਘ ਸਹਿਮੀ ਮਾਝਾ ਜ਼ੋਨ ਦੇ ਪ੍ਰਧਾਨ, ਸੁਖਜਿੰਦਰ ਸਿੰਘ ਗਿੱਲ ਮਾਲਵਾ ਜ਼ੋਨ ਪ੍ਰਧਾਨ, ਰਵਿੰਦਰ ਸਿੰਘ ਟਾਂਡਾ ਦੁਆਬਾ ਜ਼ੋਨ ਪ੍ਰਧਾਨ ਚੁਣੇ ਗਏ। ਇਸ ਮੌਕੇ ਸਰਪ੍ਰਸਤ ਹਰਪਾਲ ਸਿੰਘ ਯੂ.ਕੇ. ਤੇ ਸਕੱਤਰ ਜਨਰਲ ਗਗਨਦੀਪ ਸਿੰਘ ਬੇਦੀ ਨੇ ਦੱਸਿਆ ਕਿ ਪੱਤਰਕਾਰਾਂ ਦੀ ਇਹ ਜਥੇਬੰਦੀ ਪੰਜਾਬ ਪੱਧਰ 'ਤੇ ਬਣਾਈ ਗਈ ਹੈ ਪਰ ਇਸ ਦੇ ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਦਿੱਲੀ ਵਿਚ ਵੀ ਸਥਾਪਤ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਭਾਰਤੀ ਪੱਤਰਕਾਰ ਸਦਨ ਸਮੇਂ ਸਮੇਂ ਪੱਤਰਕਾਰਾਂ ਨੂੰ ਸਮੱਸਿਆਵਾਂ ਆਉਂਦੀਆਂ ਹਨ, ਉਹ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕੋਲ ਉਠਾਉਣਗੇ। ਉਨ੍ਹਾਂ ਨੇ ਕਿਹਾ ਕਿ ਭਾਰਤੀ ਪੱਤਰਕਾਰ ਸਦਨ ਚੇਅਰਮੈਨ ਹਰਪਾਲ ਸਿੰਘ ਯੂ.ਕੇ. ਅਤੇ ਪ੍ਰਧਾਨ ਫੁੱਲਜੀਤ ਸਿੰਘ ਵਰਪਾਲ ਨਾਲ ਸਲਾਹ ਕਰਕੇ ਭਾਰਤੀ ਪੱਤਰਕਾਰ ਸਦਨ ਮੀਟਿੰਗ ਬੁਲਾ ਕੇ ਬਾਕੀ ਅਹੁਦੇਦਾਰਾਂ ਦਾ ਐਲਾਨ ਵੀ ਕਰ ਦਿੱਤਾ ਜਾਵੇਗਾ।

# ਯੂਪੀ ਵਿਚ ਮਾਫ਼ੀਆ ਕਿਸੇ ਨੂੰ ਡਰਾ ਨਹੀਂ ਸਕਦਾ : ਅਦਿੱਤਿਆਨਾਥ ਯੋਗੀ

## *ਮੋਦੀ ਅਤੇ ਯੋਗੀ ਦੀ ਜੋੜੀ ਨੇ ਯੂ.ਪੀ. ਦਾ ਚਿੱਤਰ ਅਤੇ ਚਰਿੱਤਰ ਬਦਲੇ : ਕੇਂਦਰੀ ਮੰਤਰੀ ਪਿਊਸ਼ ਗੋਇਲ*








ਲਖਨਊ : ਯੂਪੀ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਅਤੀਕ-ਅਸਰਫ ਦੇ ਕਤਲ ਅਤੇ ਅਸਦ ਦੇ ਪੁਲਿਸ ਮੁਕਾਬਲੇ ਤੋਂ ਬਾਅਦ ਆਪਣੇ ਪਹਿਲੇ ਸਰਕਾਰੀ ਬਿਆਨ ਵਿਚ ਹੈ ਕਿ ਹੁਣ ਯੂਪੀ ਵਿਚ ਕੋਈ ਵੀ ਪੇਸ਼ੇਵਰ ਅਪਰਾਧੀ ਅਤੇ ਮਾਫ਼ੀਆ ਕਿਸੇ ਨੂੰ ਡਰਾ ਨਹੀਂ ਸਕਦਾ। ਯੋਗੀ ਨੇ ਕਿਹਾ ਕਿ ਅੱਜ ਯੂਪੀ ਵਿਚ ਵਧੀਆ ਕਾਨੂੰਨ ਵਿਵਸਥਾ ਦੀ ਗਰੰਟੀ ਦਿੰਦਾ ਹੈ। ਲਖਨਊ ਦੇ ਲੋਕ ਭਵਨ ਵਿਚ ਟੈਕਸਟਾਈਲ ਪਾਰਕ ਖਿਤਰ ਵਿਚ ਉਦਯੋਗਪਤੀਆਂ ਅਤੇ ਕਾਰੋਬਾਰੀਆਂ ਨੂੰ ਸੰਬੋਧਨ ਕਰਦਿਆਂ ਯੋਗੀ ਅਦਿੱਤਿਆਨਾਂਥ ਨੇ ਕਿਹਾ ਕਿ 2017 ਤੋਂ ਪਹਿਲਾਂ ਯੂਪੀ ਵਿਚ ਕਾਨੂੰਨ ਵਿਵਸਥਾ ਬਹੁਤ ਖਰਾਬ ਸੀ, ਯੂਪੀ ਦੇਸ਼ ਦੁਨੀਆ ਵਿਚ ਕਤਲੋਗਾਰਤ ਅਤੇ ਦੰਗਿਆਂ ਲਈ ਮਸ਼ਹੂਰ ਸੀ। ਉਨ੍ਹਾਂ ਕਿਹਾ ਕਿ ਬਹੁਤ ਅਜਿਹੇ ਗ੍ਰੋਹ ਸਨ, ਜਿਨ੍ਹਾਂ ਦੇ ਨਾਮ ਤੋਂ ਹੀ ਲੋਕ ਡਰਦੇ ਸਨ ਪਰ ਅੱਜ ਲੋਕਾਂ ਨੂੰ ਕਿਸੇ ਤੋਂ ਵੀ ਡਰਨ ਦੀ ਲੋੜ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ 2017 ਤੋਂ ਪਹਿਲਾਂ ਹਰ ਦੂਸਰੇ-ਤੀਸਰੇ ਦਿਨ ਯੂਪੀ ਵਿਚ ਦੰਗੇ ਅਤੇ ਕਤਲੇਆਮ ਦੀਆਂ ਘਟਨਾਵਾਂ ਹੁੰਦੀਆਂ ਸਨ। ਉਨ੍ਹਾਂ ਕਿਹਾ ਕਿ ਜੋ ਅੱਜ ਸਾਡੀ ਸਰਕਾਰ ਦੌਰਾਨ ਅਮਨ ਕਾਨੂੰਨ ਉਪਰ ਸਵਾਲ ਉਠਾ ਰਹੇ ਹਨ, ਉਨ੍ਹਾਂ ਨੂੰ ਦੇਖਣਾ ਚਾਹੀਦਾ ਹੈ ਕਿ ਸਾਲ 2007 ਤੋਂ 2012 ਦੌਰਾਨ ਯੂਪੀ ਵਿਚ 364 ਦੰਗੇ ਹੋਏ, 2012 ਤੋਂ 2017 ਤੱਕ 700 ਦੰਗੇ ਹੋਏ ਅਤੇ 2017 ਤੋਂ 2023 ਤੱਥ ਯੂਪੀ ਵਿਚ ਇਕ ਵੀ ਦੰਗਾ ਨਹੀਂ ਹੋਇਆ ਅਤੇ ਯੂਪੀ ਵਿਚ ਇਕ ਵੀ ਥਾਂ ਕਰਫਿਊ ਲਗਾਉਣ ਦੀ ਨੌਬਤ ਨਹੀਂ ਆਈ। ਉਨ੍ਹਾਂ ਕਿਹਾ ਕਿ ਲੋਕ ਜੋ ਮਰਜ਼ੀ ਕਹਿਣ ਯੂਪੀ ਅੱਜ ਵਧੀਆ ਕਾਨੂੰਨ ਵਿਵਸਥਾ ਦੀ ਗਰੰਟੀ ਦਿੰਦਾ ਹੈ। ਯੂਪੀ ਦੇ ਬੁਨਿਆਦੀ ਢਾਂਚੇ ਸਬੰਧੀ ਯੋਗੀ ਨੇ ਕਿਹਾ ਕਿ ਇਥੇ ਪਹਿਲਾਂ ਸੜਕਾਂ ਵਿਚ ਹਮੇਸ਼ਾ ਹੀ ਖੱਡੇ ਦਿਖਾਈ ਦਿੰਦੇ ਸਨ ਪਰ ਹੁਣ ਜਿਸ ਵੀ ਸੂਬੇ ਤੋਂ ਯੂਪੀ ਦੀ ਹੱਦ ਸ਼ੁਰੂ ਹੁੰਦੀ ਹੈ, ਸਾਰੀਆਂ ਸੜਕਾਂ ਇੰਟਰਸਟੇਟ ਸਬੰਧਾਂ ਤਹਿਤ ਚਾਰ ਮਾਰਗੀ ਹੋ ਚੁੱਕੀਆਂ ਹਨ। ਉਨ੍ਹਾਂ ਕਾਰੋਬਾਰੀਆਂ ਨੂੰ ਕਿਹਾ ਕਿ ਯੂਪੀ ਅੱਜ ਵਧੀਆ ਅਮਨ ਕਾਨੂੰਨ ਵਿਵਸਥਾ ਦੇ ਨਾਲ-ਨਾਲ ਬੁਨਿਆਦੀ ਢਾਂਚੇ ਵਿਚ ਮਜ਼ਬੂਤੀ ਦੇ ਨਾਲ ਸਾਰੇ ਕਾਰੋਬਾਰੀਆਂ ਨੂੰ ਉਨ੍ਹਾਂ ਦੀ ਪੂੰਜੀ ਦੀ ਸੁਰੱਖਿਆ ਦੀ ਗਰੰਟੀ ਵੀ ਦਿੰਦਾ ਹੈ।

ਇਸ ਦੇ ਨਾਲ ਹੀ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਕਿਹਾ ਹੈ ਕਿ ਕਿਸੇ ਸਮੇਂ ਅਪਰਾਧਾਂ ਦੀ ਰਾਜਧਾਨੀ ਮੰਨੇ ਜਾਂਦੇ ਯੂਪੀ ਨੂੰ ਇਸ ਤਰ੍ਹਾਂ ਅਪਰਾਧ ਮੁਕਤ ਕੀਤਾ ਗਿਆ ਹੈ ਕਿ ਅਪਰਾਧੀ ਲੋਕ ਇਥੇ ਹੁਣ ਆਉਣ ਤੋਂ ਵੀ ਡਰਦੇ ਹਨ। ਕੇਂਦਰੀ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੀ ਜੋੜੀ ਨੇ ਯੂਪੀ ਦਾ ਚਿੱਤਰ ਅਤੇ ਚਰਿੱਤਰ ਦੋਵੇਂ ਬਦਲ ਦਿੱਤੇ ਹਨ। ਉਨ੍ਹਾਂ ਕਿਹਾ ਕਿ 2017 ਤੋਂ ਪਹਿਲਾਂ ਦੇ ਯੂਪੀ ਅਤੇ ਅੱਜ ਦੇ ਯੂਪੀ ਵਿਚ ਫਰਕ ਸਪਸ਼ਟ ਦੇਖਿਆ ਜਾ ਸਕਦਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ 2017 ਤੋਂ ਅੱਜ ਤੱਕ 6 ਸਾਲਾਂ ਵਿਚ ਯੂਪੀ ਦੀ ਤਸਵੀਰ ਬਹੁਤ ਬਦਲ ਗਈ ਹੈ। ਉਨ੍ਹਾਂ ਕਿਹਾ ਕਿ ਇਥੇ ਕਈ ਪਾਰਟੀਆਂ ਦੀਆਂ ਸੂਬਾ ਸਰਕਾਰਾਂ ਆਈਆਂ ਪਰ ਸਾਰਿਆਂ ਨੇ ਆਪੋ-ਆਪਣੇ ਸਿਆਸੀ ਸਵਾਰਥ ਪੂਰੇ ਕੀਤੇ, ਲੋਕਾਂ ਦੀਆਂ ਲੋੜਾਂ ਵੱਲ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਯੂਪੀ ਵਿਚ ਟ੍ਰਿਲੀਅਨ ਡਾਲਰ ਦੀ ਆਰਥਿਕਤਾ ਬਣਨ ਵੱਲ ਵੱਧ ਚੁੱਕਾ ਹੈ। ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਅਤੇ ਸੁਰੱਖਿਆ ਦੇ ਮਾਮਲੇ ਵਿਚ ਹਮੇਸ਼ਾ ਹੀ ਜੰਗਲ ਰਾਜ ਵਾਲਾ ਸੂਬਾ ਕਹੇ ਜਾਂਦੇ ਯੂਪੀ ਵਿਚ ਗਲੋਬਲ ਇਨਵੈਸਟਰ ਸੰਮੇਲਨ ਕਰਵਾਉਣਾ ਕਲਪਨਾ ਤੋਂ ਹੀ ਬਾਹਰ ਸੀ ਪਰ ਅੱਜ ਦੇਸ਼ ਵਿਦੇਸ਼ ਦੇ ਲੋਕ ਯੂਪੀ ਵਿਚ ਪੈਸਾ ਲਗਾਉਣ ਲਈ ਲਾਈਨ ਲਗਾ ਕੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਯੂਪੀ ਵਿਚ ਮਿਹਨਤ ਅਤੇ ਯੋਗਤਾ ਨਾਲ ਵਿਕਾਸ ਹੋ ਰਿਹਾ ਹੈ, ਇਹ ਕਿਸੇ ਹੋਰ ਸੂਬੇ ਵਿਚ ਦਿਖਾਈ ਨਹੀਂ ਦਿੰਦਾ।



# ਮੋਦੀ ਸਰਕਾਰ 2047 ਤੱਕ ਭਾਰਤ ਨੂੰ ਨਸ਼ਾ ਮੁਕਤ ਬਣਾ ਦੇਵੇਗੀ : ਅਮਿਤ ਸ਼ਾਹ



ਨਵੀਂ ਦਿੱਲੀ- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਿੱਲੀ ਵਿੱਚ ਐਂਟੀ ਨਾਰਕੋਟਿਕਸ ਟਾਸਕ ਫੋਰਸ ਦੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ। ਦਿੱਲੀ ਪੂਸਾ ਸੰਸਥਾਨ 'ਚ ਹੋ ਰਹੇ ਇਸ ਪ੍ਰੋਗਰਾਮ 'ਚ ਪਹਿਲੀ ਵਾਰ ਉਹ ਐਂਟੀ ਨਾਰਕੋਟਿਕਸ ਟਾਸਕ ਫੋਰਸ ਦੇ ਮੁਖੀਆਂ ਨਾਲ ਸਨ, ਇਸ ਕਾਨਫਰੰਸ 'ਚ ਦੇਸ਼ 'ਚ ਨਸ਼ੀਲੇ ਪਦਾਰਥਾਂ 'ਤੇ ਲਗਾਮ ਕੱਸਣ ਲਈ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਗ੍ਰਹਿ ਮੰਤਰੀ ਨੇ ਇਸ ਮੌਕੇ ਕਿਹਾ ਕਿ ਮੋਦੀ ਸਰਕਾਰ ਨਸ਼ਿਆਂ ਦੀ ਅਲਾਮਤ ਨੂੰ ਖ਼ਤਮ ਕਰਨ ਲਈ ਵਚਨਬੱਧ ਹੈ। ਅਸੀਂ 2047 ਤੱਕ ਭਾਰਤ ਨੂੰ ਨਸ਼ਾ ਮੁਕਤ ਬਣਾਵਾਂਗੇ।

ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ, "ਸਾਡੇ ਧਿਆਨ ਵਿੱਚ ਇਹ ਹੋਣਾ ਚਾਹੀਦਾ ਹੈ ਕਿ ਇਸ ਸਾਲ ਆਜ਼ਾਦੀ ਦਾ ਅੰਮ੍ਰਿਤ ਮਹੋਤਸਵ ਮਨਾਇਆ ਜਾ ਰਿਹਾ ਹੈ। ਮੋਦੀ ਜੀ ਨੇ 2047 ਤੱਕ ਭਾਰਤ ਨੂੰ ਨਸ਼ਾ ਮੁਕਤ ਰਾਜ ਬਣਾਉਣ ਦਾ ਟੀਚਾ ਰੱਖਿਆ ਹੈ। ਭਾਰਤ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਾਰਿਆਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, "ਭਾਰਤ ਸਰਕਾਰ ਵੱਲੋਂ ਨਾਰਕੋਟਿਕਸ ਵਿਰੁੱਧ ਚੁੱਕੇ ਜਾ ਰਹੇ ਕਦਮ ਬਹੁਤ ਸਫਲ ਰਹੇ ਹਨ। ਦੇਸ਼ ਦੀ ਸਰਹੱਦ ਤੋਂ ਨਾਰਕੋ ਟੈਰਰ ਦੇ ਨਾਂ 'ਤੇ ਨਸ਼ੀਲੇ ਪਦਾਰਥਾਂ ਦੀ ਖੇਪ ਭੇਜੀ ਜਾ ਰਹੀ ਹੈ। ਬਹੁਤ ਸਾਰੇ ਦੇਸ਼ ਅਜਿਹੇ ਹਨ ਜੋ ਨਸ਼ਿਆਂ ਵਿਰੁੱਧ ਲੜਾਈ ਵਿੱਚ ਹਾਰ ਰਹੇ ਹਨ। ਪਰ ਸਾਡੀ ਲੜਾਈ ਜਾਰੀ ਹੈ ਅਤੇ ਅਸੀਂ ਜਿੱਤਾਂਗੇ।"

# ਨਰਿੰਦਰ ਮੋਦੀ ਨੇ ਵਧਾਇਆ ਮੀਡੀਆ ਦਾ ਹੌਸਲਾ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਮੋਦੀ ਨੇ ਸੁਝਾਅ ਦਿੱਤਾ ਹੈ ਕਿ ਮੀਡੀਆ ਘਰਾਨਿਆਂ ਨੂੰ 'ਸੰਤੁਲਨ' ਕਰਨਾ ਬੰਦ ਕਰ ਦੇਣਾ ਚਾਹੀਦਾ ਅਤੇ ਭਾਰਤ ਦੇ ਚੰਗੀ ਸਥਿਤੀ 'ਚ ਹੋਣ ਦਾ ਲਾਭ ਉਠਾਉਣਾ ਚਾਹੀਦਾ ਅਤੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਜਾਣ ਲਈ ਪ੍ਰੇਰਿਤ ਕੀਤਾ। ਹਾਲਾਂਕਿ ਉਨ੍ਹਾਂ ਨੇ ਵਿਸਥਾਰ ਨਾਲ ਇਹ ਨਹੀਂ ਦੱਸਿਆ ਕਿ 'ਸੰਤੁਲਨ' ਤੋਂ ਉਨ੍ਹਾਂ ਦਾ ਕੀ ਮਤਲਬ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਉਹ ਅਸਿੱਧੇ ਤੌਰ 'ਤੇ ਪ੍ਰਮੁੱਖ ਮੀਡੀਆ ਘਰਾਨਿਆਂ ਨੂੰ ਵਿਰੋਧੀ ਧਿਰ ਨੂੰ ਵੀ ਖੁਸ਼ ਰੱਖਣ ਦੀ ਬਜਾਏ ਸਿਰਫ ਅੱਗੇ ਵਧਦੇ ਭਾਰਤ 'ਚ ਸ਼ਾਮਲ ਹੋਣ ਲਈ ਇਕ ਰਸਤਾ ਚੁਨਣ ਲਈ ਪ੍ਰੇਰਿਤ ਕਰ ਰਹੇ ਸਨ। ਉਹ ਚਾਹੁੰਦੇ ਸਨ ਕਿ ਉਹ ਵਿਸ਼ਵ ਪੱਧਰ 'ਤੇ ਆਪਣੇ ਨੈੱਟਵਰਕ ਦਾ ਵਿਸਥਾਰ ਕਰ ਕੇ ਭਾਰੀ ਮੌਕਿਆਂ ਦਾ ਲਾਭ ਉਠਾਉਣ। ਪੀ. ਐੱਮ. ਉਤਸੁਕ ਹਨ ਕਿ ਭਾਰਤੀ ਮੀਡੀਆ ਘਰਾਨਿਆਂ ਨੂੰ ਗਲੋਬਲ ਹੋ ਜਾਣਾ ਚਾਹੀਦਾ। ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਧਾਨ



ਮੰਤਰੀ ਆਪਣੀ ਸਰਕਾਰ ਵਿਰੁੱਧ ਪੱਛਮੀ ਮੀਡੀਆ ਆਊਟਲੈੱਟਸ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਆਲੋਚਨਾਵਾਂ ਤੋਂ ਨਾਖੁਸ਼ ਹਨ ਅਤੇ ਉਨ੍ਹਾਂ ਨੂੰ ਉਸੇ ਢੰਗ ਨਾਲ ਜਵਾਬ ਦੇਣ ਲਈ ਉਤਸੁਕ ਹਨ।

ਮੰਤਰੀਆਂ ਲਈ ਇਕ ਹੋਰ ਪਾਬੰਦੀਸ਼ੁਦਾ ਜ਼ੋਨ ਖੁਫੀਆ ਏਜੰਸੀਆਂ ਵੱਲੋਂ ਸਰਕਾਰ ਨੂੰ ਇਹ ਸੂਚਨਾ ਦਿੱਤੇ ਜਾਣ ਤੋਂ ਬਾਅਦ ਕਿ ਕੁਝ ਮੰਤਰੀਆਂ ਅਤੇ ਵੱਡੇ ਨੌਕਰਸ਼ਾਹਾਂ ਦੇ ਕੁਝ ਰਿਸ਼ਤੇਦਾਰ ਐੱਨ. ਜੀ. ਓ. ਨਾਲ ਸਰਗਰਮ ਤੌਰ 'ਤੇ ਜੁੜੇ ਹੋਏ ਹਨ, ਸੁਧਾਰ ਵਾਲੇ ਕਦਮ ਚੁੱਕੇ ਜਾ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਮੰਤਰੀ ਮੰਡਲ ਦੇ ਸਹਿਯੋਗੀਆਂ ਨੂੰ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਅਜਿਹੇ ਗੈਰ-ਸਰਕਾਰੀ ਸੰਗਠਨਾਂ 'ਚ ਅਹੁਦਿਆਂ ਤੋਂ ਰਹਿਣ ਤੋਂ ਬਚਣਾ ਚਾਹੀਦਾ, ਖਾਸ ਤੌਰ 'ਤੇ ਜੋ ਵਿਦੇਸ਼ਾਂ ਤੋਂ ਪੈਸਾ ਹਾਸਲ ਕਰਦੇ ਹਨ।

ਜੇ ਉਹ ਦਲਿਤਾਂ ਅਤੇ ਹੋਰਾਂ ਲਈ ਕੰਮ ਕਰਨਾ ਚਾਹੁੰਦੇ ਹਨ ਤਾਂ ਉਹ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਨਾਲ ਜੁੜ ਕੇ ਅਜਿਹਾ ਕਰ ਸਕਦੇ ਹਨ। ਹਾਲ ਦੇ ਦਿਨਾਂ 'ਚ ਜਿਸ ਤਰ੍ਹਾਂ ਨਾਲ ਗ੍ਰਹਿ ਮੰਤਰਾਲਾ ਨੇ ਐੱਫ. ਸੀ. ਆਰ. ਏ. ਨਿਯਮਾਂ ਅਤੇ ਪ੍ਰਕਿਰਿਆਵਾਂ ਦੇ ਉਲੰਘਣ ਲਈ ਸੈਂਕੜੇ ਗੈਰ-ਸਰਕਾਰੀ ਸੰਗਠਨਾਂ 'ਤੇ ਕਾਰਵਾਈ ਕੀਤੀ ਹੈ, ਉਹ ਸਿਆਸੀ ਨੇਤਾਵਾਂ ਅਤੇ ਨੌਕਰਸ਼ਾਹਾਂ ਨੂੰ ਇਕ ਮਜ਼ਬੂਤ ਸੰਕੇਤ ਦਿੰਦਾ ਹੈ।

# ਨਵੀਆਂ ਕਾਢਾਂ 'ਤੇ ਧਿਆਨ ਦੇਵੇ ਹਿਮਾਚਲ 'ਵਰਸਿਟੀ: ਮੁਰਮੂ

ਸ਼ਿਮਲਾ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਕਿ ਜਲਵਾਯੂ ਤਬਦੀਲੀ ਦੇ ਮੱਦੇਨਜ਼ਰ ਵਾਤਾਵਰਨ ਚੁਣੌਤੀਆਂ ਨਾਲ ਨਜਿੱਠਣ ਲਈ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਨੂੰ ਇਸ ਖੇਤਰ ਵਿੱਚ ਖੋਜ ਅਤੇ ਨਵੀਆਂ ਕਾਢਾਂ 'ਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਰਾਸ਼ਟਰਪਤੀ ਮੁਰਮੂ ਇੱਥੇ ਯੂਨੀਵਰਸਿਟੀ ਦੀ 26ਵੀਂ ਕਾਨਵੋਕੇਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦਾ ਜਲਵਾਯੂ ਪੂਰੀ ਦੁਨੀਆਂ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਦਾ ਹੈ ਕਿਉਂਕਿ ਹਿਮਾਲਿਆ ਦਾ ਇਹ ਖੇਤਰ ਬਨਸਪਤੀ ਅਤੇ ਜੀਵ-ਜੰਤੂਆਂ ਨਾਲ ਭਰਪੂਰ ਹੈ।

ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਨੂੰ ਇਸ ਖੇਤਰ ਵਿੱਚ ਸਥਾਨਕ ਲੋਕਾਂ ਦੀਆਂ ਲੋੜਾਂ ਅਤੇ ਜਲਵਾਯੂ ਸਬੰਧੀ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦਿਆਂ ਖੋਜ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਵਾਤਾਵਰਨ ਪੱਖੀ ਵਿਕਾਸ ਵਿੱਚ ਯੋਗਦਾਨ ਪਾਉਣ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਗਿਆਨਕ ਸੋਚ ਅਪਣਾਉਣਾ, ਮਾਨਵਤਾ ਅਤੇ ਜਾਂਚ ਤੇ ਸੁਧਾਰ ਦੀ ਭਾਵਨਾ ਵਿਕਸਤ ਕਰਨਾ ਹਰੇਕ ਨਾਗਰਿਕ ਦਾ ਮੁੱਢਲਾ ਫਰਜ਼ ਹੈ। ਉਨ੍ਹਾਂ ਗ੍ਰੈਜੂਏਟ ਕਰਨ ਵਾਲੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੀ ਜ਼ਿੰਦਗੀ ਦੇ ਨਵੇਂ ਪੜਾਅ ਵਿੱਚ ਦਾਖ਼ਲ ਹੋਣ ਜਾ ਰਹੇ ਹਨ। ਉਨ੍ਹਾਂ ਨੂੰ ਆਪਣੇ ਵਿਅਕਤੀਗਤ ਟੀਚੇ ਕੌਮੀ ਟੀਚਿਆਂ ਨੂੰ ਧਿਆਨ ਵਿੱਚ ਰੱਖ ਕੇ ਬਣਾਉਣੇ ਚਾਹੀਦੇ ਹਨ।



# ਨਸ਼ਾ ਤਸਕਰੀ: ਪੀਪੀਐੱਸ ਅਧਿਕਾਰੀ ਰਾਜਜੀਤ ਸਿੰਘ ਬਰਖਾਸਤ

*ਸਮਗਲਿੰਗ ਦੇ ਮਾਮਲੇ ਵਿੱਚ ਨਾਮਜ਼ਦ; ਗ੍ਰਹਿ ਵਿਭਾਗ ਨੇ ਸੰਵਿਧਾਨ ਦੀ ਧਾਰਾ 311 ਤਹਿਤ ਕੀਤੀ ਕਾਰਵਾਈ*

## ਵਿਸ਼ੇਸ਼ ਜਾਂਚ ਰਿਪੋਰਟ: ਅਚਾਨਕ ਵਧੀ ਸੀ ਰਾਜਜੀਤ ਦੀ ਸੰਪਤੀ

ਚੰਡੀਗੜ੍ਹ : ਨਸ਼ਾ ਤਸਕਰੀ ਮਾਮਲੇ ਵਿੱਚ ਨਸ਼ਰ ਹੋਈਆਂ ਜਾਂਚ ਰਿਪੋਰਟਾਂ ਵਿੱਚ ਰਾਜਦੀਪ ਸਿੰਘ ਦੀ ਜਾਇਦਾਦ ਵਿੱਚ 2013-14 ਦੌਰਾਨ ਚੋਖਾ ਵਾਧਾ ਹੋਇਆ ਸੀ। ਇਹ ਉਹ ਸਮਾਂ ਸੀ ਜਦੋਂ ਦਾਗ਼ੀ ਸਿਪਾਹੀ ਇੰਦਰਜੀਤ ਸਿੰਘ ਉਨ੍ਹਾਂ ਦੇ ਅਧੀਨ ਕੰਮ ਕਰਦਾ ਸੀ। ਹਾਲ ਹੀ ਵਿੱਚ ਜਨਤਕ ਕੀਤੀਆਂ ਗਈਆਂ ਤਿੰਨ ਜਾਂਚ ਰਿਪੋਰਟਾਂ ਵਿੱਚ ਬਰਖ਼ਾਸਤ ਏਆਈਜੀ ਰਾਜਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਦੇ ਨਾਮ 'ਤੇ ਇਸ ਸੰਪਤੀ ਵਿੱਚ ਹੋਏ ਅਚਾਨਕ ਵਾਧੇ ਸਬੰਧੀ ਵੀ ਸਵਾਲ ਖੜ੍ਹੇ ਕੀਤੇ ਗਏ ਹਨ। ਨਸ਼ਰ ਰਿਪੋਰਟ ਵਿੱਚ ਜਾਇਦਾਦ ਨੂੰ ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਲਈ ਰਕਮ ਨਾਲ ਖ਼ਰੀਦਿਆ ਹੋਇਆ ਵੀ ਦਰਸਾਇਆ ਗਿਆ ਹੈ। ਨਸ਼ਾ ਤਸਕਰੀ ਨਾਲ ਜੁੜੇ ਕੇਸਾਂ ਦੀ ਜਾਂਚ ਲਈ ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਗਈ ਸੀ, ਜਿਸ ਵਿੱਚ ਸਪੈਸ਼ਲ ਡੀਜੀਪੀ ਪ੍ਰਬੋਧ ਕੁਮਾਰ ਅਤੇ ਸਾਬਕਾ ਆਈਜੀ (ਹੁਣ ਵਿਧਾਇਕ) ਕੁੰਵਰ ਵਿਜੈ ਪ੍ਰਤਾਪ ਸਿੰਘ ਵੀ ਸ਼ਾਮਲ ਸਨ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ, "ਸਬੰਧਿਤ ਸਮੇਂ (2013 ਤੋਂ ਬਾਅਦ) ਦੌਰਾਨ ਰਾਜਜੀਤ ਸਿੰਘ ਵੱਲੋਂ ਕਰਜ਼ਿਆਂ/ਤੋਹਫਿਆਂ ਵਜੋਂ ਵੱਡੀ ਰਕਮਾਂ ਇਕੱਠੀਆਂ ਕੀਤੀਆਂ ਗਈਆਂ ਸਨ। ਹਾਲਾਂਕਿ ਰਾਜਜੀਤ ਸਿੰਘ ਵੱਲੋਂ ਆਪਣੇ ਵਿਭਾਗ ਨੂੰ ਇਨ੍ਹਾਂ ਕਰਜ਼ਿਆਂ/ਤੋਹਫਿਆਂ ਸਬੰਧੀ ਸੂਚਨਾਵਾਂ ਦਿੱਤੀਆਂ ਗਈਆਂ ਸਨ, ਪਰ ਜਿਨ੍ਹਾਂ ਵਿਅਕਤੀਆਂ ਵੱਲੋਂ ਅਜਿਹੇ ਕਰਜ਼ੇ/ਤੋਹਫੇ ਦਿੱਤੇ ਗਏ, ਉਨ੍ਹਾਂ ਦੀ ਵਿੱਤੀ ਸਮਰੱਥਾ ਦੀ ਜਾਂਚ ਹੋਣੀ ਬਾਕੀ ਹੈ।" ਹਰਪ੍ਰੀਤ ਸਿੰਘ (ਏਡੀਜੀਪੀ, ਐੱਸਟੀਐੱਫ ਪੰਜਾਬ) ਨੇ ਨਸ਼ਾ ਤਸਕਰੀ ਮਾਮਲੇ ਵਿੱਚ ਦਾਗ਼ੀ ਸਿਪਾਹੀ ਇੰਦਰਜੀਤ ਸਿੰਘ ਨੂੰ ਜੂਨ 2017 ਵਿੱਚ ਗ੍ਰਿਫ਼ਤਾਰ ਕੀਤਾ ਸੀ ਅਤੇ ਇਸ ਮਾਮਲੇ ਵਿੱਚ ਮੋਗਾ ਦੇ ਤਤਕਾਲੀ ਐੱਸਐੱਸਪੀ ਰਾਜਜੀਤ ਸਿੰਘ ਦੀ ਮਿਲੀਭੁਗਤ ਵੱਲ ਇਸ਼ਾਰਾ ਕੀਤਾ ਸੀ। ਉਨ੍ਹਾਂ ਸਿਟ ਕੋਲ ਦਿੱਤੇ ਬਿਆਨ ਵਿੱਚ ਕਿਹਾ ਸੀ, "ਭਰੋਸੇਯੋਗ ਤੌਰ 'ਤੇ ਪਤਾ ਚੱਲਿਆ ਹੈ ਕਿ ਨਸ਼ਿਆਂ ਦੇ ਵਪਾਰ ਤੋਂ ਹੋਣ ਵਾਲੀ ਕਮਾਈ/ਪੈਸੇ ਨੂੰ ਵੱਖ ਵੱਖ ਤਰੀਕਿਆਂ ਰਾਹੀਂ ਸਫੈਦ ਕੀਤਾ ਜਾ ਰਿਹਾ ਹੈ।



ਚੰਡੀਗੜ੍ਹ : ਪੰਜਾਬ ਸਰਕਾਰ ਨੇ ਪੀਪੀਐੱਸ ਅਧਿਕਾਰੀ ਤੇ ਸਾਬਕਾ ਐੱਸਐੱਸਪੀ ਰਾਜਜੀਤ ਸਿੰਘ ਹੁੰਦਲ ਖਿਲਾਫ਼ ਵੱਡੀ ਕਾਰਵਾਈ ਕਰਦਿਆਂ ਪੁਲੀਸ ਅਧਿਕਾਰੀ ਨੂੰ ਨਸ਼ਿਆਂ ਦੀ ਤਸਕਰੀ ਮਾਮਲੇ ਵਿੱਚ ਨਾਮਜ਼ਦ ਕਰ ਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ। ਇਸ ਵਿਵਾਦਤ ਪੁਲੀਸ ਅਧਿਕਾਰੀ ਵੱਲੋਂ ਨੌਕਰੀ 'ਤੇ ਹੁੰਦੇ ਹੋਏ ਜਾਇਦਾਦਾਂ ਦੀ ਖ਼ਰੀਦ ਦੇ ਮਾਮਲੇ ਵਿੱਚ ਵੀ ਪੰਜਾਬ ਵਿਜੀਲੈਂਸ ਬਿਊਰੋ ਨੂੰ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ ਦੀ ਜਾਂਚ ਅਰੰਭ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਐਲਾਨ ਕਰਦਿਆਂ ਦੱਸਿਆ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਿਛਲੇ ਲੰਮੇ ਸਮੇਂ ਤੋਂ ਲਿਫਾਫੇ ਵਿੱਚ ਬੰਦ ਰਿਪੋਰਟਾਂ 'ਤੇ ਅਮਲ ਕਰਦਿਆਂ ਇਸ ਪੁਲੀਸ ਅਧਿਕਾਰੀ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

### ਜ਼ਿਲ੍ਹਿਆਂ 'ਚ ਐੱਸਐੱਸਪੀ ਤੇ ਪੰਜਾਬ ਵਿਜੀਲੈਂਸ ਬਿਊਰੋ 'ਚ ਤਾਇਨਾਤ ਰਿਹਾ ਰਾਜਜੀਤ ਸਿੰਘ

ਪੰਜਾਬ ਵਿੱਚ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਸਮੇਂ ਰਾਜਜੀਤ ਸਿੰਘ ਹੁੰਦਲ ਤਰਨ ਤਾਰਨ, ਹੁਸ਼ਿਆਰਪੁਰ, ਮੋਗਾ ਅਤੇ ਖੰਨਾ ਆਦਿ ਜ਼ਿਲ੍ਹਿਆਂ ਦਾ ਐੱਸਐੱਸਪੀ ਅਤੇ ਪੰਜਾਬ ਵਿਜੀਲੈਂਸ ਬਿਊਰੋ ਵਿੱਚ ਵੀ ਤਾਇਨਾਤ ਰਿਹਾ ਹੈ। ਇਹ ਪੁਲੀਸ ਅਧਿਕਾਰੀ ਭਾਜਪਾ ਦੀ ਮਹਿਲਾ ਆਗੂ ਅਤੇ ਕਾਂਗਰਸ ਦੇ ਇੱਕ ਸਾਬਕਾ ਮੰਤਰੀ ਦਾ ਕਰੀਬੀ ਰਿਸ਼ਤੇਦਾਰ ਹੈ। ਸਿਟ ਦੀ ਰਿਪੋਰਟ ਮੁਤਾਬਕ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਦੀ ਤਾਇਨਾਤੀ ਰਾਜਜੀਤ ਸਿੰਘ ਵੱਲੋਂ ਉਸੇ ਜ਼ਿਲ੍ਹੇ ਵਿੱਚ ਕਰਵਾਈ ਜਾਂਦੀ ਸੀ ਜਿੱਥੇ ਉਹ ਖ਼ੁਦ ਐੱਸਐੱਸਪੀ ਵਜੋਂ ਤਾਇਨਾਤ ਹੁੰਦਾ ਸੀ। ਇੱਥੋਂ ਤੱਕ ਕਿ ਇੰਦਰਜੀਤ ਦੀ ਤਰੱਕੀ ਲਈ ਵੀ ਸਿਫਾਰਸ਼ਾਂ ਕੀਤੀਆਂ ਗਈਆਂ, ਜੋ ਡੂੰਘੇ ਸਵਾਲ ਖੜ੍ਹੇ ਕਰਦੀਆਂ ਹਨ।

ਗ੍ਰਹਿ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸੰਵਿਧਾਨ ਦੀ ਧਾਰਾ 311 ਦੀ ਵਰਤੋਂ ਕਰਦਿਆਂ ਇਸ ਪੁਲੀਸ ਅਧਿਕਾਰੀ ਨੂੰ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ ਹੈ। ਗ੍ਰਹਿ ਵਿਭਾਗ ਦਾ ਇਹ ਵੀ ਦੱਸਣਾ ਹੈ ਕਿ ਐੱਸਟੀਐੱਫ ਦੇ ਤਤਕਾਲੀ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਖ਼ਿਲਾਫ਼ ਦਰਜ ਕੇਸ ਵਿੱਚ ਵੀ ਰਾਜਜੀਤ ਸਿੰਘ ਨੂੰ ਨਾਮਜ਼ਦ ਕੀਤਾ ਜਾਵੇਗਾ। ਮੁੱਖ ਮੰਤਰੀ ਦੀ ਇਸ ਕਾਰਵਾਈ ਨਾਲ ਪੁਲੀਸ ਵਿਭਾਗ ਵਿੱਚ ਭਾਰੀ ਹਲਚਲ ਪੈਦਾ ਹੋ ਗਈ ਹੈ। ਰਾਜਜੀਤ ਸਿੰਘ ਖ਼ਿਲਾਫ਼ ਕਾਰਵਾਈ ਤੋਂ ਬਾਅਦ ਪੁਲੀਸ ਦੇ ਹੋਰਨਾਂ ਅਧਿਕਾਰੀਆਂ ਵਿੱਚ ਸਹਿਮ ਪਾਇਆ ਜਾ ਰਿਹਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦੂਹਰੇ ਬੈਂਚ ਨੇ ਕੁਝ ਹਫ਼ਤੇ ਪਹਿਲਾਂ ਸੇਵਾ ਮੁਕਤ ਡੀਜੀਪੀ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸੌਂਪੀਆਂ ਗਈਆਂ ਤਿੰਨ ਰਿਪੋਰਟਾਂ ਜਨਤਕ ਕਰਦਿਆਂ ਅਗਲੀ ਕਾਰਵਾਈ ਲਈ ਰਾਜ ਸਰਕਾਰ ਨੂੰ ਭੇਜ ਦਿੱਤੀਆਂ ਸਨ। ਰਿਪੋਰਟਾਂ ਮਿਲਣ ਮਗਰੋਂ ਮੁੱਖ ਮੰਤਰੀ ਨੇ ਨਸ਼ਾ ਤਸਕਰੀ ਵਿੱਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਕਾਰਵਾਈ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਵੱਲੋਂ ਰਿਪੋਰਟਾਂ ਦੇ ਅਧਾਰ 'ਤੇ ਰਾਜਜੀਤ ਸਿੰਘ ਖ਼ਿਲਾਫ਼ ਕੀਤੀ ਗਈ ਪਹਿਲੀ ਕਾਰਵਾਈ ਹੈ। ਸੂਤਰਾਂ ਦਾ ਦੱਸਣਾ ਹੈ ਕਿ ਆਉਂਦੇ ਦਿਨਾਂ ਦੌਰਾਨ ਹੋਰਨਾਂ ਅਧਿਕਾਰੀਆਂ ਖ਼ਿਲਾਫ਼ ਵੀ ਕਾਰਵਾਈ ਹੋ ਸਕਦੀ ਹੈ। ਇਸ ਸਬੰਧੀ ਡੀਜੀਪੀ ਤੋਂ ਰਿਪੋਰਟ ਮੰਗੀ ਗਈ ਹੈ। ਪੰਜਾਬ ਪੁਲੀਸ ਦਾ ਅਧਿਕਾਰੀ ਰਾਜਜੀਤ ਸਿੰਘ ਇਸ ਸਮੇਂ ਐੱਨਆਈਆਈ ਵਿੰਗ ਵਿੱਚ ਤਾਇਨਾਤ ਸੀ। ਇਹ ਪੁਲੀਸ ਅਧਿਕਾਰੀ ਉਸ ਸਮੇਂ ਚਰਚਾ ਵਿੱਚ ਆਇਆ ਸੀ ਜਦੋਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੱਤਾ 'ਚ ਆਉਂਦਿਆਂ ਹੀ ਸਾਲ 2017 ਵਿੱਚ ਨਸ਼ਿਆਂ ਦੀ ਤਸਕਰੀ ਲਈ ਕਾਇਮ ਕੀਤੀ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਨੇ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਖ਼ਿਲਾਫ਼ ਕੇਸ ਦਰਜ ਕਰ ਕੇ ਰਾਜਜੀਤ ਸਿੰਘ ਦੇ ਖ਼ਿਲਾਫ਼ ਵੀ ਤਫ਼ਤੀਸ਼ ਆਰੰਭ ਦਿੱਤੀ ਸੀ। ਰਾਜਜੀਤ ਸਿੰਘ ਨੂੰ ਸੀਨੀਅਰ ਪੁਲੀਸ ਅਧਿਕਾਰੀਆਂ ਦਾ ਥਾਪੜਾ ਹਾਸਲ ਦੱਸਿਆ ਜਾਂਦਾ ਸੀ। ਉਸੇ ਸਮੇਂ ਜਦੋਂ ਇਸ ਵਿਵਾਦਤ ਪੁਲੀਸ ਅਧਿਕਾਰੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਨਸ਼ਾ ਤਸਕਰੀ ਮਾਮਲੇ ਦੀ ਨਿਰਪੱਖ ਜਾਂਚ ਮੰਗੀ ਤੇ ਹਰਪ੍ਰੀਤ ਸਿੰਘ ਸਿੱਧੂ 'ਤੇ ਮੁੰਦਕ 'ਚ ਕਾਰਵਾਈ ਕਰਨ ਦੇ ਦੋਸ਼ ਵੀ ਲਾਏ। ਹਾਈ ਕੋਰਟ ਵੱਲੋਂ ਹੀ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਗਿਆ ਸੀ। ਇਸ ਜਾਂਚ ਟੀਮ ਵੱਲੋਂ ਸਾਲ 2018 ਵਿੱਚ ਉਚ ਅਦਾਲਤ ਨੂੰ ਸੌਂਪੀਆਂ ਗਈਆਂ ਰਿਪੋਰਟਾਂ ਹੁਣ ਤੱਕ ਸੀਲਬੰਦ ਲਿਫਾਫੇ ਵਿੱਚ ਹੀ ਬੰਦ ਰਹੀਆਂ। ਇਨ੍ਹਾਂ ਰਿਪੋਰਟਾਂ ਵਿੱਚ ਜਾਂਚ ਦਾ ਅਧਾਰ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਨੂੰ ਬਣਾ ਕੇ ਰਾਜਜੀਤ ਸਿੰਘ ਹੁੰਦਲ ਨੂੰ ਪੂਰੀ ਤਰ੍ਹਾਂ ਕਟਹਿਰੇ ਵਿੱਚ ਖੜ੍ਹਾ ਕੀਤਾ ਗਿਆ ਹੈ। ਸਿਟ ਵੱਲੋਂ ਆਪਣੀਆਂ ਰਿਪੋਰਟਾਂ ਵਿੱਚ ਇਸ ਪੁਲੀਸ ਅਧਿਕਾਰੀ ਵੱਲੋਂ ਬਣਾਈ ਗਈ ਚੱਲ-ਅਚੱਲ ਸੰਪਤੀ ਬਾਰੇ ਵੀ ਸਵਾਲ ਖੜ੍ਹੇ ਕੀਤੇ ਗਏ ਸਨ।

### ਅਧਿਕਾਰੀਆਂ ਵੱਲੋਂ ਬੇਕਸੂਰ ਲੋਕਾਂ ਨੂੰ ਫਸਾ ਕੇ ਵਸੂਲੀਆਂ ਜਾਂਦੀਆਂ ਸਨ ਫਿਰੌਤੀਆਂ

ਸਿਟ ਦੀਆਂ ਰਿਪੋਰਟਾਂ ਵਿੱਚ ਪੰਜਾਬ ਪੁਲੀਸ ਦੇ ਅਧਿਕਾਰੀਆਂ ਦਾ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਗਿਆ ਹੈ ਕਿ ਕਿਵੇਂ ਬੇਕਸੂਰ ਲੋਕਾਂ ਨੂੰ ਨਸ਼ਾ ਤਸਕਰੀ ਮਾਮਲੇ ਵਿੱਚ ਫਸਾ ਕੇ ਫਿਰੌਤੀਆਂ ਵਸੂਲੀਆਂ ਜਾਂਦੀਆਂ ਸਨ। ਸਿਟ ਵੱਲੋਂ ਰਾਜਜੀਤ ਸਿੰਘ ਤੋਂ ਬਿਨਾਂ ਕਿਸੇ ਹੋਰ ਐਸਐਸਪੀ ਰੈਂਕ ਜਾਂ ਸੀਨੀਅਰ ਪੁਲੀਸ ਅਧਿਕਾਰੀ ਦੇ ਨਾਮ ਦਾ ਹਵਾਲਾ ਰਿਪੋਰਟਾਂ ਵਿੱਚ ਨਹੀਂ ਦਿੱਤਾ ਗਿਆ, ਪਰ ਇਹ ਜ਼ਰੂਰ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਦੀ ਜ਼ਰੂਰਤ ਹੈ ਤਾਂ ਜੋ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਭੂਮਿਕਾ ਬਾਰੇ ਵੀ ਸਹੀ ਤੱਥ ਸਾਹਮਣੇ ਲਿਆਂਦੇ ਜਾਣ। ਸਿਟ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਨੇ ਹੋਰ ਪੁਲੀਸ ਅਧਿਕਾਰੀ, ਜੋ ਵੱਖ-ਵੱਖ ਸਮੇਂ ਜ਼ਿਲ੍ਹਾ ਪੁਲੀਸ ਮੁਖੀ ਦੇ ਅਹੁਦਿਆਂ 'ਤੇ ਰਹੇ, ਦੀ ਭੂਮਿਕਾ ਬਾਰੇ ਵੀ ਜਾਂਚ ਪੜਤਾਲ ਕੀਤੀ ਜਾਣੀ ਚਾਹੀਦੀ ਹੈ।

## ਸਰੋਤਾਂ ਤੋਂ ਵੱਧ ਆਮਦਨ ਦਾ ਮਾਮਲਾ : ਰਾਜਜੀਤ ਖ਼ਿਲਾਫ਼ ਵਿਜੀਲੈਂਸ ਜਾਂਚ ਸ਼ੁਰੂ

### ਨਸ਼ਾ ਤਸਕਰੀ ਮਾਮਲੇ 'ਚ ਵੱਡੇ ਪੁਲੀਸ ਅਧਿਕਾਰੀ ਖ਼ਿਲਾਫ਼ ਪਹਿਲੀ ਕਾਰਵਾਈ

ਪੰਜਾਬ ਵਿਜੀਲੈਂਸ ਬਿਊਰੋ ਨੇ ਬਰਖ਼ਾਸਤ ਪੁਲੀਸ ਅਧਿਕਾਰੀ ਰਾਜਜੀਤ ਸਿੰਘ ਖ਼ਿਲਾਫ਼ ਸਰੋਤਾਂ ਤੋਂ ਵੱਧ ਆਮਦਨ ਮਾਮਲੇ ਵਿੱਚ ਪੜਤਾਲ ਆਰੰਭ ਦਿੱਤੀ ਹੈ। ਵਿਜੀਲੈਂਸ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਰਾਜਜੀਤ ਸਿੰਘ ਖ਼ਿਲਾਫ਼ ਜਾਂਚ ਲਈ ਲੋੜੀਂਦਾ ਪੱਤਰ ਬਿਊਰੋ ਨੂੰ ਭੇਜ ਦਿੱਤਾ ਗਿਆ ਹੈ ਤੇ ਇਸ ਮਾਮਲੇ ਵਿੱਚ ਜਲਦੀ ਪੜਤਾਲ ਮੁਕੰਮਲ ਕੀਤੀ ਜਾਵੇਗੀ। ਪੰਜਾਬ ਸਰਕਾਰ ਨੇ ਲੰਘੇ ਦਿਨ ਰਾਜਜੀਤ ਸਿੰਘ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦੇ ਹੁਕਮ ਦਿੱਤੇ ਸਨ। ਸਿਟ ਦੀਆਂ ਰਿਪੋਰਟਾਂ ਵਿੱਚ ਬਰਖ਼ਾਸਤ ਪੁਲੀਸ ਅਧਿਕਾਰੀ ਵੱਲੋਂ ਮੁਹਾਲੀ ਜ਼ਿਲ੍ਹੇ ਤੇ ਹੋਰਨਾਂ ਥਾਵਾਂ 'ਤੇ ਜਾਇਦਾਦ ਖ਼ਰੀਦਣ ਦੇ ਤੱਥ ਸਾਹਮਣੇ ਲਿਆਂਦੇ ਸਨ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰੋਤਾਂ ਤੋਂ ਵੱਧ ਆਮਦਨ ਮਾਮਲੇ ਵਿੱਚ ਸਾਰੇ ਪਰਿਵਾਰਕ ਮੈਂਬਰਾਂ ਦੀਆਂ ਜਾਇਦਾਦਾਂ, ਬੈਂਕ ਖਾਤਿਆਂ ਅਤੇ ਹੋਰਨਾਂ ਅਸਾਸਿਆਂ ਦੀ ਪੜਤਾਲ ਕੀਤੀ ਜਾਵੇਗੀ। ਗ੍ਰਹਿ ਵਿਭਾਗ ਵੱਲੋਂ ਜਾਰੀ 9 ਸਫ਼ਿਆਂ ਦੇ ਬਰਖ਼ਾਸਤਗੀ ਹੁਕਮਾਂ ਵਿੱਚ ਨਸ਼ਿਆਂ ਦੀ ਸਮਗਲਿੰਗ ਦੀ ਜਾਂਚ ਲਈ ਡੀਜੀਪੀ (ਸੇਵਾ ਮੁਕਤ) ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠਲੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਆਪਣੀਆਂ ਰਿਪੋਰਟਾਂ ਵਿੱਚ ਦਿੱਤੇ ਹਵਾਲਿਆਂ ਦਾ ਵਿਸਥਾਰਤ ਜ਼ਿਕਰ ਕੀਤਾ ਹੈ। ਗ੍ਰਹਿ ਵਿਭਾਗ ਨੇ ਰਾਜਜੀਤ ਸਿੰਘ ਦੀਆਂ ਗਤੀਵਿਧੀਆਂ ਨੂੰ ਗੰਭੀਰ ਐਲਾਨਦਿਆਂ ਕਿਹਾ ਹੈ ਕਿ ਇਹ ਪੁਲੀਸ ਅਧਿਕਾਰੀ ਦੇਸ਼ ਵਿਰੋਧੀ ਅਨਸਰਾਂ ਤੇ ਗੈਰਕਾਨੂੰਨੀ ਗਤੀਵਿਧੀਆਂ ਕਰਨ ਵਾਲਿਆਂ ਦਾ ਮੋਹਰਾ ਬਣਿਆ। ਗ੍ਰਹਿ ਵਿਭਾਗ ਦਾ ਇਹ ਵੀ ਕਹਿਣਾ ਹੈ ਕਿ ਸਿਟ ਦੀਆਂ ਰਿਪੋਰਟਾਂ ਪਿਛਲੇ 5 ਸਾਲ ਤੋਂ ਕਾਰਵਾਈ ਅਧੀਨ ਸਨ। ਇਸ ਲਈ ਪਹਿਲਾਂ ਹੀ ਜ਼ਿਆਦਾ ਵਕਤ ਲੰਘ ਚੁੱਕਾ ਹੈ। ਪੰਜਾਬ ਸਰਕਾਰ ਦੀ ਇਸ ਕਾਰਵਾਈ ਤੋਂ ਬਾਅਦ ਪੁਲੀਸ ਵਿੱਚ ਸਹਿਮ ਪਾਇਆ ਜਾ ਰਿਹਾ ਹੈ। ਪੰਜਾਬ ਪੁਲੀਸ ਦੇ ਉਚ ਅਧਿਕਾਰੀਆਂ ਵੱਲੋਂ ਲਗਾਤਾਰ ਰਾਜਜੀਤ ਸਿੰਘ ਦਾ ਬਚਾਅ ਕੀਤਾ ਜਾਂਦਾ ਰਿਹਾ ਹੈ। ਇਹ ਤੱਥ ਵੀ ਜੱਗ ਜ਼ਾਹਿਰ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ ਜਦੋਂ ਵੀ ਕਦੇ ਰਾਜਜੀਤ ਸਿੰਘ ਜਾਂ ਹੋਰਨਾਂ ਵਿਅਕਤੀਆਂ ਖ਼ਿਲਾਫ਼ ਕਾਰਵਾਈ ਦੀ ਗੱਲ ਚਲਦੀ ਸੀ ਤਾਂ ਸੀਨੀਅਰ ਪੁਲੀਸ ਅਧਿਕਾਰੀ ਦਲੀਲ ਦਿੰਦੇ ਸਨ ਕਿ ਇਸ ਨਾਲ ਪੁਲੀਸ ਫੋਰਸ ਦੇ ਮਨੋਬਲ ਨੂੰ ਢਾਹ ਲੱਗੇਗੀ। ਜ਼ਿਕਰਯੋਗ ਹੈ ਕਿ ਪੀਸੀਐੱਸ ਅਧਿਕਾਰੀ ਰਾਜਜੀਤ ਸਿੰਘ ਨੂੰ ਬੀਤੇ ਦਿਨੀਂ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ।

**ਹੋਰਨਾਂ ਪੁਲੀਸ ਅਧਿਕਾਰੀਆਂ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ :** ਗ੍ਰਹਿ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਹੋਰਨਾਂ ਪੁਲੀਸ ਅਧਿਕਾਰੀਆਂ ਦੇ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਨਾਲ ਸਬੰਧਾਂ ਬਾਰੇ ਸੂਬੇ ਦੇ ਡੀਜੀਪੀ ਗੌਰਵ ਯਾਦਵ ਨੂੰ ਸਿਟ ਦੀਆਂ ਰਿਪੋਰਟਾਂ ਭੇਜ ਕੇ ਇਸ ਸਬੰਧੀ ਘੋਖ ਕਰਕੇ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਇੰਦਰਜੀਤ ਸਿੰਘ ਸੂਬੇ ਦੇ 4 ਪੁਲੀਸ ਅਧਿਕਾਰੀਆਂ ਦੇ ਜ਼ਿਲ੍ਹਾ ਪੁਲੀਸ ਮੁਖੀ ਹੁੰਦਿਆਂ ਕੰਮ ਕਰ ਚੁੱਕਾ ਹੈ। ਓਆਰਪੀ ਰੈਂਕ ਦੇਣ 'ਚ ਸਾਬਕਾ ਪੁਲੀਸ ਮੁਖੀਆਂ ਦੀ ਭੂਮਿਕਾ ਵੀ ਦੇਖੀ ਜਾ ਰਹੀ ਹੈ।

### ਰਾਜਜੀਤ ਦੇ ਬਚਾਅ ਵਿੱਚ ਨਹੀਂ ਆਇਆ ਕੋਈ ਸੀਨੀਅਰ ਪੁਲੀਸ ਅਧਿਕਾਰੀ

ਸੀਨੀਅਰ ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਟ ਦੀਆਂ ਰਿਪੋਰਟਾਂ ਸਰਕਾਰ ਨੂੰ ਭੇਜੇ ਜਾਣ ਤੋਂ ਬਾਅਦ ਪੰਜਾਬ ਪੁਲੀਸ ਵਿੱਚ ਹਿਲਜੁਲ ਤਾਂ ਹੋਈ, ਪਰ ਕੋਈ ਵੀ ਸੀਨੀਅਰ ਪੁਲੀਸ ਅਧਿਕਾਰੀ ਰਾਜਜੀਤ ਸਿੰਘ ਦੇ ਬਚਾਅ ਲਈ ਅੱਗੇ ਨਹੀਂ ਆਇਆ। ਪੰਜਾਬ ਵਿੱਚ 'ਆਪ' ਸਰਕਾਰ ਦੇ ਗਠਨ ਤੋਂ ਬਾਅਦ ਪੰਜਾਬ ਪੁਲੀਸ ਦੇ ਕਿਸੇ ਅਧਿਕਾਰੀ ਵਿਰੁਧ ਨਸ਼ਾ ਤਸਕਰੀ ਮਾਮਲੇ ਵਿੱਚ ਇਹ ਪਹਿਲੀ ਵੱਡੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਉੱਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਦੀਆਂ ਨਜ਼ਰਾਂ ਸਿਟ ਦੀ ਚੌਥੀ ਰਿਪੋਰਟ 'ਤੇ ਟਿਕੀਆਂ ਹਨ। ਇਸ ਰਿਪੋਰਟ 'ਤੇ ਸਿਰਫ਼ ਸਿਧਾਰਥ ਚਟੋਪਾਧਿਆਏ ਦੇ ਦਸਤਖ਼ਤ ਹੀ ਦੱਸੇ ਜਾਂਦੇ ਹਨ ਜਦੋਂਕਿ ਬਾਕੀ ਮੈਂਬਰਾਂ ਨੇ ਰਿਪੋਰਟ 'ਤੇ ਦਸਤਖ਼ਤ ਨਹੀਂ ਕੀਤੇ ਸਨ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



**ਹੋਰ ਜਾਣਕਾਰੀ ਲਈ ਸੰਪਰਕ ਕਰੋ**

Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸਿੱਧੂ ਮੂਸੇਵਾਲੇ ਦਾ ਗੁਨਾਗਾਰ ਅਨਮੋਲ ਬਿਸ਼ਨੋਈ ਬੈਕਰਸਫੀਲਡ ਵਿਖੇ ਇਕ ਸ਼ੋਅ 'ਚ ਦੇਖਿਆ ਗਿਆ



ਚੰਡੀਗੜ੍ਹ : ਅਮਰੀਕਾ ਦੇ ਕੈਲੀਫੋਨੀਆ ਸ਼ਹਿਰ ਵਿੱਚ ਕਰਨ ਔਜਲਾ ਅਤੇ ਸ਼ੈਰੀ ਮਾਨ ਦੇ ਪ੍ਰੋਗਰਾਮ ਵਿੱਚ ਸਿੱਧੂ ਮੂਸੇਵਾਲਾ ਦੇ ਕਾਤਲ ਗੈਂਗਸਟਰ ਅਨਮੋਲ ਬਿਸ਼ਨੋਈ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਪਿਛਲੇ ਸਾਲ ਸਤੰਬਰ ਮਹੀਨੇ ਵਿੱਚ ਕਿਹਾ ਗਿਆ ਸੀ ਅਨਮੋਲ ਬਿਸ਼ਨੋਈ ਨੂੰ ਅਜ਼ਰਬੈਜਾਨ ਵਿੱਚ ਡਿਟੇਨ ਕੀਤਾ ਹੈ, ਵਿਦੇਸ਼ ਮੰਤਰਾਲੇ ਨੇ ਇਸ ਦੀ ਪੁਸ਼ਟੀ ਵੀ ਕੀਤੀ ਸੀ ਅਤੇ ਜਲਦ ਭਾਰਤ ਲਿਆਉਣ ਦਾ ਦਾਅਵਾ ਕੀਤਾ ਸੀ। ਪਰ ਉਹ ਕਿਵੇਂ ਡਿਟੈਨਸ਼ਨ ਤੋਂ ਨਿਕਲ ਕੇ ਫਰਜ਼ੀ ਪਾਸਪੋਰਟ ਨਾਲ ਅਮਰੀਕਾ ਪਹੁੰਚ ਗਿਆ? ਪਿਤਾ ਬਲਕੌਰ ਸਿੰਘ ਨੇ ਇਲਜ਼ਾਮ ਲਗਾਇਆ ਕਿ ਸਰਕਾਰ ਦੀ ਮਦਦ ਤੋਂ ਬਿਨਾਂ ਇਹ ਨਹੀਂ ਹੋ ਸਕਦਾ ਹੈ । ਉਨ੍ਹਾਂ ਕਿਹਾ ਮੈਨੂੰ ਸਾਰੇ ਮਿਲੇ ਹੋਏ ਲੱਗ ਦੇ ਹਨ। ਪਿਤਾ ਨੇ ਇਲਜ਼ਾਮ ਲਗਾਇਆ ਕਿ ਹੁਣ ਤੱਕ ਸਰਕਾਰ ਨੇ ਇਹ ਵੀ ਸਾਫ ਨਹੀਂ ਕੀਤਾ ਕਿ ਉਨ੍ਹਾਂ ਦੀ ਜੇਲ੍ਹ ਤੋਂ ਲਾਰੈਂਸ ਬਿਸ਼ਨੋਈ ਦਾ ਇੰਟਰਵਿਊ ਕਿਵੇਂ ਹੋ ਗਿਆ ਤਾਂ ਉਸ ਸਰਕਾਰ ਤੋਂ ਕੀ ਉਮੀਦ ਕਰ ਸਕਦੇ ਹਨ। ਬਲਕੌਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਜਿਹੜੇ ਲੀਡਰ ਸਰਕਾਰਾਂ ਗੈਂਗਸਟਰਾਂ ਨਾਲ ਮਿਲੇ ਹੋਏ ਹਨ ਉਨ੍ਹਾਂ ਨੂੰ ਮੂੰਹ ਨਾ ਲਾਇਆ ਜਾਵੇਂ। ਸਿੱਧੂ ਮੂਸੇਵਾਲਾ ਦੇ ਪਿਤਾ ਕਰਨ ਔਜਲਾ ਦੇ ਬਿਆਨ ਤੋਂ ਵੀ ਸਹਿਮਤ ਨਜ਼ਰ ਨਹੀਂ ਜਿਸ ਵਿੱਚ ਔਜਲਾ ਨੇ ਕਿਹਾ ਸੀ ਕਿ ਅਨਮੋਲ ਬਿਸ਼ਨੋਈ ਬਾਰੇ ਕੋਈ ਜਾਣਕਾਰੀ ਨਹੀਂ ਸੀ।

**ਬਲਕੌਰ ਸਿੰਘ ਨੇ ਕਰਨ ਔਜਲਾ ਦੇ ਦਾਅਵੇ 'ਤੇ ਚੁੱਕੇ ਸਵਾਲ :** ਆਪਣੇ ਨਾਲ ਫਰਾਰ ਗੈਂਗਸਟਰ ਅਨਮੋਲ ਬਿਸ਼ਨੋਈ ਦਾ ਵੀਡੀਓ ਵਾਇਰਲ ਹੋਣ ਤੋਂ ਬਾਅਦ ਸ਼ੈਰੀ ਮਾਨ ਦਾ ਕੋਈ ਬਿਆਨ ਨਹੀਂ ਆਇਆ ਪਰ ਕਰਨ ਔਜਲਾ ਨੇ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਜਦੋਂ ਉਹ ਪਰਫਾਰਮ ਕਰਦੇ ਹਨ ਤਾਂ ਉਨ੍ਹਾਂ ਨਹੀਂ ਪਤਾ ਹੁੰਦਾ ਹੈ ਕਿ ਸਾਹਮਣੇ ਕੌਣ ਖੜਾ ਹੈ ? ਉਨ੍ਹਾਂ ਦਾ ਧਿਆਨ ਸਿਰਫ ਪਰਫਾਰਮੈਂਸ ਵੱਲ ਹੁੰਦਾ ਹੈ,ਜਿਹੜਾ ਸ਼ੋਅ ਦਾ ਪ੍ਰਬੰਧ ਕਰਦਾ ਹੈ ਉਸ ਨੂੰ ਹੀ ਮਹਿਮਾਨਾਂ ਬਾਰੇ ਜਾਣਕਾਰੀ ਹੁੰਦੀ ਹੈ,ਮੈਨੂੰ ਜਦੋਂ ਮੈਸੇਜ ਆਏ ਤਾਂ ਮੈਂ ਹੁਣ ਇਸ ਦਾ ਜਵਾਬ ਦੇ ਰਿਹਾ ਹਾਂ,ਇਸ ਤੋਂ ਪਹਿਲਾਂ ਮੈਨੂੰ ਅਨਮੋਲ ਬਿਸ਼ਨੋਈ ਬਾਰੇ ਕੁਝ ਵੀ ਨਹੀਂ ਪਤਾ ਸੀ। ਮੈਂ ਕਦੇ ਵੀ ਅਜਿਹੇ ਲੋਕਾਂ ਦੇ ਨਾਲ ਸਬੰਧ ਨਹੀਂ ਰੱਖ ਦਾ ਹਾਂ। ਪਰ ਸਿੱਧੂ ਮੂਸੇਵਾਲਾ ਦੇ ਪਿਤਾ ਕਰਨ ਔਜਲਾ ਦੇ ਇਸ ਬਿਆਨ ਤੋਂ ਸਹਿਮਤ ਨਜ਼ਰ ਨਹੀਂ ਆ ਰਹੇ ਹਨ। ਉਨ੍ਹਾਂ ਕਿਹਾ ਮੈਂ ਮੰਨ ਦਾ ਹਾਂ ਕਿ ਕਲਾਕਾਰ ਨੂੰ ਇਹ ਨਹੀਂ ਪਤਾ ਹੁੰਦਾ ਹੈ ਕਿ ਉਸ ਦੇ ਸਾਹਮਣੇ ਕੌਣ ਖੜਾ ਹੈ? ਪਰ ਇਹ ਤਾਂ ਪਤਾ ਹੁੰਦਾ ਹੈ ਕਿ ਪ੍ਰੋਗਰਾਮ ਕਿੱਥੇ ਦੇਣ ਜਾ ਰਿਹਾ ਹੈ ਕਿਸ ਨੇ ਬੁਕਿੰਗ ਕੀਤਾ ਹੈ? ਉਸ ਦੀ ਰੈਪੂਟੇਸ਼ਨ ਕਿਵੇਂ ਦੀ ਹੈ? ਇਹ ਸਾਰੇ ਰੱਲੇ ਹੋਏ ਹਨ ।

ਅਮਰੀਕਾ ਦੇ ਬੈਕਰਸਫੀਲਡ ਕੈਲੀਫੋਨੀਆ ਦੇ ਵਾਇਰਲ ਵੀਡੀਓ ਵਿੱਚ ਗਾਇਕ ਕਰਨ ਔਜਲਾ ਗਾਣਾ ਗਾ ਰਿਹਾ ਹੈ ਅਤੇ ਉਸ ਦੇ ਖੱਬੇ ਪਾਸੇ ਇੱਕ ਸ਼ਖਸ ਖੜਾ ਹੈ ਉਹ ਹੀ ਅਨਮੋਲ ਬਿਸ਼ਨੋਈ ਹੈ, ਉਸ ਦੇ ਨਾਲ ਇੱਕ ਟੋਪੀ ਵਾਲ ਸ਼ਖਸ ਵੀ ਖੜ੍ਹਾ ਹੈ। ਕਰਨ ਔਜਲਾ ਦੇ ਦੂਜੇ ਪਾਸੇ ਸ਼ੈਰੀ ਮਾਨ ਖੜਾ ਹੈ। ਸਾਰੇ ਕਰਨ ਔਜਲਾ ਦੇ ਗਾਣੇ ਵਿੱਚ ਨੱਚ ਦੇ ਹੋਏ ਨਜ਼ਰ ਆ ਰਹੇ ਹਨ। ਅਨਮੋਲ ਬਿਸ਼ਨੋਈ ਹੀ ਉਹ ਸ਼ਖ਼ਸ ਹੈ ਜਿਸ ਨੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਅੰਜਾਮ ਦੇਣ ਲਈ ਸਾਰਾ ਪਲਾਨ ਤਿਆਰ ਕੀਤਾ ਸੀ।

# ਸਿੱਖਾਂ ਨੂੰ ਦੇਸ਼ ਭਗਤੀ ਦਾ ਪ੍ਰਮਾਣ ਪੱਤਰ ਲੈਣ ਦੀ ਲੋੜ ਨਹੀਂ: ਸੁਖਬੀਰ

## ਦਿੱਲੀ ਵਿੱਚ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਸਬੰਧੀ ਸਮਾਗਮ 'ਚ ਕੀਤੀ ਸ਼ਿਰਕਤ

ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖੀ ਦਾ ਸਿਧਾਂਤ ਧਰਮ ਨਿਰਪੱਖਤਾ ਵਾਲਾ ਹੈ। ਸਿੱਖ ਕੌਮ ਹਮੇਸ਼ਾ ਹੀ ਸਰਬੱਤ ਦੇ ਭਲੇ ਦੀ ਅਰਦਾਸ ਕਰਦੀ ਹੈ। ਉਨ੍ਹਾਂ ਐੱਨਸੀਈਆਰਟੀ ਦੇ ਸਿਲੇਬਸ ਵਿੱਚ ਸ੍ਰੀ ਆਨੰਦਪੁਰ ਸਾਹਿਬ ਮਤੇ ਦੀ ਗਲਤ ਵਿਆਖਾਇਆ ਕਰਨ ਦੀ ਨਿਖੇਧੀ ਕੀਤੀ ਅਤੇ ਸਿੱਖਾਂ ਨੂੰ ਵੱਖਵਾਦੀ ਵਿਚਾਰਧਾਰਾ ਵਾਲਿਆਂ ਵਜੋਂ ਪ੍ਰਚਾਰਨ ਦੀ ਵੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਕਿਸੇ ਤੋਂ ਦੇਸ਼ ਭਗਤੀ ਦਾ ਪ੍ਰਮਾਣ ਪੱਤਰ ਲੈਣ ਦੀ ਲੋੜ ਨਹੀਂ ਕਿਉਂਕਿ ਦੇਸ਼ ਦੀ ਆਜ਼ਾਦੀ ਅਤੇ ਰੱਖਿਆ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਦੀਆਂ ਹਨ। ਸ੍ਰੀ ਬਾਦਲ ਨੇ ਕਿਹਾ ਕਿ ਅੱਜ ਸਿੱਖ ਕੌਮ ਦੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਇਸ ਲਈ ਅੱਜ ਪੰਥ ਵਿਰੋਧੀ ਤਾਕਤਾਂ ਦੀ ਪਛਾਣ ਕਰਨ ਦੀ ਲੋੜ ਹੈ।



ਸ੍ਰੀ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ ਦਿੱਲੀ ਸਥਿਤ ਹਰੀਨਗਰ ਦੇ ਡੀਡੀਏ ਮੈਦਾਨ ਵਿੱਚ ਬੀਤੀ ਰਾਤ ਕਰਵਾਏ ਗੁਰਮਤਿ ਸਮਾਗਮ ਵਿੱਚ ਸ਼ਿਰਕਤ ਕੀਤੀ ਜਿਸ ਤੋਂ ਬਾਅਦ ਉਪਰੋਕਤ ਗੱਲਾਂ ਦਾ ਪ੍ਰਗਟਾਵਾ ਕੀਤਾ। ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਸਣੇ ਪ੍ਰਮੁੱਖ ਸ਼ਖ਼ਸ਼ੀਅਤਾਂ ਹਾਜ਼ਰ ਸਨ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖ ਕੌਮ ਦੇ ਮਹਾਨ ਜਰਨੈਲਾਂ ਦੀਆਂ ਸ਼ਤਾਬਦੀਆਂ ਮਨਾਉਣਾ ਅਜਿਹਾ ਮੌਕਾ ਹੁੰਦਾ ਹੈ ਜਦੋਂ ਨੌਜਵਾਨਾਂ ਨੂੰ ਇਤਿਹਾਸ ਅਤੇ ਵਿਰਸੇ ਬਾਰੇ ਜਾਗਰੂਕ ਕੀਤਾ ਜਾਂਦਾ ਹੈ।

ਸਮਾਗਮ ਦੌਰਾਨ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਅਤੇ ਦਿੱਲੀ ਕਮੇਟੀ ਦੀ ਮੈਂਬਰ ਬੀਬੀ ਰਣਜੀਤ ਕੌਰ ਨੇ ਵੀ ਸੰਬੋਧਨ ਕੀਤਾ।

# ਭਾਰਤ ਆਬਾਦੀ ਪੱਖੋਂ ਵਿਸ਼ਵ ਦਾ ਅੱਵਲ ਨੰਬਰ ਮੁਲਕ ਬਣਿਆ

## ਚੀਨ ਨੂੰ ਪਛਾੜਿਆ; ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ 2050 ਤੱਕ ਭਾਰਤ ਦੀ ਵਸੋਂ 166.8 ਕਰੋੜ ਹੋਣ ਦੇ ਆਸਾਰ

ਨਵੀਂ ਦਿੱਲੀ : ਸੰਯੁਕਤ ਰਾਸ਼ਟਰ ਦੇ ਅੰਕੜਿਆਂ ਮੁਤਾਬਕ ਭਾਰਤ 142.86 ਕਰੋੜ ਲੋਕਾਂ ਨਾਲ ਆਬਾਦੀ ਪੱਖੋਂ ਚੀਨ ਨੂੰ ਪਛਾੜ ਕੇ ਨੰਬਰ ਇਕ ਮੁਲਕ ਬਣ ਗਿਆ ਹੈ। ਗੁਆਂਢੀ ਮੁਲਕ ਚੀਨ ਇਸ ਵੇਲੇ 142.57 ਕਰੋੜ ਦੀ ਆਬਾਦੀ ਨਾਲ ਦੂਜਾ ਸਭ ਤੋਂ ਸੰਘਣੀ ਵਸੋਂ ਵਾਲਾ ਮੁਲਕ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂਐੱਨਐੱਫਪੀਏ) ਦੀ ਸਟੇਟ ਆਫ਼ ਦਿ ਵਰਲਡ ਪਾਪੂਲੇਸ਼ਨ ਰਿਪੋਰਟ (ਐੱਸਡਬਲਿਊਓਪੀ) 2023 ਮੁਤਾਬਕ ਭਾਰਤ ਦੀ 25 ਫੀਸਦ ਆਬਾਦੀ ਸਿਫ਼ਰ ਤੋਂ 14 ਸਾਲ ਉਮਰ ਵਰਗ, 18 ਫੀਸਦ 10 ਤੋਂ 19 ਸਾਲ, 26 ਫੀਸਦ 10 ਤੋਂ 24 ਸਾਲ, 68 ਫੀਸਦ 15 ਤੋਂ 64 ਸਾਲ ਤੇ 7 ਫੀਸਦ 65 ਸਾਲ ਤੋਂ ਉਪਰ ਹੈ। ਭਾਰਤ ਦੀ ਭੂਗੋਲਿਕ ਆਬਾਦੀ ਇਕ ਤੋਂ ਦੂਜੇ ਰਾਜ ਵਿੱਚ ਵੱਖੋ-ਵੱਖਰੀ ਹੈ। ਮਾਹਿਰਾਂ ਮੁਤਾਬਕ ਕੇਰਲਾ ਤੇ ਪੰਜਾਬ ਵਿੱਚ ਬਜ਼ੁਰਗ ਲੋਕਾਂ ਦੀ ਆਬਾਦੀ ਵੱਧ ਹੈ ਜਦੋਂਕਿ ਬਿਹਾਰ ਤੇ ਉੱਤਰ ਪ੍ਰਦੇਸ਼ ਵਿੱਚ ਨੌਜਵਾਨਾਂ ਦੀ ਵਸੋਂ ਜ਼ਿਆਦਾ ਹੈ। ਸੰਯੁਕਤ ਰਾਸ਼ਟਰ ਨੇ ਸਾਲ 1950 ਵਿੱਚ ਆਬਾਦੀ ਨੂੰ ਲੈ ਕੇ ਅੰਕੜੇ ਇਕੱਤਰ ਕਰਨ ਦਾ ਅਮਲ ਸ਼ੁਰੂ ਕੀਤਾ ਸੀ ਤੇ ਉਸ ਮਗਰੋਂ ਇਹ ਪਹਿਲਾ ਮੌਕਾ ਹੈ ਜਦੋਂ ਭਾਰਤ ਆਬਾਦੀ ਪੱਖੋਂ ਯੂਐੱਨ ਦੀ ਸੂਚੀ ਵਿੱਚ ਅੱਵਲ ਨੰਬਰ ਬਣਿਆ ਹੈ। ਸੰਯੁਕਤ ਰਾਸ਼ਟਰ ਦੇ ਵਰਲਡ ਪਾਪੂਲੇਸ਼ਨ ਪ੍ਰੌਸਪੈਕਟਸ-2022 ਮੁਤਾਬਕ ਸਾਲ 1950 ਵਿੱਚ ਭਾਰਤ ਤੇ ਚੀਨ ਦੀ ਅਬਾਦੀ ਕ੍ਰਮਵਾਰ 86.1 ਕਰੋੜ ਤੇ 114.4 ਕਰੋੜ ਸੀ। ਰਿਪੋਰਟ ਵਿੱਚ ਕੀਤੇ ਦਾਅਵੇ ਮੁਤਾਬਕ 2050 ਤੱਕ ਭਾਰਤ ਦੀ ਆਬਾਦੀ ਦੇ ਵੱਧ ਕੇ 166.8 ਕਰੋੜ ਹੋਣ ਦੇ ਆਸਾਰ ਹਨ ਜਦੋਂਕਿ ਚੀਨ ਦੀ ਵਸੋਂ ਘੱਟ ਕੇ 131.7 ਕਰੋੜ ਹੋ ਜਾਵੇਗੀ। ਰਿਪੋਰਟ ਦੀ ਮੰਨੀਏ ਤਾਂ 1950 ਤੋਂ ਹੁਣ ਤੱਕ ਕੁੱਲ ਆਲਮ ਦੀ ਆਬਾਦੀ ਹੁਣ ਤੱਕ ਦੀ ਸਭ ਤੋਂ ਸੁਸਤ ਰਫ਼ਤਾਰ (ਦਰ) ਨਾਲ ਵਧੀ ਹੈ। ਸਾਲ 2020 ਵਿੱਚ ਇਸ ਦਰ 'ਚ 1 ਫੀਸਦ ਦਾ ਨਿਘਾਰ ਆਇਆ ਸੀ। ਵਰਲਡ ਪਾਪੂਲੇਸ਼ਨ ਪ੍ਰੌਸਪੈਕਟਸ-2022 ਮੁਤਾਬਕ ਪਿਛਲੇ ਸਾਲ ਭਾਰਤ ਦੀ ਆਬਾਦੀ 141.2 ਕਰੋੜ ਜਦੋਂਕਿ ਚੀਨ ਦੀ 142.6 ਕਰੋੜ ਸੀ। ਰਿਪੋਰਟ ਮੁਤਾਬਕ 15 ਨਵੰਬਰ ਤੱਕ ਆਲਮੀ ਵਸੋਂ ਦੇ 8 ਅਰਬ ਦੇ ਅੰਕੜੇ ਨੂੰ ਪੁੱਜਣ ਦੇ ਆਸਾਰ ਸਨ। ਯੂਐੱਨਐੱਫਪੀਏ ਮੁਤਾਬਕ ਭਾਰਤ ਵਿੱਚ ਪੁਰਸ਼ਾਂ ਦੀ ਔਸਤ ਉਮਰ 71 ਜਦੋਂਕਿ ਔਰਤਾਂ ਦੀ 74 ਸਾਲ ਹੈ।



# ਸੀਬੀਆਈ ਵੱਲੋਂ ਕੇਜਰੀਵਾਲ ਨੂੰ ਸੱਦੇ ਜਾਣ ਵਿਰੁੱਧ ਸੜਕਾਂ 'ਤੇ ਉੱਤਰੀ 'ਆਪ'

## 'ਆਪ' ਆਗੂਆਂ ਨੇ ਕੇਂਦਰ ਸਰਕਾਰ 'ਤੇ ਲਾਏ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਦੇ ਦੋਸ਼

ਚੰਡੀਗੜ੍ਹ/ਅੰਮ੍ਰਿਤਸਰ : ਸੀਬੀਆਈ ਵੱਲੋਂ ਦਿੱਲੀ ਦੀ ਆਬਕਾਰੀ ਨੀਤੀ ਸਬੰਧੀ ਪੁੱਛ ਪੜਤਾਲ ਲਈ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੱਦੇ ਜਾਣ ਤੋਂ ਨਾਰਾਜ਼ ਪੰਜਾਬ 'ਚ 'ਆਪ' ਦੇ ਵਰਕਰ ਸੜਕਾਂ 'ਤੇ ਉੱਤਰ ਆਏ ਹਨ। ਅੱਜ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਅੰਮ੍ਰਿਤਸਰ ਵਿੱਚ ਵੱਡਾ ਇਕੱਠ ਕੀਤਾ ਗਿਆ, ਜਿਸ 'ਚ ਵਿਧਾਇਕਾ ਜੀਵਨਜੋਤ ਕੌਰ ਵੀ ਮੌਜੂਦ ਰਹੇ। ਇਸੇ ਤਰ੍ਹਾਂ ਜਲੰਧਰ ਅਤੇ ਰਾਜਧਾਨੀ ਚੰਡੀਗੜ੍ਹ ਵਿੱਚ ਵੀ 'ਆਪ' ਵਰਕਰਾਂ ਨੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। 'ਆਪ' ਵਰਕਰਾਂ ਨੇ ਕੇਂਦਰ ਸਰਕਾਰ 'ਤੇ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਲਗਾਏ ਗਏ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਵਿੱਚੋਂ ਵਿਰੋਧੀ ਪਾਰਟੀਆਂ ਨੂੰ ਖਤਮ ਕਰਨ ਲਈ ਕੰਮ ਕਰ ਰਹੀ ਹੈ। ਇਸੇ ਏਜੰਡੇ ਤਹਿਤ ਭਾਜਪਾ ਵੱਲੋਂ 'ਆਪ' ਆਗੂਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 'ਆਪ' ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੋਕ ਹਿੱਤ 'ਚ ਵਧੇਰੇ ਕੰਮ ਕੀਤੇ ਹਨ, ਜਿਨ੍ਹਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਹੈ।

ਅੰਮ੍ਰਿਤਸਰ ਦੇ ਸਥਾਨਕ ਭੰਡਾਰੀ ਪੁਲ 'ਤੇ ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਵਧਦੇ ਕੱਦ ਤੋਂ ਭਾਜਪਾ ਬੁਖ਼ਲਾ ਗਈ ਹੈ। ਇਸ ਲਈ ਭਾਜਪਾ ਨੇ ਉਨ੍ਹਾਂ ਨੂੰ ਝੂਠੇ ਕੇਸ ਵਿੱਚ ਫਸਾਉਣ ਲਈ ਸੀਬੀਆਈ ਤੋਂ ਤਲਬ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਅੱਜ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਅਤੇ ਤਰਨ ਤਾਰਨ ਤੋਂ ਆਏ ਆਗੂ, ਅਹੁਦੇਦਾਰ ਅਤੇ ਵਰਕਰ ਭਾਜਪਾ ਸਰਕਾਰ ਦੇ ਖ਼ਿਲਾਫ਼ ਇੱਥੇ ਇਕੱਠੇ ਹੋਏ। ਇਸ ਮੌਕੇ ਕੇਂਦਰ ਸਰਕਾਰ ਦੀ ਕਾਰਵਾਈ ਦਾ ਵਿਰੋਧ ਕੀਤਾ ਗਿਆ। ਉਨ੍ਹਾਂ ਮੋਦੀ ਸਰਕਾਰ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਆਪਣੀਆਂ ਏਜੰਸੀਆਂ ਦੀ ਆਪਣੇ ਸਿਆਸੀ ਵਿਰੋਧੀਆਂ ਖ਼ ?ਲਾਫ਼ ਜਿੰਨੀ ਮਰਜ਼ੀ ਵਰਤੋਂ ਕਰ ਲਵੇ ਪਰ ਆਮ ਆਦਮੀ ਪਾਰਟੀ ਹੁਣ ਦਬਣ ਅਤੇ ਰੁਕਣ ਵਾਲੀ ਨਹੀਂ ਹੈ । ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੇਜਰੀਵਾਲ ਤੋਂ ਡਰਦੇ ਹਨ। ਸ੍ਰੀ ਮੋਦੀ ਨੂੰ ਪਤਾ ਹੈ ਕਿ 2024 ਵਿੱਚ ਕੇਜਰੀਵਾਲ ਹੀ ਉਨ੍ਹਾਂ ਨੂੰ ਟੱਕਰ ਦੇ ਸਕਦੇ ਹਨ। ਇਸ ਲਈ ਉਹ ਵਾਰ-ਵਾਰ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਇਸ ਮੌਕੇ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ, ਲਾਲਜੀਤ ਸਿੰਘ ਭੁੱਲਰ, ਲਾਲ ਚੰਦ ਕਟਾਰੂਚੱਕ, ਵਿਧਾਇਕ ਡਾ. ਅਜੈ ਗੁਪਤਾ, ਜੀਵਨ ਜੋਤ ਕੌਰ, ਡਾ. ਜਸਬੀਰ ਸਿੰਘ, ਦਲਬੀਰ ਸਿੰਘ ਟੌਂਗ, ਚੇਅਰਮੈਨ ਗੁਰਦੇਵ ਸਿੰਘ ਲਖਨਾ, ਬਲਰਾਮ ਸਿੰਘ, ਚੇਅਰਮੈਨ ਅੰਮ੍ਰਿਤਸਰ ਨਗਰ ਇੰਪਰੂਵਮੈਂਟ ਟਰੱਸਟ ਅਸ਼ੋਕ ਤਲਵਾਰ, ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅੰਮ੍ਰਿਤਸਰ ਜਸਪ੍ਰੀਤ ਸਿੰਘ, ਨੈਸ਼ਨਲ ਕੌਂਸਲ ਮੈਂਬਰ ਬਲਜੀਤ ਸਿੰਘ, ਹਰਿੰਦਰ ਸਿੰਘ, ਜਸਬੀਰ ਸਿੰਘ ਸੁਰਸਿੰਘ , ਲੋਕ ਸਭਾ ਇੰਚਾਰਜ ਇਕਬਾਲ ਸਿੰਘ ਭੁੱਲਰ, ਸ਼ਮਸ਼ੇਰ ਸਿੰਘ ਦੀਨਾਨਗਰ ਮੌਜੂਦ ਸਨ।



## 24ਵੇਂ ਨਗਰ ਕੀਰਤਨ 'ਤੇ ਸਿੱਖ ਨਸਲਕੁਸ਼ੀ ਉਪਰ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ

# ਹੱਕ ਸੱਚ ਇਨਸਾਫ਼ ਅਤੇ ਮਨੁੱਖਤਾ ਲਈ ਅਵਾਜ਼ ਉਠਾਉਣ ਕਾਰਨ ਹਰ ਯੁੱਗ 'ਚ ਸਿੱਖਾਂ ਦੀ ਨਸਲਕੁਸ਼ੀ ਹੋਈ : ਸ੍ਰ. ਪ੍ਰਭਦੀਪ ਸਿੰਘ







ਸਟਾਕਟਨ ਕੈਲੀਫੋਰਨੀਆ : ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਵਿਖੇ 24ਵੇਂ ਨਗਰ ਕੀਰਤਨ ਉਪਰ ਨੌਜਵਾਨਾਂ ਨੇ ਸਿੱਖਾਂ ਵਲੋਂ ਮਨੁੱਖੀ ਹੱਕਾਂ ਅਤੇ ਮਜਲੂਮਾਂ ਦੇ ਹੱਕ 'ਚ ਆਵਾਜ਼ ਉਠਾਉਣ ਕਾਰਨ ਹਰ ਯੁੱਗ 'ਚ ਸਿੱਖਾਂ ਦੀ ਨਸਲਕੁਸ਼ੀ ਹੁੰਦੀ ਆ ਰਹੀ ਹੈ। ਉਹ ਚਾਹੇ ਮੁਗਲ ਦੌਰ ਹੋਵੇ ਜਾਂ ਸਾਮਰਾਜੀ ਫਰੰਗੀਆਂ ਦਾ ਜਾਂ ਨਹਿਰੂ ਇੰਦਰਾ ਰਾਜੀਵ ਬੇਅੰਤ ਸਿੰਘ ਦਾ ਹੋਵੇ ਸਿੱਖਾਂ ਨੂੰ ਹਮੇਸ਼ਾ ਅਕਹਿ ਅਤੇ ਅਸਹਿ ਤਸੀਹੇ ਸਹਿਣੇ ਪਏ। ਇਸ ਸੰਦਰਭ 'ਚ ਨਗਰ ਕੀਰਤਨ ਉਪਰ ਵੱਡੀਆਂ-ਵੱਡੀਆਂ ਤਸਵੀਰਾਂ ਨਾਲ ਲਿਖੇ ਇਤਿਹਾਸ ਦੀ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਤਸਵੀਰਾਂ ਨੂੰ ਗਹੁ ਨਾਲ ਤੱਕਦੇ ਹਾਉਂਕੇ ਭਰਦੇ ਦੇਖੇ ਗਏ ਕਿਵੇਂ ਅੱਜ ਵੀ ਬੇੜੀਆਂ 'ਚ ਜਕੜੇ ਸਿੱਖ 32 ਸਾਲਾਂ ਤੋਂ ਜੇਲ੍ਹਾਂ 'ਚ ਸਮਾਂ ਗੁਜ਼ਾਰ ਰਹੇ ਹਨ। ਇਸ ਬਾਰੇ ਸ੍ਰ. ਮਨਜੀਤ ਸਿੰਘ ਦੇ ਸਪੁੱਤਰ ਸ੍ਰ. ਪ੍ਰਭਦੀਪ ਸਿੰਘ ਨੇ ਵਿਸਥਾਰ ਨਾਲ ਸੰਗਤਾਂ ਨੂੰ ਜਾਣਕਾਰੀ ਦੇ ਰਹੇ ਸਨ। ਇਸ ਬਾਰੇ 'ਸਾਡੇ ਲੋਕ' ਨਾਲ ਗੱਲਬਾਤ ਕਰਦਿਆਂ ਸ੍ਰ. ਦਲਜੀਤ ਸਿੰਘ ਸੰਧੂ, ਸ੍ਰ. ਗੁਰਚਰਨ ਸਿੰਘ ਸਿਰੀਸ ਮੂਡੈਸਟੋ, ਸ੍ਰ. ਮਨਜੀਤ ਸਿੰਘ ਨੇ ਦੱਸਿਆ ਕਿ ਸਿੱਖ ਹਰ ਯੁੱਗ 'ਚ ਜੁਲਮ ਅਤੇ ਜਾਲਮ ਦਾ ਟਾਕਰਾ ਕਰਦੇ ਆਏ ਹਨ ਅਤੇ ਅੱਜ ਵੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬੱਚੇ ਜੋ 1984 ਤੋਂ ਬਾਅਦ ਤੀਜੀ ਪੀੜ੍ਹੀ ਹੈ, ਨੇ ਸਿੱਖੀ ਦਾ ਭਾਰ ਆਪਣੇ ਮੋਢਿਆਂ ਉਪਰ ਚੁੱਕ ਲਿਆ ਹੈ। ਸਿੱਖ ਹਰ ਹਾਲਤ 'ਚ ਇਨਸਾਫ਼ ਲੈਣਗੇ। ਆਪਣੇ ਹੱਕ ਲੈਣਗੇ। ਉਨ੍ਹਾਂ 24ਵੇਂ ਮਹਾਨ ਨਗਰ ਕੀਰਤਨ ਦੀ ਸਮੂਹ ਸਿੱਖ ਜਗਤ ਨੂੰ ਵਧਾਈ ਦਿੱਤੀ।

# ਪੁਲਿਸ ਅਫ਼ਸਰ ਸ੍ਰ. ਜੁਝਾਰ ਸਿੰਘ ਪਰਮਾਰ ਨੇ ਕਮਿਊਨਿਟੀ ਦਾ ਨਾਮ ਕੀਤਾ ਰੌਸ਼ਨ



ਨਿਊਵਾਰਕ/ਕੈਲੀਫੋਰਨੀਆ : ਨਿਊਵਾਰਕ ਸ਼ਹਿਰ ਕੈਲੀਫੋਰਨੀਆ ਦੇ ਨੌਜਵਾਨ ਪੁਲਿਸ ਅਫ਼ਸਰ ਸ੍ਰ. ਜੁਝਾਰ ਸਿੰਘ ਨੇ ਆਫ਼ੀਸਰ ਆਫ਼ ਦਾ ਯੀਅਰ ਬਣਕੇ ਕਮਿਊਨਿਟੀ ਦਾ ਅਤੇ ਆਪਣੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਨੂੰ ਅਗਲੇ ਮਹੀਨੇ Optimist Club Newark ਵਲੋਂ ਸਨਮਾਨਿਤ ਕੀਤਾ ਜਾਵੇਗਾ। ਇਥੇ ਇਹ ਜ਼ਿਕਰਯੋਗ ਹੈ ਕਿ ਜੁਝਾਰ ਸਿੰਘ ਹਮੇਸ਼ਾ ਕਮਿਊਨਿਟੀ ਨਾਲ ਮਿਲਦਾ ਵਰਤਦਾ ਹੈ। ਕਿਸੇ ਨੂੰ ਕੋਈ ਮੁਸ਼ਕਲ ਆਉਂਦੀ ਤਾਂ ਮਦਦ ਕਰਦਾ ਹੈ। ਪੁਲਿਸ ਮਹਿਕਮੇ ਨੇ ਕਿਹਾ ਕਿ ਸਰਦਾਰ ਜੀ ਅੱਜ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ ਅਤੇ ਹਮੇਸ਼ਾ ਮਿਹਨਤ ਲਗਨ ਨਾਲ ਕੰਮ ਕਰਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੁਲਿਸ ਆਫੀਸਰ ਸ੍ਰ. ਜੁਝਾਰ ਸਿੰਘ ਪਰਮਾਰ ਅਮਰੀਕਾ ਦੇ ਉਘੇ ਸਿੱਖ ਆਗੂ ਬਿਜਨਸਮੈਨ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਖਜ਼ਾਨਚੀ ਸ੍ਰ. ਭੁਪਿੰਦਰ ਸਿੰਘ ਪਰਮਾਰ ਦੇ ਬੇਟੇ ਹਨ। ਉਨ੍ਹਾਂ ਦੇ ਪਰਿਵਾਰ ਨੂੰ ਪ੍ਰਸਨਲ ਅਤੇ ਸੋਸ਼ਲ ਮੀਡੀਏ ਉਪਰ ਵਧਾਈਆਂ ਮਿਲ ਰਹੀਆਂ ਹਨ।

# ਬਰਤਾਨੀਆ ਜਾ ਰਹੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਹਵਾਈ ਅੱਡੇ 'ਤੇ ਰੋਕਿਆ



ਅੰਮ੍ਰਿਤਸਰ : ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਅੱਜ ਅੰਮ੍ਰਿਤਸਰ ਤੋਂ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ। ਉਹ ਏਅਰ ਇੰਡੀਆ ਦੀ ਉਡਾਣ ਰਾਹੀਂ ਅੰਮ੍ਰਿਤਸਰ ਤੋਂ ਬਰਤਾਨੀਆ ਜਾਣ ਵਾਸਤੇ ਹਵਾਈ ਅੱਡੇ ਤੇ ਪੁੱਜੀ ਸੀ। ਪੁਲੀਸ ਸੂਤਰਾਂ ਅਨੁਸਾਰ ਕਿਰਨਦੀਪ ਕੌਰ ਜਹਾਜ਼ 'ਚ ਸਵਾਰ ਹੋਣ ਲਈ ਜਾ ਰਹੀ ਸੀ, ਜਦੋਂ ਉਸ ਨੂੰ ਇਮੀਗ੍ਰੇਸ਼ਨ ਵਿਭਾਗ ਨੇ ਕਥਿਤ ਤੌਰ 'ਤੇ ਰੋਕ ਲਿਆ। ਪੁਲੀਸ ਨੇ ਸਪਸ਼ਟ ਕੀਤਾ ਕਿ ਹਾਲੇ ਕਿਰਨਦੀਪ ਕੌਰ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ। ਇਮੀਗ੍ਰੇਸ਼ਨ ਵਿਭਾਗ ਵੱਲੋਂ ਉਸ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ।

# "ਲਮਹੋਂ ਨੇ ਖ਼ਤਾ ਕੀ ਸਦੀਓਂ ਨੇ ਸਜ਼ਾ ਪਾਈ"



ਅਮਨ ਅਰੋੜਾ



1. ਮੈਂ ਅਕਸਰ ਸਵੇਰੇ ਮੰਦਰ ਮੱਥਾ ਟੇਕਣ ਤੋਂ ਬਾਅਦ ਗੁਰਦੁਆਰਾ ਸਾਹਿਬ ਮੱਥਾ ਟੇਕਣ ਚਲਿਆ ਜਾਂਦਾ ਹਾਂ। ਮੁਹੱਲੇ ਦੇ ਪੰਚਾਇਤੀ ਗੁਰਦੁਆਰਾ ਸਾਹਿਬ ਤੋਂ ਲੈਕੇ ਪਟਿਆਲਾ ਸਥਿਤ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਤੱਕ ਸਿਜਦਾ ਕਰਨ ਲਈ ਮੇਰਾ ਜਾਣਾ ਹੁੰਦਾ ਹੈ।

ਜਦੋਂ ਮੰਦਰ ਜਾਣ ਤੋਂ ਬਾਅਦ ਗੁਰਦੁਆਰਾ ਸਾਹਿਬ ਜਾਂਦਾ ਹਾਂ ਤਾਂ ਮੇਰੇ ਮੱਥੇ, ਗਲੇ ਅਤੇ ਕੰਨਾਂ ਦੀ ਪੌਰਾਂ ਤੇ ਚੰਦਨ ਦੇ ਤਿਲਕ ਲੱਗੇ ਹੁੰਦੇ ਹਨ। ਹੱਥ ਵਿੱਚ ਖੰਬਣੀ ਵੀ ਬੰਨੀ ਹੁੰਦੀ ਹੈ ਤੇ ਕਦੇ ਕਦਾਈਂ ਗਲੇ ਵਿੱਚ ਰੁਦਰਾਕਸ਼, ਤੁਲਸੀ ਜਾਂ ਸਫ਼ਟਿਕ ਦੀ ਮਾਲਾ ਵੀ ਪਾਈ ਹੁੰਦੀ ਹੈ। ਮੈਨੂੰ ਕਦੇ ਵੀ ਕਿਸੇ ਸੇਵਾਦਾਰ ਜਾਂ ਕਿਸੇ ਵੀ ਹੋਰ ਸ਼ਖ਼ਸ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਜਾਂ ਬਾਹਰ ਤਿਲਕ, ਖੰਬਣੀ, ਮਾਲਾ ਆਦਿ ਹਿੰਦੂ ਪਹਿਚਾਣ ਚਿੰਨ ਹਟਾਉਣ ਜਾਂ ਉਤਾਰਨ ਲਈ ਨਹੀਂ ਕਿਹਾ।

2. ਜਦੋਂ ਕਦੇ ਪੰਜਾਬੋਂ ਬਾਹਰ ਜਾਕੇ ਕੋਈ ਇੱਲਤ ਕਰੀਦੀ ਹੈ ਤਾਂ ਮੈਨੂੰ ਤੇ ਮੇਰੇ ਸਾਥੀਆਂ ਨੂੰ ਕਈ ਵਾਰ ਉੱਥੋਂ ਦੇ ਲੋਕਲ ਟੈਕਸੀ ਡਰਾਈਵਰ, ਦੁਕਾਨਦਾਰ ਜਾਂ ਕਿਸੇ ਮੁੱਲਾਂ-ਪੰਡਤ ਦੇ ਮੂੰਹੋਂ ਸੁਣਨਾ ਪਿਆ ਹੈ, "ਯਹ ਇੰਡੀਆ ਹੈ ਤੁਮਹਾਰਾ ਪੰਜਾਬ ਨਹੀਂ। ਇੱਥੋਂ ਤੱਕ ਕਿ ਚੰਡੀਗੜ੍ਹ 'ਚ ਮੇਰੇ ਆਪਣੇ ਹੀ ਦੋਸਤ ਕਹਿ ਦਿੰਦੇ ਹਨ "ਇਹ ਚੰਡੀਗੜ੍ਹ ਹੈ ਪੰਜਾਬ ਨਹੀਂ। ਮੈਂ ਕਦੇ ਵੀ ਇਨ੍ਹਾਂ ਗੱਲਾਂ ਦਾ ਮੁੱਦਾ ਬਣਾਕੇ ਰਾਈ ਦਾ ਪਹਾੜ ਖੜਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

3. ਹੇਠਲੀ ਤਸਵੀਰ ਤੋਂ ਸਪੱਸ਼ਟ ਹੈ ਕਿ ਭਾਰਤੀ ਝੰਡੇ ਤੋਂ ਕਿਸੇ ਨੂੰ ਪਰੇਸ਼ਾਨੀ ਨਹੀਂ ਹੈ। ਪਰੇਸ਼ਾਨੀ ਸ਼ਾਇਦ ਇੱਲਤ ਤੋਂ ਹੈ। ਜੋ ਵੀ ਹੋਇਆ ਉਹ ਜਾਂ ਤਾਂ ਸਾਨੂੰ ਬੇਵਕੂਫ ਬਣਾਕੇ ਲੜਾਉਣ ਦੀ ਸ਼ਰਾਰਤ ਹੈ ਜਾਂ ਫੇਰ "ਲਮਹੋਂ ਨੇ ਖ਼ਤਾ ਕੀ ਸਦੀਓਂ ਨੇ ਸਜ਼ਾ ਪਾਈ" ਵਾਲਾ ਲਮਹਾ ਹੈ। ਦੋਹਾਂ ਹਾਲਾਤਾਂ ਵਿੱਚ ਇਸ ਘਟਨਾ ਨੂੰ ਨਜ਼ਰ ਅੰਦਾਜ਼ ਕਰਨਾ ਚਾਹੀਦਾ ਹੈ।

4. ਜਦੋਂ ਤੱਕ ਅੰਤਰਰਾਸ਼ਟਰੀ ਨਿਯਮਾਂ-ਕਾਨੂੰਨਾਂ ਮੁਤਾਬਕ ਵੱਖਰਾ ਦੇਸ਼ ਨਹੀਂ ਬਣ ਜਾਂਦਾ ਉਦੋਂ ਤੱਕ ਪੰਜਾਬ ਭਾਰਤੀ ਸੰਵਿਧਾਨ ਮੁਤਾਬਕ 'ਭਾਰਤ: ਯੂਨੀਅਨ ਆਫ ਸਟੇਟਸ' ਦਾ ਹਿੱਸਾ ਹੈ। ਕਿਸੇ ਵੀ ਧਾਰਮਿਕ ਸਥਾਨ ਦੇ ਸੇਵਾਦਾਰ, ਪੁਜਾਰੀ, ਮੁੱਲਾਂ, ਪਾਦਰੀ, ਠੇਕੇਦਾਰ, ਜੱਥੇਦਾਰ, ਸਾਧੂ, ਸੰਤ, ਮਠਾਧੀਸ਼, ਪੁਰੋਹਿਤ, ਗੱਦੀਨਸ਼ੀਨ ਆਦਿ ਦੇ ਕੇਵਲ ਕਹਿਣ ਮਾਤਰ ਨਾਲ ਨਾ ਤਾਂ ਖਾਲਿਸਤਨ ਬਨਣ ਲੱਗਾ ਹੈ ਤੇ ਨਾ ਹੀ ਹਿੰਦੂ ਰਾਸ਼ਟਰ।

5. ਮੈਂ ਇਸ ਧਰਤੀ ਤੇ ਮੌਜੂਦ ਸਾਰੇ ਦੇਸ਼ਾਂ ਦੀਆਂ ਹੱਦਾਂ-ਸਰਹੱਦਾਂ ਨੂੰ ਨਕਾਰਦਾ ਹਾਂ ਅਤੇ ਇਸ ਨੂੰ ਮਿਟਾਕੇ ਹਥਿਆਰ ਰਹਿਤ 'ਅਮਨਿਸਤਾਨ' ਬਣਾਉਣ ਦੀ ਮੰਗ ਕਰਦਾ ਹਾਂ। ਮੈਂ ਸਾਰੇ ਦੇਸ਼ਾਂ ਦੇ ਮੁੱਖੀਆਂ, ਸਾਰੇ ਧਰਮਾਂ ਦੇ ਠੇਕੇਦਾਰਾਂ ਅਤੇ ਹਰ ਕਿਸਮ ਦੇ ਭਗਤਾਂ ਨੂੰ ਮੇਰੀ ਇਸ ਮੰਗ ਤੇ ਮੇਰੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਸੁਤੰਤਰਤਾ ਵੀ ਦਿੰਦਾ ਹਾਂ।

ਅਮਨਿਸਤਾਨ ਜ਼ਿੰਦਾਬਾਦ
ਕੁਦਰਤ ਜ਼ਿੰਦਾਬਾਦ
ਧਰਤੀ ਮਾਤਾ ਜ਼ਿੰਦਾਬਾਦ
ਸਾਰੀਆਂ ਭਾਸ਼ਾਵਾਂ ਜ਼ਿੰਦਾਬਾਦ
ਸਾਰੀਆਂ ਸੱਭਿਅਤਾਵਾਂ ਤੇ ਸੱਭਿਆਚਾਰ ਜ਼ਿੰਦਾਬਾਦ
ਸਾਰਿਆਂ ਦੇ ਰੱਬ ਜ਼ਿੰਦਾਬਾਦ

# ਐਕਯੂਪ੍ਰੈਸ਼ਰ ਦੇ ਚਮਤਕਾਰ

ਸਿੰਘ ਐਕਯੂਪ੍ਰੈਸ਼ਰ ਥੈਰਪੀ ਦੁਆਰਾ ਵਿਗੜੇ ਹੋਏ ਅਨੇਕਾ ਰੋਗਾਂ ਦਾ ਕੰਨਾਂ, ਹੱਥਾਂ-ਪੈਰਾਂ ਅਤੇ ਸਰੀਰ ਦੇ ਐਕਯੂਰੇਟ ਪੁਆਇੰਟਾ 'ਤੇ ਪ੍ਰੈਸ਼ਰ ਦੇ ਕੇ ਹੇਠ ਲਿਖੇ ਕੁਦਰਤੀ ਇਲਾਜ ਕੀਤੇ ਜਾਂਦੇ ਹਨ ਜਿਵੇ:-



ਗਰਦਨ, ਮੌਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ, ਨਵੀ ਟਕਨੀਕ ਨਾਲ ਕੰਨ, ਹੱਥਾਂ-ਪੈਰਾਂ ਤੇ ਪ੍ਰੈਸ਼ਰ ਦੇ ਕੇ ਚਮਤਕਾਰੀ ਇਲਾਜ ਕੀਤਾ ਜਾਂਦਾ ਹੈ।

**ਭੁਪਿੰਦਰ ਸਿੰਘ ਐਕਯੂਪ੍ਰੈਸ਼ਰ ਸਪੈਸ਼ਲਿਸਟ ( USA & India)**

**ਸਿੰਘ ਐਕਯੂਪ੍ਰੈਸ਼ਰ Ph : 209 -505-1988**

Address :- 3327 Costantino Circle, Stockton, CA 95212

Call Only 9am to 6pm

We Accept All major Credit Cards

# ਹੋਮਿਓਪੈਥੀ ਦੇ ਚਮਤਕਾਰ

ਸਿੰਘ ਹੋਮਿਓਪੈਥੀ ਤੋਂ ਹੇਠ ਲਿਖੇ ਰੋਗਾਂ ਦੀ ਰੈਮਡੀ (Remedy) ਲੈ ਸਕਦੇ ਹੋ



ਗਰਦਨ, ਮੌਢੇ, ਗੋਡੇ, ਪਿੱਠ, ਪੱਟ, ਲੱਤ, ਜੋੜਾਂ, ਹੱਡੀਆਂ ਦਾ ਦਰਦ, ਦਿਲ ਦੇ ਰੋਗ, ਦਮਾ, ਪਾਚਨ ਪ੍ਰਣਾਲੀ, ਫੈਟੀ ਲਿਵਰ, ਕਬਜ਼, ਬਵਾਸੀਰ, ਪੇਟ ਗੈਸ, ਧਰਨ, ਪੇਟ ਦਰਦ, ਡਾਇਬੀਟੀਜ਼, ਗੁਰਦਿਆਂ ਅਤੇ ਪਿਸ਼ਾਬ ਦੇ ਰੋਗ, ਚੱਕਰ ਰੋਗ-ਕੰਨਾਂ ਦੇ ਰੋਗ, ਪੁਰਾਣਾ ਨਜ਼ਲਾ-ਜ਼ੁਕਾਮ, ਨਕਸੀਰ, ਮੂੰਹ ਅਤੇ ਗਲੇ ਦੇ ਰੋਗ, ਮਾਨਸਿਕ ਤਣਾਉ, ਡਿਪ੍ਰੈਸ਼ਨ, ਬੇਚੈਨੀ, ਉਨੀਂਦਰਾ, ਅੱਧੇ ਤੇ ਪੂਰੇ ਸਿਰ ਦਾ ਦਰਦ, ਮਾਇਗ੍ਰੇਨ, ਚਮੜੀ ਦੇ ਰੋਗ, ਮਰਦਾਂ ਅਤੇ ਔਰਤਾਂ ਦੇ ਗੁਪਤ ਰੋਗ, ਬੱਚਾ ਹੋਣ ਵਿਚ ਮੁਸ਼ਕਲ ਅਤੇ ਹੋਰ ਅਨੇਕਾ ਰੋਗ।

**ਸਿੰਘ ਹੋਮਿਓਪੈਥੀ: Ph : 209 -505-1988**

Call Only 9am to 6pm

We Accept All major Credit Cards

*Homeopathy Medicine Not FDA Approved*

APCA is excited to announce its

# 9TH ANNUAL BUYER'S TRADE SHOW IN MODESTO

on
Thursday, April 27th, 2023
From 12:30pm to 5:30pm
at Modesto Centre Plaza 1010, L Street, Modesto, CA 95354

**FREE ADMISSION**

10 YEARS ANNIVERSARY

# APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

## April 27th, From 12:30pm to 5:30pm
## at Modesto Centre Plaza 1010, L Street, Modesto, CA 95354

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ
# ੯ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ
## 27 ਅਪ੍ਰੈਲ 2023, 12.30 ਤੋਂ 5.30 ਵਜੇ ਤੱਕ
### ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।

*Special Vendor Deals + New Items*

- 90+Vendor Booths and 400+ Retailers From All Over California.
- Cash Prizes A GRAND PRIZE and free Raffle Prizes are being given Away

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ ੯ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 80 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।



Copyright @ Punjab Mail USA

Host

Jot Ranjit Kaur

*Live Performance*

**Malkit Singh**

*Venue:*
*THE STATE THEATER*
*1307, J Street, Modesto, CA 95354*
*Thursday, April 27th*
*From 7:00pm to 9:00pm*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2023 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET ONE ADDITIONAL FREE TICKET PER STORE
- TO RECEIVE YOUR FREE TICKET, MUST ATTEND APCA TRADE SHOW ON APRIL 27 AT MODESTO CENTRE PLAZA, MODESTO
- ADDITIONAL TICKETS: $50 Each

*Grand sponsor*

Dosanjh Family AUTO GROUP

*Media Partners*

PUNJAB MAIL USA TV Channel | Radio Punjab | Prime ASIA | ਸਾਂਝੀ ਸੋਚ | ਸਾਡੇ ਲੋਕ SADE LOK | PTC PUNJABI

*For More Information*

| | | | |
|---|---|---|---|
| PUNEET BAINS: 559-347-7728 | PAUL HAYER: 707-290-8530 | KEWAL KRISHAN: 510-290-7144 | ANDY CHHIKARA: 559-259-4006 |
| JEET SANDHU: 209-765-2619 | SUKHI SANDHU: 209-505-0876 | APCA OFFICE: 916-627-1170 | ROCKY MALHI : 916-792-8023 |

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਤਾਬਦੀ ਨੂੰ ਸਮਰਪਿਤ ਦਿੱਲੀ ਵਿਖੇ ਸਮਾਗਮਾਂ ਦੇ ਤੀਜੇ ਦਿਨ ਹੋਈਆਂ ਖਾਲਸਾਈ ਖੇਡਾਂ

## *-ਨਿਹੰਗ ਸਿੰਘ ਦਲਾਂ ਨੇ ਵਿਖਾਏ ਜੰਗਜੂ ਕਰਤਬ, ਗੱਤਕਾ ਟੀਮਾਂ 'ਚ ਹੋਏ ਮੁਕਾਬਲੇ*













ਨਵੀਂ ਦਿੱਲੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਸਰੀ ਜਨਮ ਸ਼ਤਾਬਦੀ ਨੂੰ ਸਮਰਪਿਤ ਦਿੱਲੀ ਵਿਖੇ ਕਰਵਾਏ ਗਏ ਸਮਾਗਮਾਂ ਤਹਿਤ ਬੀਤੀ ਸ਼ਾਮ ਖਾਲਸਾਈ ਖੇਡਾਂ ਕਰਵਾਈਆਂ ਗਈਆਂ। ਇਸ ਤੋਂ ਪਹਿਲਾਂ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਹੇਠ ਨਿਹੰਗ ਸਿੰਘਾਂ ਨੇ ਜੇਲ੍ਹ ਰੋਡ ਤੋਂ ਮਹੱਲਾ ਸਜਾਇਆ, ਜੋ ਡੀਡੀਏ ਗਰਾਊਂਡ ਦਿੱਲੀ ਵਿਖੇ ਪੁੱਜਾ। ਇਥੇ ਪੁੱਜ ਕੇ ਘੋੜਿਆਂ ਦੀਆਂ ਦੌੜਾਂ ਹੋਈਆਂ ਅਤੇ ਨਿਹੰਗ ਸਿੰਘਾਂ ਨੇ ਜੰਗਜੂ ਕਰਤਬ ਦਿਖਾਏ। ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਪੁੱਜੇ ਗੱਤਕਾ ਅਖਾੜਿਆਂ ਨੇ ਪ੍ਰਮੁੱਖ ਸ਼ਖਸੀਅਤਾਂ ਦੀ ਹਾਜਰੀ ਵਿੱਚ ਗਤਕੇ ਦਾ ਪ੍ਰਦਰਸ਼ਨ ਕੀਤਾ। ਗੱਤਕਾ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ ਅਤੇ ਜੇਤੂ ਰਹੇ ਖਿਡਾਰੀਆਂ ਨੂੰ ਪ੍ਰਮੁੱਖ ਸਖਸ਼ੀਅਤਾਂ ਨੇ ਸਨਮਾਨਿਤ ਕੀਤਾ।

ਇਨ੍ਹਾਂ ਖੇਡਾਂ ਪ੍ਰਤੀ ਦਿੱਲੀ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਸੀ ਅਤੇ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤ ਨੇ ਖਾਲਸਾਈ ਖੇਡਾਂ ਦਾ ਅਨੰਦ ਮਾਣਿਆ।

ਖਾਲਸਾਈ ਖੇਡਾਂ ਮੌਕੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ, ਸੀਨੀਅਰ ਅਕਾਲੀ ਆਗੂ ਸ. ਹੀਰਾ ਸਿੰਘ ਗਾਬੜੀਆ, ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀਕੇ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਰਣਜੀਤ ਕੌਰ, ਸ ਗੁਰਮਿੰਦਰ ਸਿੰਘ ਮਠਾਰੂ, ਦਿੱਲੀ ਕਮੇਟੀ ਮੈਂਬਰ ਸ. ਸੁਖਵਿੰਦਰ ਸਿੰਘ ਬੱਬਰ, ਸ. ਕੁਲਦੀਪ ਸਿੰਘ ਭੋਗਲ, ਸ. ਸੁਖਦੇਵ ਸਿੰਘ ਰਿਆੜ, ਬੀਬੀ ਮਨਦੀਪ ਕੌਰ ਬਖਸ਼ੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪਰਮਜੀਤ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਸ. ਸਿਮਰਜੀਤ ਸਿੰਘ, ਮੀਤ ਸਕੱਤਰ ਸ. ਤੇਜਿੰਦਰ ਸਿੰਘ ਪੱਡਾ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਨਿਹਾਲ ਸਿੰਘ ਸੁਰਸਿੰਘ, ਬਾਬਾ ਮੇਜਰ ਸਿੰਘ ਤਰਨਾ ਦਲ, ਬਾਬਾ ਜੱਸਾ ਸਿੰਘ, ਸ ਜਰਨੈਲ ਸਿੰਘ ਵਿਧਾਇਕ, ਮੈਨੇਜਰ ਸ. ਸੁਖਰਾਜ ਸਿੰਘ, ਦਿੱਲੀ ਸਿੱਖ ਮਿਸ਼ਨ ਦੇ ਇੰਚਾਰਜ ਸ. ਸੁਰਿੰਦਰਪਾਲ ਸਿੰਘ ਸਮਾਨਾ, ਸ. ਜਸਵੀਰ ਸਿੰਘ ਲੌਂਗੋਵਾਲ, ਇੰਚਾਰਜ ਸ. ਮਨਜੀਤ ਸਿੰਘ, ਸ. ਕਰਤਾਰ ਸਿੰਘ, ਸ ਹਰਪਾਲ ਸਿੰਘ ਵਧੀਕ ਮੈਨੇਜਰ ਸ ਨਿਸ਼ਾਨ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆ ਆਦਿ ਹਾਜ਼ਰ ਸਨ।

# ਪੰਥ ਤੇਰੇ ਦੀਆਂ ਗੂੰਜਾਂ ਦਿਨੋਂ-ਦਿਨ ਪੈਂਦੀਆਂ ਰਹਿਣਗੀਆਂ





ਗਦਰੀ ਬਾਬਿਆਂ ਦੇ ਇਤਿਹਾਸਕ ਪਵਿੱਤਰ ਅਸਥਾਨ ਤੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਉਪਰ 24ਵੇਂ ਮਹਾਨ ਨਗਰ ਕੀਰਤਨ 'ਤੇ ਗੁਰੂ ਕੀਆਂ ਸੰਗਤਾਂ ਦਾ ਮਹਾਨ ਪਵਿੱਤਰ ਇਕੱਠ ਹੋਇਆ।

ਇਸ ਇਤਿਹਾਸਕ ਨਗਰ ਕੀਰਤਨ ਦੀ

## ਸਮੂਹ ਲੋਕਾਈ ਨੂੰ ਲੱਖ-ਲੱਖ ਵਧਾਈ ਹੋਵੇ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਖੇਡਾਂ ਨੂੰ ਪ੍ਰਮੋਟ ਅਤੇ ਸਪੋਟ ਕਰਨ ਵਾਲੇ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਬਿਜ਼ਨਸਮੈਨ

## ਸ.ਜਗਜੀਤ ਸਿੰਘ ਰੱਕੜ

# ਇਟਲੀ ਤੇ ਯੂਰਪੀ ਯੂਨੀਅਨ ਦੇ ਸਫੀਰ ਦਰਬਾਰ ਸਾਹਿਬ ਨਤਮਸਤਕ



ਅੰਮ੍ਰਿਤਸਰ : ਇਟਲੀ ਦੇ ਸਫੀਰ ਵਿਨਸਿਨਜੋ ਡੀ ਲੂਕਾ ਅਤੇ ਯੂਰਪੀ ਯੂਨੀਅਨ ਦੇ ਸਫੀਰ ਉਗੋ ਅਸਤੂਤੋ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਜਾਣਕਾਰੀ ਮੁਤਾਬਕ ਇਟਲੀ ਵਿਚ ਵਸਦਾ ਸਿੱਖ ਭਾਈਚਾਰਾ ਉਥੇ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ ਅਤੇ ਇਸ ਸਬੰਧ ਵਿਚ ਯਤਨ ਵੀ ਕੀਤੇ ਜਾ ਰਹੇ ਹਨ। ਇਟਲੀ ਅਤੇ ਯੂਰਪੀ ਯੂਨੀਅਨ ਦੇ ਸਫੀਰਾਂ ਦੀ ਅੱਜ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ ਨੂੰ ਵੀ ਇਸੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਆਸਟਰੀਆ ਵਿੱਚ ਸਿੱਖ ਧਰਮ ਨੂੰ ਮਾਨਤਾ ਮਿਲ ਚੁੱਕੀ ਹੈ। ਇਨ੍ਹਾਂ ਦੋਵਾਂ ਸਫੀਰਾਂ ਨੇ ਲਗਪਗ ਇਕ ਘੰਟਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਨ੍ਹਾਂ ਨਾਲ ਇੰਡੀਅਨ ਸਿੱਖ ਕਮਿਊਨਿਟੀ ਇਟਲੀ ਜਥੇਬੰਦੀ ਦੇ ਪ੍ਰਧਾਨ ਸੁਖਦੇਵ ਸਿੰਘ ਕੰਗ, ਕੁਲਦੀਪ ਸਿੰਘ ਭੰਡਾਲ, ਹਰਜਿੰਦਰ ਸਿੰਘ, ਸਤਪਾਲ ਸਿੰਘ ਨਾਗੀ, ਜਥੇਦਾਰ ਗੁਰਦਿਆਲ ਸਿੰਘ ਢਿੱਲਵਾਂ ਅਤੇ ਅਮਨਪ੍ਰੀਤ ਕੌਰ ਭੰਡਾਲ ਮੌਜੂਦ ਸਨ।

ਮੀਡੀਆ ਨਾਲ ਗੱਲਬਾਤ ਕਰਦਿਆਂ ਇਟਲੀ ਦੇ ਸਫ਼ੀਰ ਨੇ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਇਟਲੀ ਦੇ ਲੋਕਾਂ ਅਤੇ ਸਿੱਖ ਭਾਈਚਾਰੇ ਵਿਚਾਲੇ ਆਪਸੀ ਸਬੰਧ ਹੋਰ ਵੀ ਮਜ਼ਬੂਤ ਬਣਨ। ਇਸ ਰੂਹਾਨੀ ਅਸਥਾਨ ’ਤੇ ਆ ਕੇ ਮਨ ਨੂੰ ਸਕੂਨ ਮਿਲਿਆ ਹੈ। ਇਸ ਤੋਂ ਪਹਿਲਾਂ ਦੋਵਾਂ ਸਫੀਰਾਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਸਫੀਰਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ, ਸਿੱਖ ਧਰਮ ਅਤੇ ਲੰਗਰ ਪ੍ਰਥਾ ਬਾਰੇ ਵੀ ਜਾਣਕਾਰੀ ਦਿੱਤੀ ਗਈ।

# ਪੁੱਤਰ ਲਈ ਇਨਸਾਫ ਦੀ ਲੜਾਈ ਲੜਦੇ ਰਹਾਂਗੇ: ਬਲਕੌਰ ਸਿੰਘ

## *ਗੈਂਗਸਟਰਾਂ ਨੂੰ ਅਸਾਮ ਦੀ ਜੇਲ੍ਹ ਵਿਚ ਭੇਜਣ ਦੀ ਮੰਗ*



ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਗੈਂਗਸਟਰਾਂ ਖ਼ਿਲਾਫ਼ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਗੈਂਗਸਟਰਾਂ ਨੂੰ ਵੀਆਈਪੀ ਸੁਰੱਖਿਆ ਦੇ ਰਹੀ ਹੈ ਉਥੇ ਯੂਪੀ ਦੀ ਸਰਕਾਰ ਵਲੋਂ ਅਪਰਾਧੀ ਅਨਸਰਾਂ ਖ਼ਿਲਾਫ਼ ਸਖਤ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕਿਹਾ ਕਿ ਉਹ ਮਰਹੂਮ ਸਿੱਧੂ ਮੂਸੇਵਾਲਾ ਲਈ ਇਨਸਾਫ ਦੀ ਲੜਾਈ ਲੜਦੇ ਰਹਿਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਵਿਚੋਂ ਹੋਈ ਇੰਟਰਵਿਊ ਦੇ ਮਾਮਲੇ ’ਚ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਜਦੋਂਕਿ ਪੰਜਾਬ ਦੇ ਨੌਜਵਾਨਾਂ ’ਤੇ ਐੱਨਐੱਸਏ ਵਰਗੇ ਕਾਨੂੰਨ ਲਾ ਕੇ ਅਸਾਮ ਦੀਆਂ ਜੇਲ੍ਹਾਂ ਵਿੱਚ ਭੇਜਿਆ ਜਾ ਰਿਹਾ ਹੈ। ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਿਹੜੇ ਗੈਂਗਸਟਰਾਂ ਨੇ ਸਿੱਧੂ ਮੂਸੇਵਾਲਾ ਸਮੇਤ ਹੋਰਨਾਂ ਨੂੰ ਫ਼ਿਰੌਤੀਆਂ ਲਈ ਮਾਰ ਮੁਕਾਇਆ ਹੈ, ਉਨ੍ਹਾਂ ਨੂੰ ਅਸਾਮ ਦੀਆਂ ਜੇਲ੍ਹਾਂ ਵਿੱਚ ਭੇਜਣ ਦੀ ਲੋੜ ਸੀ ਜਦੋਂਕਿ ਬੇਗੁਨਾਹਾਂ ਨੂੰ ਅਸਾਮ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਰੋਧੀਆਂ ਅਤੇ ਗੈਂਗਸਟਰਾਂ ਵੱਲੋਂ ਵੱਡੇ-ਵੱਡੇ ਵਕੀਲ ਖੜ੍ਹੇ ਕਰਕੇ ਤੇ ਕੁਝ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਮਾਣਹਾਨੀ ਦਾ ਕੇਸ ਕਰਨ ਦੇ ਡਰਾਵੇ ਦਿੱਤੇ ਜਾ ਰਹੇ ਹਨ ਪਰ ਉਹ ਝੁਕਣ ਅਤੇ ਡਰਨ ਵਾਲੇ ਨਹੀਂ ਹਨ ਅਤੇ ਉਹ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਲੜਾਈ ਆਪ ਲੜਨਗੇ। ਇਸ ਮੌਕੇ ਪੰਜਾਬੀ ਗਾਇਕ ਦੇ ਮਾਤਾ ਚਰਨ ਕੌਰ ਨੇ ਵੀ ਸੰਬੋਧਨ ਕੀਤਾ।

# ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਸਬੰਧੀ ਸਮਾਗਮ ਆਰੰਭ

## *ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਖ਼ਾਲਸਾ ਫ਼ਤਹਿ ਮਾਰਚ ਆਰੰਭ; ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿੱਚ ਜਾ ਕੇ ਹੋਵੇਗੀ ਸੰਪੂਰਨਤਾ*



ਨਵੀਂ ਦਿੱਲੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾ ਜਨਮ ਦਿਹਾੜੇ ਸਬੰਧੀ ਸ਼ਤਾਬਦੀ ਸਮਾਗਮ ਅੱਜ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ ਤੋਂ ਖ਼ਾਲਸਾ ਫ਼ਤਹਿ ਮਾਰਚ ਨਾਲ ਆਰੰਭ ਹੋਏ। ਖ਼ਾਲਸਾ ਫ਼ਤਹਿ ਮਾਰਚ ਦੀ ਆਰੰਭਤਾ ਤੋਂ ਪਹਿਲਾਂ ਗੁਰਬਾਣੀ ਕੀਰਤਨ ਹੋਇਆ ਤੇ ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ ਗਿਆ। ਪ੍ਰਬੰਧਕਾਂ ਨੇ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ।

ਖ਼ਾਲਸਾ ਫ਼ਤਹਿ ਮਾਰਚ ਦਿੱਲੀ ਦੇ ਸ਼ੰਕਰ ਰੋਡ, ਪਟੇਲ ਨਗਰ, ਸ਼ਾਦੀਪੁਰ, ਮੋਤੀ ਨਗਰ, ਰਾਮੇਸ਼ ਨਗਰ, ਰਾਜਾ ਗਾਰਡਨ, ਰਜੌਰੀ ਗਾਰਡਨ, ਟੈਗੋਰ ਗਾਰਡਨ, ਸੁਭਾਸ਼ ਨਗਰ, ਤਿਲਕ ਨਗਰ, ਜੇਲ੍ਹ ਰੋਡ, ਹਰੀ ਨਗਰ ਤੋਂ ਹੁੰਦਾ ਹੋਇਆ ਗੁਰਦੁਆਰਾ ਛੋਟੇ ਸਾਹਿਬਜ਼ਾਦੇ, ਫ਼ਤਹਿ ਨਗਰ ਪੁੱਜਿਆ। ਫ਼ਤਹਿ ਮਾਰਚ 4 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿੱਚ ਪੁੱਜ ਕੇ ਸਮਾਪਤ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਵੱਲੋਂ ਮਹਾਨ ਸਿੱਖ ਜਨਰੈਲ ਜੱਸਾ ਸਿੰਘ ਰਾਮਗੜ੍ਹੀਆ ਨੂੰ ਯਾਦ ਕਰਦਿਆਂ ਉਨ੍ਹਾਂ ਦੀ 300 ਸਾਲਾ ਜਨਮ ਸ਼ਤਾਬਦੀ ਦੇ ਸਮਾਗਮਾਂ ਦੀ ਸ਼ੁਰੂਆਤ ਦਿੱਲੀ ਤੋਂ ਕੀਤੀ ਗਈ ਹੈ।

ਸਿੱਖ ਜਥੇਬੰਦੀਆਂ ਵੱਲੋਂ ਤਿਆਰ ਕੀਤੀਆਂ ਤੇ ਨਗਰ ਕੀਰਤਨ ਵਿਚ ਸ਼ਾਮਲ ਦੋ ਪ੍ਰਦਰਸ਼ਨੀਆਂ ਸੰਗਤ ਲਈ ਖਿੱਚ ਦਾ ਕੇਂਦਰ ਰਹੀਆਂ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਨ੍ਹਾਂ ਪ੍ਰਦਰਸ਼ਨੀਆਂ ਬਾਰੇ ਦੱਸਿਆ ਕਿ ਕਿਵੇਂ ਜੱਸਾ ਸਿੰਘ ਰਾਮਗੜ੍ਹੀਆ ਤੇ ਸਾਥੀ ਸਿੱਖ ਜਰਨੈਲ ਦਿੱਲੀ ਫ਼ਤਹਿ ਕਰਨ ਉਪਰੰਤ ਮੁਗਲ ਸਾਮਰਾਜ ਦੇ ਤਖ਼ਤ-ਏ-ਤਾਊਸ ਨੂੰ ਧੂਹ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਗਏ ਸਨ। ਇਸ ਉੱਤੇ ਬੈਠ ਕੇ ਜਾਬਰ ਬਾਦਸ਼ਾਹ ਹੁਕਮ ਜਾਰੀ ਕਰਦੇ ਹੁੰਦੇ ਸਨ। ਇਹ ਤਖ਼ਤ-ਏ-ਤਾਊਸ ਦੀ ਸਿੱਲ ਅੱਜ ਵੀ ਸ੍ਰੀ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਸਥਿਤ ਬੁੰਗਾ ਰਾਮਗੜ੍ਹੀਆ ਵਿੱਚ ਮੌਜੂਦ ਹੈ।

# ਭਲਾਈ ਸਕੀਮਾਂ ਕਾਰਨ ਬਣਾਇਆ ਜਾ ਰਿਹੈ ਨਿਸ਼ਾਨਾ: ਕੇਜਰੀਵਾਲ

## *ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਕੇਂਦਰ ਅਤੇ ਮੋਦੀ ’ਤੇ ਵਰ੍ਹੇ ਮੁੱਖ ਮੰਤਰੀ*



ਨਵੀਂ ਦਿੱਲੀ : ਸੀਬੀਆਈ ਵੱਲੋਂ ‘ਆਪ’ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਲੋਂ ਕੀਤੀ ਗਈ ਪੁੱਛ-ਪੜਤਾਲ ਤੋਂ ਇੱਕ ਦਿਨ ਬਾਅਦ ਦਿੱਲੀ ਵਿਧਾਨ ਸਭਾ ਦੇ ਬੁਲਾਏ ਗਏ ਵਿਸ਼ੇਸ਼ ਸੈਸ਼ਨ ਦੌਰਾਨ ਕੇਜਰੀਵਾਲ ਨੇ ਦੋਸ਼ ਲਾਇਆ ਕਿ ਦਿੱਲੀ ਵਾਸੀਆਂ ਨੂੰ ਮੁਫ਼ਤ ਬਿਜਲੀ ਅਤੇ ਚੰਗੀਆਂ ਸਿਹਤ ਸਹੂਲਤਾਂ ਸਮੇਤ ਹੋਰ ਲੋਕ ਭਲਾਈ ਸਕੀਮਾਂ ਲਈ ਕੇਂਦਰ ਉਨ੍ਹਾਂ ਅਤੇ ‘ਆਪ’ ਸਰਕਾਰ ਨੂੰ ਨਿਸ਼ਾਨਾ ਬਣਾ ਰਹੀ ਹੈ। ਵਿਧਾਨ ਸਭਾ ਦੇ ਵਿਸ਼ੇਸ਼ ਇਲਜਾਸ ਦੌਰਾਨ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਿਖੇਧੀ ਕਰਦਿਆਂ ਇੱਕ ਮਤਾ ਵੀ ਪਾਸ ਕੀਤਾ ਗਿਆ। ਮਤੇ ਅਨੁਸਾਰ, “ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਵੱਲੋਂ ਲੰਮੇ ਸਮੇਂ ਤੋਂ ਆਮ ਆਦਮੀ ਪਾਰਟੀ ਅਤੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਵਧਦੀ ਲੋਕਪ੍ਰਿਅਤਾ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।” ਕੇਜਰੀਵਾਲ ਨੇ ਦੋਸ਼ ਲਾਇਆ ਕਿ ਭ੍ਰਿਸ਼ਟਾਚਾਰ ਅਤੇ ਅਤਿਵਾਦ ਨੂੰ ਖਤਮ ਕਰਨ ਲਈ ਨੋਟਬੰਦੀ ਲਾਗੂ ਕੀਤੀ ਗਈ ਸੀ ਪਰ ਦੇਸ਼ ਨੂੰ ‘ਤਬਾਹ’ ਕਰ ਦਿੱਤਾ ਗਿਆ। ਇਸ ਦੌਰਾਨ ਮੁੱਖ ਮੰਤਰੀ ਨੇ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਤੇਲ ਦੀਆਂ ਕੀਮਤਾਂ ਵਰਗੇ ਮੁੱਦੇ ਵੀ ਚੁੱਕੇ।

ਸੈਸ਼ਨ ਦੌਰਾਨ ਕੇਜਰੀਵਾਲ ਨੇ ਕਹਾਣੀ ‘ਚੌਥੀ ਪਾਸ ਰਾਜਾ’ ਸੁਣਾਉਂਦੇ ਹੋਏ ਪ੍ਰਧਾਨ ਮੰਤਰੀ ’ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਇਸ ਕਹਾਣੀ ਵਿੱਚ ਸਿਰਫ਼ ਰਾਜਾ ਸੀ, ਕੋਈ ਰਾਣੀ ਨਹੀਂ ਸੀ। ਮਾਂ ਨੂੰ ਦੱਸਿਆ ਗਿਆ ਕਿ ਉਸ ਦਾ ਪੁੱਤਰ ਅੱਗੇ ਚੱਲ ਕੇ ਰਾਜਾ ਬਣੇਗਾ। ਉਨ੍ਹਾਂ ਵਿਅੰਗ ਕੀਤਾ ਕਿ ਲੜਕੇ ਨੇ ਚੌਥੀ ਜਮਾਤ ਮਗਰੋਂ ਪੜ੍ਹਾਈ ਛੱਡ ਦਿੱਤੀ ਅਤੇ ਚਾਹ ਦੇ ਸਟਾਲ ’ਤੇ ਨੌਕਰੀ ਕੀਤੀ। ਫਿਰ ਉਹ ਰਾਜਾ ਵੀ ਬਣ ਗਿਆ ਪਰ ਪੜ੍ਹਿਆ-ਲਿਖਿਆ ਨਾ ਹੋਣ ਕਰਕੇ ਉਸ ਨੇ ਜਾਅਲੀ ਡਿਗਰੀ ਲੈ ਲਈ। ਇਸ ਸਬੰਧੀ ਲੋਕਾਂ ਨੇ ਆਰਟੀਆਈਜ਼ ਵੀ ਪਾਈਆਂ। ਰਾਜੇ ਨੇ ਨੋਟਬੰਦੀ ਕੀਤੀ, ਤਿੰਨ ਖੇਤੀਬਾੜੀ ਕਾਨੂੰਨ ਲਿਆਂਦੇ ਅਤੇ ਜਨਤਾ ਨੂੰ ਤਬਾਹ ਕਰ ਦਿੱਤਾ। ਜਦੋਂ ਉਸ ਨੂੰ ਲੱਗਾ ਕਿ ਉਸ ਨੇ ਪੈਸਾ ਨਹੀਂ ਕਮਾਇਆ ਤਾਂ ਉਸ ਨੇ ਆਪਣੇ ਦੋਸਤ ਨੂੰ ਬੁਲਾਇਆ ਤੇ ਕੰਪਨੀਆਂ ’ਚ ਪੈਸਾ ਲਗਾਇਆ। ਧਮਕਾ ਕੇ ਕਰੋੜਾਂ ਰੁਪਏ ਦਾ ਕਰਜ਼ਾ ਦਿਵਾਇਆ। ਬਿਜਲੀ ਅਤੇ ਨਿੱਜੀ ਕੰਪਨੀਆਂ ਖਰੀਦੀਆਂ। ਉਸ ਨੂੰ ਰਾਜੇ ਦੇ ਕਹਿਣ ’ਤੇ ਬੈਂਕਾਂ ਤੋਂ 10 ਹਜ਼ਾਰ ਕਰੋੜ ਦਾ ਕਰਜ਼ਾ ਦਿੱਤਾ ਗਿਆ। ਫਿਰ ਉਸ ਨੇ ਦੇਸ਼ ਦੀਆਂ ਜਾਇਦਾਦਾਂ ਖਰੀਦੀਆਂ। ਜੇ ਕਿਸੇ ਨੇ ਕੁਝ ਕਿਹਾ ਤਾਂ ਉਸ ਨੂੰ ਜੇਲ੍ਹ ’ਚ ਡੱਕ ਦਿੱਤਾ ਗਿਆ। ਕਹਾਣੀ ਵਿੱਚ ਉਨ੍ਹਾਂ ਅਸਿੱਧੇ ਤਰੀਕੇ ਆਪਣਾ ਜ਼ਿਕਰ ਵੀ ਕੀਤਾ। ਕੇਜਰੀਵਾਲ ਨੇ ਕਿਹਾ ਕਿ ਇੱਕ ਛੋਟਾ ਜਿਹਾ ਰਾਜ ਸੀ। ਉਸ ਰਾਜ ਦਾ ਮੁੱਖ ਮੰਤਰੀ ਇਮਾਨਦਾਰ ਅਤੇ ਪੜ੍ਹਿਆ-ਲਿਖਿਆ ਸੀ। ਉਸ ਨੇ ਬਿਜਲੀ ਮੁਫਤ ਕੀਤੀ ਅਤੇ ਸਕੂਲ ਵਧੀਆ ਕਰ ਦਿੱਤੇ। ਇਸ ਬਦਲੇ ਰਾਜੇ ਨੇ ਉਸ ਨੂੰ ਧਮਕਾਇਆ ਪਰ ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਰਾਜਾ ਅਨਪੜ੍ਹ ਤੇ ਭ੍ਰਿਸ਼ਟ ਹੈ ਤਾਂ ਉਸ ਨੂੰ ਬਾਹਰ ਕੱਢ ਦਿੱਤਾ ਗਿਆ ਅਤੇ ਇਸ ਅਹੁਦੇ ’ਤੇ ਇਮਾਨਦਾਰ ਵਿਅਕਤੀ ਨੂੰ ਬਿਠਾਇਆ ਗਿਆ।



# ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ

## ਗਦਰੀ ਬਾਬਿਆਂ ਦੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਪਵਿੱਤਰ ਵਿਸਾਖੀ ਨੂੰ ਸਮਰਪਿਤ 24ਵੇਂ ਮਹਾਨ ਨਗਰ ਕੀਰਤਨ ਮੌਕੇ ਮਨਟੀਕਾ ਦੀਆਂ ਸਮੂਹ ਸੰਗਤਾਂ ਵਲੋਂ ਗੁਰੂ ਦੀਆਂ ਸੰਗਤਾਂ ਦੀ ਸ਼ਰਧਾ ਤੇ ਨਿਮਰਤਾ ਨਾਲ ਸੇਵਾ ਕੀਤੀ



ਸਟਾਕਟਨ/ਕੈਲੀਫੋਰਨੀਆ, (ਸਾਡੇ ਲੋਕ) : ਨਗਰ ਕੀਰਤਨ ਸਮੇਂ ਗਦਰੀ ਬਾਬਿਆ ਦੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੇ 24ਵੇਂ ਮਹਾਨ ਨਗਰ ਕੀਰਤਨ ਉੱਪਰ ਗੁਰਦਵਾਰਾ ਸਾਹਿਬ ਵਿਖੇ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਚਾਰੇ ਪਾਸੇ ਗੁਰੂ ਕੇ ਲੰਗਰ ਚਲ ਰਹੇ ਸਨ ਕਿਤੇ ਮੱਕੀ ਦੀ ਰੋਟੀ ਸਰੋਂ ਦਾ ਸਾਗ, ਕਿਸੇ ਪਾਸੇ ਫਰੂਟ ਸਲਾਦ, ਕਿਸੇ ਪਾਸੇ ਆਈਸ ਕਰੀਮ, ਰੂਹ ਆਫਜਾ, ਸੰਤਰਿਆਂ ਦਾ ਤਾਜਾ ਜੂਸ, ਬਸ ਗੁਰੂ ਕੇ ਲੰਗਰਾਂ ਦੇ ਕੀ ਕਹਿਣੇ। ਕਈ ਪ੍ਰਵਾਰਾਂ ਦੇ ਪ੍ਰਵਾਰ ਛੋਲੇ, ਭਟੂਰੇ, ਪਕੌੜੇ, ਜਲੇਬੀਆਂ ਦੇ ਲੰਗਾਂਰ ਲਗਾਏ ਹੋਏ ਸਨ, ਕਿਸੇ ਪਾਸੇ ਸੇਵਾਦਾਰਾਂ ਵਲੋਂ ਤਾਜ਼ੀਆਂ ਪੂੜੀਆਂ ਖੁਆਈਆਂ ਜਾ ਰਹੀਆਂ ਸੀ ਗੰਨੇ ਦਾ ਤਾਜਾ ਰਸ ਪਿਲਾਇਆ ਜਾ ਰਿਹਾ ਸੀ। ਅਣਗਿਣਤ ਸੰਗਤਾਂ ਸੇਵਾ ਕਰ ਰਹੀਆਂ। ਇਸ ਮਹਾਨ ਪਵਿੱਤਰ ਨਗਰ ਕੀਰਤਨ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਵੇਰ ਤੋਂ ਸ਼ਾਮ ਤੱਕ ਲਾਈਨਾਂ ਵਿੱਚ ਲੱਗਕੇ ਇਸ ਗੁਰੂ ਨਾਨਕ ਸਾਹਿਬ ਜੀ ਦੇ ਲੰਗਰਾਂ ਵਿੱਚ ਅਣਗਿਣਤ ਗੁਰੂ ਕੀਆਂ ਸੰਗਤਾਂ ਲੰਗਰ ਛਕਦੀਆਂ ਹਨ। ਸਬਜ਼ੀਆਂ ਦਾਲਾਂ, ਦੁੱਧ ਆਈਸ ਕਰੀਮ, ਡਰਾਈ ਫੂਡ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਗਿਣਿਆ ਹੀ ਨਹੀਂ ਜਾ ਸਕਦਾ, ਪ੍ਰਵਾਰਾਂ ਦੇ ਪ੍ਰਵਾਰ, ਪਿੰਡਾਂ ਦੇ ਪਿੰਡ ਅਤੇ ਵੱਖ ਵੱਖ ਗੁਰੂਘਰਾਂ ਦੇ ਸੇਵਾਦਾਰ ਥਾਂ-ਥਾਂ ਨਿਮਰਤਾ ਅਤੇ ਭਾਰੀ ਸ਼ਰਧਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਦੇ। ਆਮ ਸੰਗਤਾਂ ਦੀ ਜੁਬਾਨ ਉਪਰ ਇਹ ਸੇਵਾ ਭਾਵਨਾ ਨੂੰ ਦੇਖਕੇ ਸੁਣਿਆ ਜਾ ਜਾਂਦਾ ਹੈ ਧੰਨ ਗੁਰੂ ਅਤੇ ਧੰਨ ਗੁਰੂ ਕੇ ਸਿੱਖ ਜਦੋਂ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਪੁੱਛਦੇ ਹਾਂ ਅੱਗੋਂ ਜਵਾਬ ਹੁੰਦਾ ਹੈ ਕਿ ਅਸੀਂ ਤਾਂ ਨਿਮਾਣੇ ਜਿਹੇ ਹਾਂ ਗੁਰੂ ਸਿਰ ਉਪਰ ਹੱਥ ਰੱਖਕੇ ਸੇਵਾ ਲੈ ਰਿਹਾ ਹੈ। ਸਟਾਕਟਨ ਕੈਲੀਫੋਰਨੀਆ ਦੇ ਇਸ ਮਹਾਨ ਨਗਰ ਕੀਰਤਨ ਵਾਕਿਆ ਹੀ ਅਲੌਕਿਕ ਰੂਹਾਨੀ ਅਤੇ ਖਾਲਸਾਈ ਜਜ਼ਬਿਆ ਵਿੱਚ ਰੰਗਿਆ ਸੇਵਾ ਅਤੇ ਸ਼ਰਧਾ ਦਾ ਇੱਕ ਮਹਾਨ ਸੁਮੇਲ ਸੀ।

## ਦੇਖੋ ਨਗਰ ਗੁਰੂ ਕੇ ਲੰਗਰਾਂ ਦੀਆਂ ਵੱਖ ਝਲਕੀਆਂ ਤਸਵੀਰਾਂ ਦੀ ਜੁਬਾਨੀ





# ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ

## ਗਦਰੀ ਬਾਬਿਆਂ ਦੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਪਵਿੱਤਰ ਵਿਸਾਖੀ ਨੂੰ ਸਮਰਪਿਤ 24ਵੇਂ ਮਹਾਨ ਨਗਰ ਕੀਰਤਨ ਮੌਕੇ ਮਨਟੀਕਾ ਦੀਆਂ ਸਮੂਹ ਸੰਗਤਾਂ ਵਲੋਂ ਗੁਰੂ ਦੀਆਂ ਸੰਗਤਾਂ ਦੀ ਸ਼ਰਧਾ ਤੇ ਨਿਮਰਤਾ ਨਾਲ ਸੇਵਾ ਕੀਤੀ





ਸਤਿਗੁਰ ਕੀ ਸੇਵਾ ਸਫ਼ਲੁ ਹੈ ਜੇ ਕੋ ਕਰੇ ਚਿਤ ਲਾਇ ਸਮੂਹ ਸਾਧ ਸੰਗਤ ਮਨਟੀਕਾ ਵਲੋਂ ਸੰਗਤਾਂ ਲਈ ਪਨੀਰ ਦੇ ਪਕੌੜੇ, ਗੋਭੀ ਦੇ ਪਕੌੜੇ, ਆਲੂ ਫਰਾਈ, ਛੋਲੇ-ਟਿੱਕੀਆਂ, ਬਰੈਡ ਦੇ ਪਕੌੜੇ, ਹੋਰ ਕਈ ਰਸਦਾਂ ਨਾਲ ਸੇਵਾ ਕੀਤੀ ਗਈ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।







# 24ਵੇਂ ਮਹਾਨ ਨਗਰ ਕੀਰਤਨ 'ਤੇ ਸਟਾਕਟਨ ਇਲਾਹੀ ਰੰਗ 'ਚ ਰੰਗਿਆ































ਸਟਾਕਟਨ ਕੈਲੀਫੋਰਨੀਆ, (ਸਾਡੇ ਲੋਕ ਬਿਊਰੋ) : ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਦੀ ਧਰਤੀ 'ਤੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ 24ਵਾਂ ਮਹਾਨ ਨਗਰ ਕੀਰਤਨ ਕੱਢਿਆ ਗਿਆ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਲਗਵਾਈ ਅਤੇ ਹਰ ਪਾਸੇ ਰੌਣਕ ਸੰਗਤਾਂ ਦਾ ਇਕੱਠ ਨਜ਼ਰ ਆ ਰਿਹਾ ਸੀ। ਇਸ ਨਗਰ ਕੀਰਤਨ ਵਿਚ ਪੂਰੇ ਅਮਰੀਕਾ ਵਿਚੋਂ ਸੰਗਤਾਂ ਨੇ ਗੁਰੂ ਘਰ ਆ ਕੇ ਹਾਜ਼ਰੀ ਲਗਵਾਈ। ਨਗਰ ਕੀਰਤਨ ਉਪਰ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਕੇਸਰੀ ਦਸਤਾਰਾਂ ਕੇਸਰੀ ਚੁੰਨੀਆਂ ਨਾਲ ਸਟਾਕਟਨ ਸ਼ਹਿਰ ਕੇਸਰੀ ਰੰਗ ਵਿੱਚ ਰੰਗਿਆ ਹੋਇਆ ਸੀ ਸ਼ਹੀਦਾਂ ਦੀਆਂ ਫੋਟੋ ਅਤੇ ਮੌਜੂਦਾ ਦੌਰ ਦੇ ਸ਼ਹੀਦਾਂ ਦੀਆਂ ਥਾਂ-ਥਾਂ ਤਸਵੀਰਾਂ ਕੌਮ ਵਿੱਚ ਆਈ ਤਬਦੀਲੀ ਦਾ ਅਗਾਜ਼ ਦੱਸ ਰਹੀਆਂ ਸਨ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਸਿੱਖਾਂ ਨਾਲ ਬੇ-ਇਨਸਾਫੀ ਦੀਆਂ ਗੱਲਾਂ ਕਰ ਰਹੇ ਸਨ। ਐਤਵਾਰ ਸਵੇਰੇ ਸਜੇ ਦੀਵਾਨ ਵਿਚ ਸਵੇਰੇ ਤੋਂ ਹੀ ਸੰਗਤਾਂ ਗੁਰੂ ਘਰ ਵਿਖੇ ਪਹੁੰਚ ਗਈਆਂ ਸਨ। ਕੀਰਤਨ ਉਪਰੰਤ ਪੰਥਕ ਬੁਲਾਰਿਆਂ ਨੇ ਖਾਲਸੇ ਦੇ ਜਨਮ ਦਿਹਾੜੇ ਨਾਲ ਸਬੰਧਿਤ ਆਪਣੇ ਵਿਚਾਰਾਂ ਦੁਆਰਾ ਸੰਗਤਾਂ ਨਾਲ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਅਮਰਜੀਤ ਸਿੰਘ ਤੁੰਗ ਨੇ ਸਾਰਿਆਂ ਹੀ ਬੁਲਾਰਿਆਂ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਦਾ ਸਮਾਂ ਦਿੱਤਾ, ਜਿਨ੍ਹਾਂ ਵਿਚ ਅਮਰੀਕਾ ਦੇ ਵੱਖ-ਵੱਖ ਆਗੂ ਸ਼ਾਮਲ ਹਨ। ਇਸ ਪਵਿੱਤਰ ਮੌਕੇ ਸਟਾਕਟਨ ਸਿਟੀ ਦੇ ਆਫੀਸ਼ਲ ਮੈਂਬਰ ਪਤਵੰਤੇ ਸੱਜਣਾਂ ਨੇ ਗੁਰੂਘਰ ਵਿਖੇ ਪਹੁੰਚ ਕੇ ਸੰਗਤਾਂ ਨੂੰ ਖਾਲਸੇ ਦੇ ਸਿਰਜਣਾ ਦਿਵਸ ਦੀ ਵਧਾਈ ਦਿੱਤੀ। ਬਾਅਦ ਵਿਚ ਆਏ ਹੋਏ ਸਾਰਿਆਂ ਪਤਵੰਤੇ ਸੱਜਣਾਂ ਦਾ ਗੁਰਦੁਆਰਾ ਸਾਹਿਬ ਦੀ ਕਮੇਟੀ ਵਲੋਂ ਸਨਮਾਨ ਕੀਤਾ ਗਿਆ। ਸਿਰੋਪਾਓ ਅਤੇ ਪਲੈਕਾਂ ਦੀ ਬਖਸ਼ਿਸ਼ ਕੀਤੀ ਗਈ। ਉਪ੍ਰੰਤ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਆਗਿਆ ਲੈ ਕੇ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ। ਸੁੰਦਰ ਸਜਾਈ ਹੋਈ ਪਾਲਕੀ







# 24ਵੇਂ ਮਹਾਨ ਨਗਰ ਕੀਰਤਨ ’ਤੇ ਸਟਾਕਟਨ ਇਲਾਹੀ ਰੰਗ ’ਚ ਰੰਗਿਆ









ਵਿਚ ਗੁਰੂ ਸਾਹਿਬ ਦਾ ਸਰੂਪ ਲਿਜਾਇਆ ਗਿਆ। ਇਸ ਨਗਰ ਕੀਰਤਨ ਵਿਚ ਸੰਗਤਾਂ ਠਾਠਾਂ ਮਾਰਦੇ ਦਰਿਆ ਵਾਂਗ ਸਨ। ਕੇਸਰੀ ਦਸਤਾਰਾਂ, ਕੇਸਰੀ ਦੁਪੱਟਿਆਂ ਨਾਲ ਸਾਰੇ ਪਾਸੇ ਮਨਮੋਹਕ ਦ੍ਰਿਸ਼ ਬਣ ਰਿਹਾ ਸੀ। ਸੰਗਤਾਂ ਨਾਲ-ਨਾਲ ਕੀਰਤਨ ਸਰਵਣ ਕਰ ਰਹੀਆਂ ਸਨ। 15 ਅਪਰੈਲ ਸ਼ਨੀਵਾਰ ਨੂੰ ਸਵੇਰੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਗਈ। ਨਿਸ਼ਾਨ ਸਾਹਿਬ ਨੂੰ ਕੱਚੀ ਲੱਸੀ ਦੇ ਨਾਲ ਇਸ਼ਨਾਨ ਕਰਵਾਉਣ ਤੋਂ ਬਾਅਦ ਚੋਲਾ ਬਦਲੀ ਕੀਤਾ ਗਿਆ। ਸੰਗਤਾਂ ਵਾਹਿਗੁਰੂ ਜਾਪ ਕਰ ਰਹੀਆਂ ਸਨ। ਅਰਦਾਸ ਕਰਨ ਤੋਂ ਬਾਅਦ ਸੰਗਤਾਂ ਵਿਚ ਦੇਗ ਵਰਤਾਈ ਗਈ।

ਸ਼ਨੀਵਾਰ ਸ਼ਾਮ ਗੁਰੂਘਰ ਵਿਖੇ ਦੇਰ ਰਾਤ ਤੱਕ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਦੇ ਪ੍ਰਸਿੱਧ ਕਥਾਵਾਚਕ ਅਤੇ ਸਿੱਖ ਸਕਾਲਰ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਨੇ ਖਾਲਸਾ ਪੰਥ ਦੇ ਗੌਰਵਮਈ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਨਗਰ ਕੀਰਤਨ ਵਿਚ ਸਭ ਪਾਸੇ ਰੌਣਕਾਂ ਲੱਗੀਆਂ ਹੋਈਆਂ ਸਨ। ਗਤਕਾ ਪਾਰਟੀ ਵਲੋਂ ਵੀ ਆਪਣੇ ਜੌਹਰ ਦਿਖਾਏ ਗਏ। ਵੱਖ-ਵੱਖ ਸੇਵਾਦਾਰਾਂ ਵਲੋਂ ਸੰਗਤਾਂ ਦੀ ਸੇਵਾ ਕਰਨ ਲਈ ਵੀ ਵੱਖਰਾ ਚਾਅ ਸੀ। ਛੋਲੇ-ਭਟੂਰੇ, ਸਮੋਸੇ, ਗੋਲ-ਗੱਪੇ, ਰਸ-ਮਲਾਈ, ਜੂਸ, ਤਰ੍ਹਾਂ ਤਰ੍ਹਾਂ ਦੇ ਕੋਲਡ ਡਰਿੰਕ, ਪੀਜਾ, ਟਿੱਕੀਆਂ, ਜਲੇਬੀਆਂ, ਗੰਨੇ ਦਾ ਰਸ, ਕਾਲੇ ਛੋਲੇ, ਚਾਹ, ਬੇਸਣ, ਦੁੱਧ, ਵੱਖ ਵੱਖ ਤਰ੍ਹਾਂ ਦੀ ਮਠਿਆਈ, ਫਰੂਟ ਚਾਟ, ਵੱਖ-ਵੱਖ ਤਰ੍ਹਾਂ ਦੇ ਪਕੌੜਿਆਂ ਦੇ ਸਟਾਲ ਲਗਾ ਕੇ ਸੰਗਤਾਂ ਦੀ ਸੇਵਾ ਕੀਤੀ ਗਈ।

ਹਰੇਕ ਸਟਾਲ ਉਪਰ ਸੇਵਾਦਾਰ ਵੱਧ ਤੋਂ ਵੱਧ ਸੇਵਾ ਕਰ ਰਹੇ ਸਨ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਸਿੱਖ ਆਗੂ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ. ਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕੀ ਇਹ ਮਹਾਨ ਨਗਰ ਕੀਤਰਨ ਵਿੱਚ ਸੰਗਤਾ ਗਦਰੀ ਬਾਬਿਆਂ ਨੂੰ ਨਮਸਤਕ ਹੋਣ ਤੇ ਖਾਲਸੇ ਦੇ ਜਨਮ ਦਿਨ ਉਪਰ ਸ਼ਰਧਾ ਨਾਲ ਆਈਆਂ ਹਨ। ਗੁਰੂ ਸਾਹਿਬ ਨੇ ਏਨਾ ਵੱਡਾ ਸੰਗਤਾਂ ਦਾ ਇਕੱਠ ਅਤੇ ਸਾਰੇ ਪ੍ਰੋਗਰਾਮ ਨਿਰਵਿਘਨ ਗੁਰੂ ਸਾਹਿਬ ਦੀ ਅਪਾਰ ਕਿਰਪਾ ਨਾਲ ਹੋਏ ਹਨ ਉਨ੍ਹਾਂ ਸਮੂਹ ਸੰਗਤਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।







# 24ਵੇਂ ਮਹਾਨ ਨਗਰ ਕੀਰਤਨ ’ਤੇ ਸਟਾਕਟਨ ਇਲਾਹੀ ਰੰਗ ’ਚ ਰੰਗਿਆ


























## ਚਰਨਜੀਤ ਅਟਵਾਲ ਵੱਲੋਂ ਅਕਾਲੀ ਦਲ ਨੂੰ ਅਲਵਿਦਾ



ਲੁਧਿਆਣਾ : ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨੇੜਲੇ ਸਾਥੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖਦਿਆਂ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਇਸ ਮੌਕੇ ਸ੍ਰੀ ਅਟਵਾਲ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਲੜਕੇ ਇੰਦਰ ਇਕਬਾਲ ਸਿੰਘ ਅਟਵਾਲ ਦੇ ਸਮਰਥਨ 'ਚ ਅਕਾਲੀ ਦਲ ਛੱਡਿਆ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਇੰਦਰ ਇਕਬਾਲ ਸਿੰਘ ਅਟਵਾਲ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਦਾ ਹੱਥ ਫੜਿਆ ਸੀ। ਭਾਜਪਾ ਨੇ ਉਸ ਨੂੰ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਐਲਾਨਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਬਾਦਲ ਪਰਿਵਾਰ ਦੀ ਕਥਿਤ ਅਣਦੇਖੀ ਕਾਰਨ ਹੀ ਇੰਦਰ ਇਕਬਾਲ ਸਿੰਘ ਅਟਵਾਲ ਨੇ ਭਾਜਪਾ ਜੁਆਇਨ ਕੀਤੀ ਹੈ। ਅਟਵਾਲ ਪਰਿਵਾਰ, ਜੋ ਆਜ਼ਾਦੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਿਆ ਰਿਹਾ, ਉਨ੍ਹਾਂ ਨੂੰ ਪਾਰਟੀ 'ਚ ਸਹੀ ਥਾਂ ਨਹੀਂ ਦਿੱਤੀ ਗਈ ਜਿਸ ਕਾਰਨ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਕਈ ਸਾਲਾਂ ਤੋਂ ਬਾਦਲ ਪਰਿਵਾਰ ਤੋਂ ਨਾਰਾਜ਼ ਵੀ ਚੱਲ ਰਹੇ ਸਨ।

ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਵਿੱਚ ਜਾਂਦਿਆਂ ਹੀ ਪਾਰਟੀ ਨੇ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਬਣਾ ਦਿੱਤਾ ਹੈ। ਦੱਸ ਦੇਈਏ ਕਿ ਅਟਵਾਲ ਪਿਛਲੀਆਂ ਲੋਕ ਸਭਾ ਚੋਣਾਂ 'ਚ ਜਲੰਧਰ ਤੋਂ ਬਹੁਤ ਘੱਟ ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਤੋਂ ਹਾਰੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਇਕਲੌਤੇ ਵੱਡੇ ਕੱਦ ਦੇ ਦਲਿਤ ਆਗੂ ਚਰਨਜੀਤ ਸਿੰਘ ਅਟਵਾਲ ਲੋਕ ਸਭਾ ਦੇ ਡਿਪਟੀ ਸਪੀਕਰ ਵੀ ਰਹਿ ਚੁੱਕੇ ਹਨ।

# ਸ਼੍ਰੋਮਣੀ ਕਮੇਟੀ ਵਲੋਂ ਤੋਤਾ ਸਿੰਘ ਦੀ ਫੋਟੋ ਸਿੱਖ ਅਜਾਇਬਘਰ ਵਿੱਚ ਕਿਉ ? ਸਮਝ ਤੋਂ ਬਾਹਰ



ਸਮੁੱਚੀ ਦੁਨੀਆਂ ਦੇ ਵਿੱਚ ਹੀ ਅਜਾਇਬ ਘਰ ਜਾਂ ਹੋਰ ਵਿਸ਼ੇਸ਼ ਸਥਾਨ ਬਣੇ ਹੋਏ ਹਨ ਜਿਹਨਾਂ ਵਿਚ ਉੱਥੋਂ ਦਾ ਇਤਿਹਾਸ ਤੇ ਉਸ ਇਲਾਕੇ ਨਾਲ ਸਬੰਧਿਤ ਵਿਸ਼ੇਸ਼ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਆਦਮਕੱਦ ਬੁੱਤ ਆਦਿ ਲਗਾਏ ਗਏ ਹਨ। ਜਦੋਂ ਅਸੀਂ ਇਹਨਾਂ ਅਜਾਇਬ ਘਰਾਂ ਵਿੱਚ ਜਾ ਕੇ ਵਿਸ਼ੇਸ਼ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ ਤਾਂ ਇਹ ਦਸਿਆ ਜਾਂਦਾ ਹੈ ਕਿ ਇਸ ਨੇ ਆਪਣੇ ਦੇਸ਼ ਕੌਮ ਧਰਮ ਸਮਾਜ ਲਈ ਕੁਰਬਾਨੀ ਕੀਤੀ ਹੈ ਜਿਸ ਕਾਰਨ ਇਸ ਵਿਅਕਤੀ ਦੀ ਫੋਟੋ ਵਿਸ਼ੇਸ਼ ਤੌਰ ਉੱਤੇ ਇੱਕ ਯਾਦਗਾਰ ਵਜੋਂ ਸਾਂਭੀ ਹੋਈ ਹੈ।

ਇਸੇ ਤਰ੍ਹਾਂ ਹੀ ਸਾਡੇ ਸਿੱਖ ਧਰਮ ਦੇ ਵਿੱਚ ਧਾਰਮਿਕ ਗੁਰੂ ਘਰਾਂ ਜਾਂ ਹੋਰ ਸਥਾਨਾਂ ਦੇ ਨਾਲ ਅਜਾਇਬਘਰ ਆਦਿ ਬਣੇ ਹੋਏ ਹਨ। ਜਿਨ੍ਹਾਂ ਵਿਚ ਵੀ ਵਿਸ਼ੇਸ਼ ਮਹਾਨ ਧਾਰਮਿਕ ਅਤੇ ਹੋਰ ਸ਼ਖਸੀਅਤਾਂ ਦੀਆਂ ਫੋਟੋਆਂ ਵੀ ਲੱਗੀਆਂ ਹੋਈਆਂ ਹਨ ਜਿਸ ਤੋਂ ਉਨ੍ਹਾਂ ਬਾਰੇ ਜਾਣਕਾਰੀ ਤੇ ਇਤਿਹਾਸ ਦਾ ਪਤਾ ਲੱਗਦਾ ਹੈ। ਸਾਡੇ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਵੀ ਕੇਂਦਰੀ ਸਿੱਖ ਅਜਾਇਬ ਘਰ ਬਣਿਆ ਹੋਇਆ ਹੈ ਜਦੋਂ ਵੀ ਕੋਈ ਸਮਝਦਾਰ ਵਿਅਕਤੀ ਉਥੇ ਜਾਂਦਾ ਹੈ ਤਾਂ ਉਹ ਇਕ ਵਾਰ ਇਸ ਅਜਾਇਬ ਘਰ ਵਿਚ ਜ਼ਰੂਰ ਜਾਂਦਾ ਹੈ ਤਾਂ ਕਿ ਸਿੱਖ ਇਤਿਹਾਸ ਤੇ ਆਪਣੇ ਇਨ੍ਹਾਂ ਰਹਿਬਰਾਂ ਨੂੰ ਸਜਦਾ ਤੇ ਉਹਨਾਂ ਦੀ ਜਾਣਕਾਰੀ ਲੈ ਸਕੇ ਕੁਝ ਅਜਿਹੇ ਵਿਅਕਤੀ ਵੀ ਹਨ ਜੋ ਇਨ੍ਹਾਂ ਵਿਸ਼ੇਸ਼ ਸਥਾਨਾਂ ਵਿੱਚ ਆਪਣੇ ਬੱਚਿਆਂ ਨੂੰ ਲੈ ਕੇ ਜਾਂਦੇ ਹਨ ਤਾਂ ਕਿ ਸਾਡੀ ਨਵੀਂ ਪੀੜ੍ਹੀ ਨੂੰ ਵੀ ਇੱਥੋਂ ਜਾਣਕਾਰੀ ਪ੍ਰਾਪਤ ਹੋਵੇ ਪਰ ਪਿਛਲੇ ਦਿਨੀਂ ਇਕ ਅਜੀਬ ਤੇ ਕਾਫੀ ਹੈਰਾਨ ਕਰਨ ਵਾਲਾ ਮਾਮਲਾ ਅੰਮ੍ਰਿਤਸਰ ਦੇ ਸਿੱਖ ਅਜਾਇਬ ਘਰ ਵਿਚੋਂ ਸਾਹਮਣੇ ਆਇਆ ਹੈ। ਇਸ ਅਜੈਬ ਘਰ ਦੇ ਵਿੱਚ ਪੰਜਾਬ ਦੀ ਰਾਜਨੀਤਕ ਪਾਰਟੀ ਬਾਦਲ ਦਲ ਨਾਲ ਸਬੰਧ ਰੱਖਦੇ ਸਵ.ਤੋਤਾ ਸਿੰਘ ਮੋਗਾ ਦੀ ਇੱਕ ਵਿਸ਼ੇਸ਼ ਫੋਟੋ ਇਸ ਅਜਾਇਬ ਘਰ ਵਿੱਚ ਲਾਈ ਹੈ। ਇਸ ਫੋਟੋ ਨੂੰ ਲਾਉਣ ਸਮੇਂ ਤੋਤਾ ਸਿੰਘ ਦੇ ਪਰਿਵਾਰ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।



ਬਲਬੀਰ ਸਿੰਘ ਬੱਬੀ
7009107300

ਹੁਣ ਇੱਥੇ ਇਹ ਸਵਾਲ ਪੈਦਾ ਹੋ ਰਿਹਾ ਹੈ ਕਿ ਤੋਤਾ ਸਿੰਘ ਦੀ ਸਿੱਖ ਧਰਮ ਜਾ ਸਿੱਖੀ ਲਈ ਅਜਿਹੀ ਕਿਹੜੀ ਵੱਡੀ ਕੁਰਬਾਨੀ ਹੈ ਕਿ ਉਸਦੀ ਫੋਟੋ ਸਿੱਖ ਅਜਾਇਬਘਰ ਵਿੱਚ ਸ਼ਸੋਭਿਤ ਕਰ ਦਿੱਤੀ। ਜੇ ਦੇਖਿਆ ਜਾਵੇ ਤੋਤਾ ਸਿੰਘ ਰਾਜਨੀਤਿਕ ਪਾਰਟੀ ਬਾਦਲ ਦਲ ਦਾ ਆਗੂ ਸੀ। ਬਾਦਲ ਵਲੋਂ ਹੀ ਸ੍ਰੋਮਣੀ ਕਮੇਟੀ ਮੈਂਬਰ ਸੀ। ਸਰਕਾਰ ਵਿੱਚ ਛੇ ਪਾਸ ਸਿੱਖਿਆ ਮੰਤਰੀ ਬਣਿਆ ਸੀ। ਉਸ ਤੋਂ ਬਿਨਾਂ ਮੰਤਰੀ ਹੁੰਦਿਆਂ ਖੇਤੀ ਬਾੜੀ ਮਹਿਕਮੇ ਵਿੱਚ ਜੋ ਭਰਿਸ਼ਟਾਚਾਰ ਇਨਾਂ ਕੀਤਾ ਉਹ ਸਭ ਨੂੰ ਚੰਗੀ ਤਰ੍ਹਾਂ ਯਾਦ ਹੈ। ਨਰਮੇ ਵਾਲੀਆਂ ਗੁਲਾਬੀ ਸੁੰਡੀਆਂ ਨਕਲੀ ਰੇਹਾਂ ਸਪਰੇਆਂ ਕਾਰਨ ਨਜ਼ਾਰੇ ਲੈਂਦੀਆਂ ਅਨੇਕਾਂ ਕਿਸਾਨਾਂ ਨੂੰ ਅਜਿਹੇ ਰਾਜਨੀਤਿਕ ਆਗੂਆਂ ਦੀ ਬਦੌਲਤ ਹੀ ਮਾਰ ਗਈਆਂ। ਗੱਲਾਂ ਤਾਂ ਹੋਰ ਵੀ ਬਹੁਤ ਹਨ ਹਾਲੇ ਇੰਨੀਆ ਹੀ ਕਾਫੀ ਹਨ।

ਹੋਰ ਦੇਖੋ ਸ਼੍ਰੋਮਣੀ ਕਮੇਟੀ ਕੋਲ ਵੱਡੀ ਧਾਰਮਿਕ ਫੌਜ਼ ਹੈ। ਪ੍ਰਧਾਨ ਪ੍ਰਮੁੱਖ ਆਹੁਦੇਦਾਰ ਹੈੱਡ ਗ੍ਰੰਥੀ ਕਥਾਕਾਰ ਕੀਰਤਨੀਏ ਰਾਗੀ ਢਾਡੀ ਤੇ ਅਨੇਕਾਂ ਪ੍ਰਚਾਰਕ ਕਿਸੇ ਨੇ ਵੀ ਮੂੰਹ ਨਹੀਂ ਖੋਲ੍ਹਿਆ ਕਿ ਅਜਿਹੀ ਗਲਤ ਪਿਰਤ ਨਾ ਪਾਈ ਜਾਵੇ। ਸਿੱਖ ਅਜਾਇਬ ਘਰ ਦੀ ਮਰਿਆਦਾ ਨਾ ਬਦਲੋ। ਜਿੱਥੇ ਸਿੱਖ ਇਤਿਹਾਸ ਦੇ ਕੌਮੀ ਜੁਝਾਰੂ ਯੋਧਿਆਂ ਦਾ ਇਤਿਹਾਸ ਸਾਂਭਿਆ ਹੈ ਉਥੇ ਲੋਟੂ ਰਾਜਨੀਤਿਕ ਲੋਕਾਂ ਦੀਆਂ ਤਸਵੀਰਾਂ ਤਾਂ ਨੇੜੇ ਤੇੜੇ ਵੀ ਨਹੀਂ ਚਾਹੀਦੀਆਂ। ਇਸ ਤੋਂ ਸਿੱਧ ਹੁੰਦਾ ਹੈ ਕਿ ਸ਼੍ਰੋਮਣੀ ਕਮੇਟੀ ਉੱਤੇ ਜੋ ਰਾਜਨੀਤਿਕ ਲੋਕਾਂ ਦੇ ਕਬਜ਼ੇ ਦੀ ਗੱਲ ਹੈ ਉਹ ਬਿਲਕੁਲ ਸਹੀ ਹੈ। ਕੱਲ੍ਹ ਨੂੰ ਤਾਂ ਫਿਰ ਇਹ ਸਾਹਮਣੇ ਆਵੇਗਾ ਕਿ ਜਿਨ੍ਹਾਂ ਰਾਜਨੀਤਿਕ ਆਗੂਆਂ ਨੇ ਪੰਜਾਬ ਨੂੰ ਹਰ ਪਾਸਿਓਂ ਲੁੱਟਿਆ ਕੁੱਟਿਆ ਹੈ ਉਨ੍ਹਾਂ ਦੀ ਯਾਦ ਵਿੱਚ ਤਾਂ ਫਿਰ ਬਹੁਤ ਕੁਝ ਕਰੇਗੀ ਇਹੀ ਸ਼੍ਰੋਮਣੀ ਕਮੇਟੀ।


ਧਾਮੀ ਜੀ, ਇਸ ਵੇਲੇ ਸਿੱਖ ਕੌਮ ਉੱਤੇ ਮਾੜਾ ਸਮਾਂ ਚਲ ਰਿਹਾ ਹੈ ਤੁਸੀਂ ਸੰਗਤਾਂ ਨੂੰ ਦੁਬਿਧਾ ਵਿੱਚ ਨਾ ਪਾਓ। ਉਪਰ ਲਿਖੀਆਂ ਗੱਲਾਂ ਸੱਚੀਆ ਹਨ ਸੱਚ ਕੌੜਾ ਹੁੰਦਾ ਹੈ। ਹਾਲੇ ਵੀ ਧਿਆਨ ਨਾਲ ਚੱਲੋ ਨਾ ਕਿ ਫੋਟੋਆਂ ਵਿੱਚ ਹੀ ਉਲਝੋ।

# ਸਪੇਨ ਖੋਜੀ ਨੇ ਦਿਲਜੀਤ ਸਿੰਘ ਬੇਦੀ ਪਾਸੋਂ ਬੁੱਢਾ ਦਲ ਦੇ ਇਤਿਹਾਸ ਬਾਰੇ ਜਾਣਕਾਰੀ ਕੀਤੀ ਹਾਸਲ

ਅੰਮ੍ਰਿਤਸਰ : ਸਿੱਖ ਧਰਮ ਅਤੇ ਨਿਹੰਗ ਸਿੰਘਾਂ ਦੀ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਬਾਰੇ ਖੋਜ ਕਰ ਰਹੇ ਮਿਸਟਰ ਜਵੇਰੀਅਰ ਜੋ ਸਪੇਨ ਦਾ ਰਹਿਣ ਵਾਲਾ ਹੈ ਅਤੇ ਭਾਰਤੀ ਦੌਰੇ ਤੇ ਆਇਆ ਹੋਇਆ ਹੈ। ਅੱਠ ਸਾਲ ਤੋਂ ਉਹ ਖੋਜ ਕਾਰਜ ਕਰ ਰਿਹਾ ਹੈ ਅਤੇ ਲੇਹਲਦਾਖ ਤੋਂ ਲੈ ਕੇ ਕੰਨਿਆ ਕੁਮਾਰੀ ਤਕ ਉਹ ਪੈਦਲ ਯਾਤਰਾ ਤੇ ਹੈ।

ਸ਼ਪੇਨ ਖੋਜੀ ਜਵੇਰੀਅਰ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਤਿਹਾਸ ਦੀ ਜਾਣਕਾਰੀ ਲੈਣ ਲਈ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਬੁੱਢਾ ਦਲ ਵਿਖੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੂੰ ਉਚੇਚੇ ਤੌਰ ਤੇ ਮਿਲਿਆ। ਉਸ ਨੇ ਨਿਹੰਗ ਸਿੰਘਾਂ ਅਤੇ ਬੁੱਢਾ ਦਲ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਉਸ ਨੇ ਦਸਿਆ ਕਿ ਮੈਂ 2015 ਤੋਂ ਭਾਰਤ ਵਿੱਚ ਵੱਖ-ਵੱਖ ਧਰਮਾਂ ਬਾਰੇ ਜਾਣਕਾਰੀ ਹਾਸਲ ਕਰ ਰਿਹਾ ਹਾਂ। ਨਿਹੰਗ ਸਿੰਘਾਂ ਦੇ ਇਤਿਹਾਸ ਬਾਰੇ ਜਾਨਣ ਦੀ ਮੇਰੀ ਦੀਰਘ ਤਮੰਨਾ ਸੀ। ਏਥੇ ਆ ਕੇ ਮੈਨੂੰ ਤਸੱਲੀ ਹੋਈ ਹੈ। ਉਸ ਨੇ ਕਿਹਾ ਨਿਹੰਗ ਸਿੰਘਾਂ ਦੇ ਸ਼ਸਤਰਾਂ ਅਤੇ ਰਹਿਣ ਸਹਿਣ ਬਾਰੇ ਜਾਣ ਕੇ ਹੈਰਾਨੀ ਹੋਈ ਹੈ ਕਿ ਏਡੇ ਵੱਡੇ ਅਮੀਰ ਵਿਰਸੇ ਦੇ ਮਾਲਕ ਨਿਹੰਗ ਸਿੰਘ ਹਨ। ਉਸ ਨੇ ਕਿਹਾ ਗੁਰਦੁਆਰਾ ਕੋਪਾਲ ਮੋਚਨ ਹਰਿਆਣੇ ਵਿਖੇ ਕੁੱਝ ਸਮਾਂ ਪਹਿਲਾਂ ਮੈਂ ਨਿਹੰਗ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੂੰ ਮਿਲਿਆਂ ਸੀ ਉਨ੍ਹਾਂ ਮੈਨੂੰ ਏਥੇ ਆਉਣ ਲਈ ਕਿਹਾ ਸੀ, ਮੈਂ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਧੰਨਵਾਦੀ ਹਾਂ। ਸਪੇਨ ਵਿੱਚ ਜਾ ਕੇ ਅੰਗਰੇਜ਼ੀ ਅਤੇ ਸਪੈਨਿਸ਼ ਭਾਸ਼ਾ ਵਿਚ ਕਿਤਾਬ ਪ੍ਰਕਾਸ਼ਤ ਕਰਾਂਗਾ। ਸ. ਬੇਦੀ ਨੇ ਦਸਿਆ ਕਿ ਇਹ ਖੋਜੀ ਕਿੱਤੇ ਪੱਖੋਂ ਬਿਜਨਸਮੈਨ ਹੈ। ਜਵੇਰੀਅਰ ਪਹਿਲਾ ਕਲੀਨ ਸੇਵ ਸੀ ਪਰ ਹੁਣ ਉਸ ਨੇ ਬਹੁਤ ਲੰਬਾ ਦਾਹੜਾ ਵਧਾਇਆ ਹੋਇਆ ਹੈ। ਭਾਰਤੀ ਧਰਮਾਂ ਬਾਰੇ ਚੰਗੀ ਜਾਣਕਾਰੀ ਰੱਖਦਾ ਹੈ। ਛਾਉਣੀ ਬੁੱਢਾ ਦਲ ਵਿਖੇ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਬਾਬਾ ਭਗਤ ਸਿੰਘ, ਸ. ਜਸਵਿੰਦਰ ਸਿੰਘ ਦੀਨਪੁਰ ਅਤੇ ਸ. ਪਰਮਜੀਤ ਸਿੰਘ ਬਾਜਵਾ ਨਾਲ ਗੱਲਬਾਤ ਉਪਰੰਤ ਯਾਦਗਾਰੀ ਤਸਵੀਰ ਨਾਲ ਉਸ ਨੂੰ ਸਨਮਾਨਤ ਕੀਤਾ ਗਿਆ।






Silicon Valley Gurdwara
ਸੰਗਤ ਦਾ ਗੁਰਦੁਆਰਾ

# ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਲੋਂ ਖਾਲਸਾ ਪੰਥ ਦਾ ਸਾਜਨਾ ਦਿਵਸ ਧੂਮਧਾਮ ਤੇ ਸ਼ਰਧਾ ਸੇਵਾ ਨਾਲ ਮਨਾਇਆ







ਸਿਲੀਕੋਨ ਵੈਲੀ/ਕੈਲੀਫੋਰਨੀਆ (ਸਾਡੇ ਲੋਕ) : ਗੁਰਦੁਆਰਾ ਸਾਹਿਬ ਵਲੋਂ ਖਾਲਸਾ ਪੰਥ ਦਾ ਸਾਜਨਾ ਦਿਵਸ ਸ਼ਰਧਾ ਸੇਵਾ ਅਤੇ ਧੂਮਧਾਮ ਨਾਲ ਮਨਾਇਆ। ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ। ਪੰਥ ਦੇ ਮਹਾਨ ਕੀਰਤਨੀਏ, ਕਥਾਵਾਚਕ, ਕਵੀਸ਼ਰ ਨੇ ਹਾਜ਼ਰੀ ਲਵਾਈ। ਗੁਰੂ ਕੇ ਲੰਗਰ ਅਟੁੱਟ ਵਰਤੇ। ਸੰਗਤਾਂ ਨੇ ਤਿੰਨ ਦਿਨ ਸ਼ਰਧਾ ਨਾਲ ਸੇਵਾ ਕੀਤੀ। ਇਸ ਮਹਾਨ ਸਮਾਗਮ ਦੀਆਂ ਝਲਕੀਆਂ ਤਸਵੀਰਾਂ ਦੀ ਜੁਬਾਨੀ







Silicon Valley Gurdwara
ਸੰਗਤ ਦਾ ਗੁਰਦੁਆਰਾ

# ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਕੈਲੀਫੋਰਨੀਆ ਵਲੋਂ ਖਾਲਸਾ ਪੰਥ ਦਾ ਸਾਜਨਾ ਦਿਵਸ ਧੂਮਧਾਮ ਤੇ ਸ਼ਰਧਾ ਸੇਵਾ ਨਾਲ ਮਨਾਇਆ






## ਵਿਸਾਖੀ

ਵਿਸਾਖੀ ਨਾਮ ਵੈਸਾਖ ਤੋਂ ਬਣਿਆ ਹੈ। ਪੰਜਾਬ ਅਤੇ ਹਰਿਆਣੇ ਦੇ ਕਿਸਾਨ ਸਰਦੀਆਂ ਦੀ ਫਸਲ ਕੱਟਣ ਦਾ ਸਮਾਂ ਆਉਣ ਤੇ ਖੁਸ਼ੀਆਂ ਮਨਾਉਂਦੇ ਹਨ। ਇਸ ਲਈ ਵਿਸਾਖੀ ਪੰਜਾਬ ਅਤੇ ਆਸ-ਪਾਸ ਦੇ ਪ੍ਰਦੇਸਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ। ਇਹ ਹਾੜੀ ਦੀ ਫਸਲ ਦੇ ਪੱਕਣ ਦੀ ਖੁਸ਼ੀ ਦਾ ਪ੍ਰਤੀਕ ਹੈ। ਇਸ ਦਿਨ 1699 ਈਸਵੀ ਨੂੰ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਸਿੱਖ ਇਸ ਤਿਉਹਾਰ ਨੂੰ ਸਮੂਹਕ ਜਨਮ ਦਿਵਸ ਦੇ ਰੂਪ ਵਿੱਚ ਮਨਾਉਂਦੇ ਹਨ।

ਪਰਕਿਰਤੀ ਦਾ ਇੱਕ ਨਿਯਮ ਹੈ ਕਿ ਜਦੋਂ ਕਿਸੇ ਜੁਲਮ, ਅਨਿਆਂ, ਅੱਤਿਆਚਾਰ ਦੀ ਪਰਾਕਾਸ਼ਠਾ ਹੁੰਦੀ ਹੈ, ਤਾਂ ਉਸਨੂੰ ਹੱਲ ਕਰਨ ਅਤੇ ਉਸ ਦੇ ਉਪਾਅ ਲਈ ਕੋਈ ਕਾਰਨ ਵੀ ਬਣ ਜਾਂਦਾ ਹੈ। ਇਸ ਨਿਯਮਾਧੀਨ ਜਦੋਂ ਮੁਗਲ ਸ਼ਾਸਕ ਔਰੰਗਜੇਬ ਦੁਆਰਾ ਜੁਲਮ, ਅਨਿਆਂ ਅਤੇ ਅੱਤਿਆਚਾਰ ਦੀ ਹਰ ਸੀਮਾ ਲੰਘ, ਗੁਰੂ ਤੇਗ ਬਹਾਦੁਰ ਨੂੰ ਦਿੱਲੀ ਵਿੱਚ ਚਾਂਦਨੀ ਚੌਕ ਉੱਤੇ ਸ਼ਹੀਦ ਕਰ ਦਿੱਤਾ ਗਿਆ, ਉਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਨੁਗਾਮੀਆਂ ਨੂੰ ਸੰਗਠਿਤ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਜਿਸਦਾ ਲਕਸ਼ ਧਰਮ ਅਤੇ ਨੇਕੀ (ਭਲਾਈ) ਦੇ ਆਦਰਸ਼ ਲਈ ਹਮੇਸ਼ਾਂ ਤਤਪਰ ਰਹਿਨਾ।


ਪੁਰਾਣੇ ਰੀਤੀ-ਰਿਵਾਜਾਂ ਤੋਂ ਗ੍ਰਸਤ ਕਮਜੋਰ ਅਤੇ ਸਾਹਸਹੀਨ ਹੋ ਚੁੱਕੇ ਲੋਕ, ਸਦੀਆਂ ਦੀ ਰਾਜਨੀਤਕ ਅਤੇ ਮਾਨਸਿਕ ਗੁਲਾਮੀ ਦੇ ਕਾਰਨ ਕਾਇਰ ਹੋ ਚੁੱਕੇ ਸਨ। ਨਿਮਨ ਜਾਤੀ ਦੇ ਸਮਝੇ ਜਾਣ ਵਾਲੇ ਲੋਕਾਂ ਨੂੰ ਜਿਹਨਾਂ ਨੂੰ ਸਮਾਜ ਛੋਟਾ ਸਮਝਦਾ ਸੀ, ਦਸ਼ਮੇਸ਼ ਪਿਤਾ ਨੇ ਅੰਮ੍ਰਿਤ ਛਕਾ ਕੇ ਸਿੰਘ ਬਣਾ ਦਿੱਤਾ। ਇਸ ਤਰ੍ਹਾਂ 13 ਅਪਰੈਲ, 1699 ਨੂੰ ਸਿੱਖਾਂ ਦੇ ਤੀਜੇ ਤਖ਼ਤ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿੱਖੇ ਦਸਵੇਂ ਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰ ਕੇ ਅੱਤਿਆਚਾਰ ਨੂੰ ਸਮਾਪਤ ਕੀਤਾ।

ਉਨ੍ਹਾਂ ਨੇ ਸਾਰੇ ਜਾਤੀਆਂ ਦੇ ਲੋਕਾਂ ਨੂੰ ਇੱਕ ਹੀ ਅੰਮ੍ਰਿਤ ਪਾਤਰ (ਬਾਟੇ) ਤੋਂ ਅਮ੍ਰਿਤ ਛਕਾ ਪੰਜ ਪਿਆਰੇ ਸਜਾਏ। ਇਹ ਪੰਜ ਪਿਆਰੇ ਕਿਸੇ ਇੱਕ ਜਾਤੀ ਜਾਂ ਸਥਾਨ ਦੇ ਨਹੀਂ ਸਨ, ਬਲਕਿ ਵੱਖ-ਵੱਖ ਜਾਤੀ, ਕੁੱਲ ਅਤੇ ਸਥਾਨਾਂ ਦੇ ਸਨ, ਜਿਹਨਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ ਇਨ੍ਹਾਂ ਦੇ ਨਾਮ ਨਾਲ ਸਿੰਘ ਸ਼ਬਦ ਲਗਾ। ਅਗਿਆਨੀ ਹੀ ਹੰਕਾਰੀ ਨਹੀਂ ਹੁੰਦੇ, 'ਗਿਆਨੀ ਜੀ' ਨੂੰ ਵੀ ਅਕਸਰ ਘਮੰਡ ਹੋ ਜਾਂਦਾ ਹੈ। ਜੋ ਤਿਆਗ ਕਰਦੇ ਹਨ ਉਨ੍ਹਾਂ ਨੂੰ ਹੀ ਘਮੰਡ ਹੋ ਅਜਿਹਾ ਨਹੀਂ ਹੈ, ਉਨ੍ਹਾਂ ਨੂੰ ਵੀ ਕਦੇ-ਕਦੇ ਆਪਣੇ ਤਿਆਗ ਦਾ ਘਮੰਡ ਹੋ ਜਾਂਦਾ ਹੈ।

ਅਹੰਕਾਰੀ ਅਤਿਅੰਤ ਸੂਖਮ ਹੈਂਕੜ ਦੇ ਸ਼ਿਕਾਰ ਹੋ ਜਾਂਦੇ ਹਨ। ਗਿਆਨੀ, ਧਿਆਨੀ, ਗੁਰੂ, ਤਿਆਗੀ ਜਾਂ ਸੰਨਿਆਸੀ ਹੋਣ ਦਾ ਹੈਂਕੜ ਕਿਤੇ ਜਿਆਦਾ ਪ੍ਰਬਲ ਹੋ ਜਾਂਦਾ ਹੈ। ਇਹ ਗੱਲ ਗੁਰੂ ਗੋਬਿੰਦ ਸਿੰਘ ਜਾਣਦੇ ਸਨ। ਇਸ ਲਈ ਉਨ੍ਹਾਂਨੇ ਨਾ ਕੇਵਲ









# ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਸਟਾਕਟਨ, ਕੈਲੀਫੋਰਨੀਆ ’ਚ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ





ਸੈਕਰਾਮੈਂਟੋ, ਕੈਲੀਫੋਰਨੀਆ: (ਹੁਸਨ ਲੜੋਆ ਬੰਗਾ) ਖਾਲਸਾ ਪੰਥ ਦੀ ਸਾਜਨਾ ਦਿਵਸ ਮੌਕੇ ਅਤੇ ਵੈਸਾਖੀ ਦੇ ਦਿਹਾੜੇ ’ਤੇ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 24 ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਸਾਹਿਬ ਵਿਚ ਕਰੀਬ ਦੋ ਹਫਤਿਆਂ ਤੋਂ ਪੰਜਾਬ ’ਚੋਂ ਐਏ ਅਲੱਗ ਅਲੱਗ ਕਵੀਸ਼ਰੀ, ਕੀਰਤਨ ਤੇ ਕਥਾਵਾਚਕ ਜੱਥਿਆ ਨੇ ਜਿਨ੍ਹਾਂ ਵਿਚ ਭਾਈ ਪਿੰਦਰਪਾਲ ਸਿੰਘ ਜੀ(ਕਥਾਵਾਚਕ), ਭਾਈ ਹਰਜਿੰਦਰ ਸਿੰਘ ਜੀ, ਭਾਈ ਸਰਬਜੀਤ ਸਿੰਘ ਰੰਗੀਲਾ ਭਾਈ ਹਰਪ੍ਰੀਤ ਸਿੰਘ ਜੀ ਭਾਈ ਗੁਰਸੇਵਕ ਸਿੰਘ ਜੀ ਭਾਈ ਜਗਮੋਹਨ ਸਿੰਘ ਜੀ ਭਾਈ ਮਹਿਲ ਸਿੰਘ ਜੀ ਸ੍ਰੀ ਨਗਰ ਵਾਲੇ ਨੇ ਪਹੁੰਚ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ।ਅੰਮ੍ਰਿਤ ਸੰਚਾਰ ਸਨਿਚਰਵਾਰਨੂੰ ਕੀਤਾ ਗਿਆ। ਅਤਵਾਰ ਸਵੇਰ ਦੇ ਦਿਵਾਨਾਂ ਵਿੱਚ ਵੱਖ ਵੱਖ ਬੁਲਾਰਿਆਂ ਨੇ ਸਿੱਖਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੇ ਪੰਜਾਬ ਵਿਚ ਫੜੇ ਗਏ ਸਿੱਖ ਨੌਜੁਆਨਾਂ ਤੇ ਸਰਕਾਰ ਵਲੋਂ ਐਨ ਐਸ ਏ ਤਹਿਤ ਕੇਸ ਦਰਜ ਕਰਨ ਦੀ ਸਮੂਹਕ ਨਿੰਦਾ ਕੀਤੀ ਗਈ । ਇਨਾਂ ਸਿੱਖ ਬੁਲਾਰਿਆਂ ਵਿੱਚ ਡਾ ਅਮਰਜੀਤ ਸਿੰਘ ਵਾਸ਼ਿੰਗਟਨ, ਡਾ ਪ੍ਰਿਤਪਾਲ ਸਿੰਘ, ਸੁਖਮਿੰਦਰ ਸਿੰਘ ਮੇਅਰ ਲੇਥਰੋਪ ਤੋਂ ਇਲਾਵਾ ਵੱਖ ਵੱਖ ਅਮਰੀਕਨ

## ਅਮ੍ਰਿਤ ਸੰਚਾਰ ਤੇ ਵਿਸ਼ੇਸ਼ ਕੀਰਤਨ ਦਰਬਾਰ ਹੋਇਆ

ਆਗੂਆਂ ਨੇ ਵੀ ਸੰਬੋਧਨ ਕੀਤਾ ਤੇ ਵੈਸਾਖੀ ਤੇ ਸਿੱਖਾਂ ਨੂੰ ਮੁਬਾਰਕਬਾਦ ਦਿੱਤੀ ਤੇ ਸਰਕਾਰੀ ਐਤਵਾਰ ਦੁਪਹਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਇਆ ਤੇ ਆਪਣੇ ਮਿਥੇ ਹੋਏ ਰੂਟ ਮੁਤਾਬਿਕ ਚਾਰ ਘੰਟੇ ਦੀ ਯਾਤਰਾ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸਮਾਪਤੀ ਹੋਈ ਤੇ ਨਗਰ ਕੀਰਤਨ ਵਿਚ ਕਰੀਬ 14 ਹਜ਼ਾਰ ਤੋਂ ਉਪਰ ਸੰਗਤਾਂ ਨੇ ਸ਼ਮੂਲੀਅਤ ਕੀਤੀ ਤੇ ਵੱਖ ਵੱਖ ਹੋਰ ਫਲੋਟ ਵੀ ਨਗਰ ਕੀਰਤਨ ਵਿਚ ਸ਼ਾਮਿਲ ਹੋਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੁਲਿਸ ਸਿਕਿਊਰਟੀ ਅਤੇ ਪ੍ਰਾਈਵੇਟ ਸਿਕਿਊਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਇਥੇ ਪੁਖਤਾ ਪ੍ਰਬੰਧ ਇਸ ਲਈ ਵੀ ਕੀਤਾ ਗਿਆ ਸੀ ਕਿਉਂਕਿ ਬੀਤੇ ਦਿਨੀਂ ਸੈਕਰਮੈਂਟੋ ਵਿਚ ਨਗਰ ਕੀਰਤਨ ਦੌਰਾਨ ਕੁੱਝ ਸ਼ਰਾਰਤੀ ਅਨਸਰ ਵਲੋਂ ਗੋਲਾਬਾਰੀ ਕੀਤੀ ਗਈ ਸੀ। ਇਸ ਨਗਰ ਕੀਰਤਨ ਦੌਰਾਨ ਐਤਕਾਂ ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਇਸ ਸਮਾਗਮ ਭਾਰੀ ਸ਼ਮੂਲੀਅਤ ਕੀਤੀ।

ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਅਮਰੀਕਨ ਤੇ ਸਿੱਖ ਆਗੂਆਂ ਨੂੰ ਪਲੈਕ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਵਲੋਂ ਐਤਕਾਂ ਜਿਥੇ ਸਕਿਉਰਿਟੀ ਪੱਖੋਂ ਉਚੇਚੇ ਪ੍ਰਬੰਧ ਸਨ ਉਥੇ ਵੱਖ ਵੱਖ ਲੰਗਰਾਂ ਦੇ ਸਥਾਨਾਂ ਤੇ ਹੋਰ ਸੰਗਤਾਂ ਦੀ ਆਵਾਜਾਈ ਲਈ ਖਾਸ ਪ੍ਰਬੰਧ ਕੀਤੇ ਹੋਏ ਸਨ।
















VAISAKHI & HOLA MAHALLA
Jorh Mela
SIKH GURDWARA SAN JOSE
ਵਿਸਾਖੀ ਅਤੇ ਹੋਲਾ ਮਹੱਲਾ
ਜੋੜ ਮੇਲਾ
APRIL 30, 2023
10AM - 5PM
DHADHI VAARS
KEERTAN
GATKA
COMPETITIONS PRIZES
BASKETBALL
RACES (YOUTH & ELDERS)
VOLLEYBALL
HORSE RIDING
PONY RIDES
INDIAN SNACKS & CHAAT
FRESH SUGARCANE JUICS
CORN-ON-COB
SHOPPING STALLS
& MUCH MORE...
SIKH GURDWARA - SAN JOSE
GENERAL ENQUIRIES SUKHDEV SINGH (408) 421-9463
LANGAR HARJINDER SINGH 408-904-9158 STALL RESERVATIONS

# ਬੌਧਿਕ ਅਸਮਰਥਤਾ ਵਾਲੇ ਬੱਚਿਆਂ ਲਈ ਵਿਸ਼ੇਸ਼ ਸਿੱਖਿਆ



ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਬੌਧਿਕ ਅਸਮਰਥਤਾ ਜਾਂ ਮਾਨਸਿਕ ਮੰਦਹਾਲੀ ਦਿਮਾਗੀ ਤੌਰ 'ਤੇ ਉਪ-ਔਸਤ ਕਾਰਜਸ਼ੀਲਤਾ ਹੈ, ਜੋ ਸ਼ੁਰੂਆਤੀ ਬਚਪਨ ਜਾਂ ਜਨਮ ਤੋਂ ਮੌਜੂਦ ਹੈ ਅਤੇ ਇਸ ਦੇ ਨਤੀਜੇ ਵਜੋਂ ਰੋਜ਼ਾਨਾ ਜੀਵਨ ਲਈ ਆਮ ਗਤੀਵਿਧੀਆਂ ਕਰਨ ਦੀ ਸਮਰੱਥਾ ਦੀਆਂ ਸੀਮਾਵਾਂ ਹਨ। ਪਰਿਭਾਸ਼ਾ: ਬੌਧਿਕ ਅਸਮਰਥਤਾ, ਜਿਸ ਨੂੰ 'ਮਾਨਸਿਕ ਅਪੰਗਤਾ' ਵੀ ਕਿਹਾ ਜਾਂਦਾ ਹੈ, ਨੂੰ 9451 (ਅਪੰਗਤਾ ਸਿੱਖਿਆ ਐਕਟ) ਦੁਆਰਾ 'ਕਾਫ਼ੀ ਉਪ-ਔਸਤ ਆਮ ਬੌਧਿਕ ਕਾਰਜਾਂ ਵਜੋਂ ਦਰਸਾਇਆ ਗਿਆ ਹੈ, ਜੋ ਕਿ ਅਨੁਕੂਲ ਕਿਰਿਆਵਾਂ ਵਿੱਚ ਕਮੀਆਂ ਦੇ ਨਾਲ [ਪੂਰੀ ਤਰ੍ਹਾਂ] ਨਾਲ ਪੇਸ਼ ਕੀਤੀ ਜਾਂਦੀ ਹੈ ਅਤੇ ਵਿਕਾਸ ਦੀ ਮਿਆਦ ਜੋ ਬੱਚੇ ਦੇ ਵਿਦਿਅਕ ਸੰਚਾਲਨ 'ਤੇ ਬੁਰਾ ਪ੍ਰਭਾਵ ਪਾਉਂਦੀ ਹੈ। ਇਸ ਪਰਿਭਾਸ਼ਾ ਵਿੱਚ ਦੋ ਮੁੱਖ ਭਾਗ ਹਨ: ਵਿਦਿਆਰਥੀ ਦਾ IQ ਅਤੇ ਨਾਲ ਹੀ ਸੁਤੰਤਰ ਤੌਰ 'ਤੇ ਕੰਮ ਕਰਨ ਦੀ ਉਸਦੀ ਯੋਗਤਾ ਜਿਸ ਨੂੰ ਆਮ ਤੌਰ 'ਤੇ ਅਨੁਕੂਲ ਵਿਵਹਾਰ ਵਜੋਂ ਜਾਣਿਆ ਜਾਂਦਾ ਹੈ। ਬੌਧਿਕ ਅਸਮਰਥਤਾ ਦੇ ਆਮ ਲੱਛਣ NICHCY (ਅਪੰਗਤਾਵਾਂ ਵਾਲੇ ਬੱਚਿਆਂ ਲਈ ਰਾਸ਼ਟਰੀ ਪ੍ਰਸਾਰ ਕੇਂਦਰ) ਦੇ ਅਨੁਸਾਰ, 70-75 ਤੋਂ ਘੱਟ ਉਮਰ ਦਾ ਆਈਕਿਊ ਇੱਕ ਬੌਧਿਕ ਅਪੰਗਤਾ ਨੂੰ ਦਰਸਾਉਂਦਾ ਹੈ। 9451 ਦੁਆਰਾ ਹਵਾਲਾ ਦਿੱਤੇ ਗਏ 'ਅਨੁਕੂਲ ਵਿਵਹਾਰ' ਦੀਆਂ ਘਾਟਾਂ ਦਾ ਮੁਲਾਂਕਣ ਕਰਨਾ ਮੁਸ਼ਕਲ ਸਾਬਤ ਹੁੰਦਾ ਹੈ। ਵਿਚਾਰੇ ਗਏ ਕਾਰਕਾਂ ਵਿੱਚ ਗੱਲਬਾਤ ਨੂੰ ਸਮਝਣ ਅਤੇ ਉਹਨਾਂ ਵਿੱਚ ਹਿੱਸਾ ਲੈਣ, ਸਮਾਜਿਕ ਨਿਯਮਾਂ ਨੂੰ ਸਮਝਣ ਅਤੇ ਉਹਨਾਂ ਦਾ ਪਾਲਣ ਕਰਨ ਦੇ ਨਾਲ-ਨਾਲ ਕੱਪੜੇ ਪਾਉਣ ਜਾਂ ਬਾਥਰੂਮ ਦੀ ਵਰਤੋਂ ਕਰਨ ਵਰਗੀਆਂ ਗਤੀਵਿਧੀਆਂ ਕਰਨ ਦੀ ਯੋਗਤਾ ਸ਼ਾਮਲ ਹੈ। NICHCY ਸਪੱਸ਼ਟ ਕਰਦਾ ਹੈ ਕਿ ਬੌਧਿਕ ਅਸਮਰਥਤਾਵਾਂ ਦੇ ਸਰੋਤ ਗਰਭ ਅਵਸਥਾ ਦੀਆਂ ਸਮੱਸਿਆਵਾਂ ਅਤੇ ਜਨਮ ਦੌਰਾਨ ਆਮ ਸਥਿਤੀਆਂ (ਜਿਵੇਂ ਕਿ ਨਾਜ਼ੁਕ ਐਕਸ-ਸਿੰਡਰੋਮ ਜਾਂ ਡਾਊਨ ਸਿੰਡਰੋਮ) ਅਤੇ ਜੀਵਨ ਦੇ ਸ਼ੁਰੂ ਵਿੱਚ ਸਰੀਰਕ ਸਮੱਸਿਆਵਾਂ, ਖਸਰੇ ਵਰਗੀਆਂ ਬਿਮਾਰੀਆਂ, ਪਾਰਾ ਵਰਗੇ ਜ਼ਹਿਰੀਲੇ ਪਦਾਰਥਾਂ ਦੇ ਸੰਪਰਕ ਜਾਂ ਲੀਡ, ਆਦਿ ਕਈ ਗੁਣ ਬੌਧਿਕ ਅਪੰਗਤਾ ਵੱਲ ਇਸ਼ਾਰਾ ਕਰ ਸਕਦੇ ਹਨ। NICHD (ਨੈਸ਼ਨਲ ਇੰਸਟੀਚਿਊਟ ਆਫ ਚਾਈਲਡ ਹੈਲਥ ਐਂਡ ਹਿਊਮਨ ਡਿਵੈਲਪਮੈਂਟ) ਨੇ ਹੇਠਾਂ ਦਿੱਤੇ ਸ਼ੁਰੂਆਤੀ ਸੂਚਕਾਂ ਨੂੰ ਸੂਚੀਬੱਧ ਕੀਤਾ ਹੈ: ਬੋਲਣ ਅਤੇ ਬੈਠਣ ਵਰਗੇ ਵਿਕਾਸ ਦੇ ਮੀਲ ਪੱਥਰ ਤੱਕ ਪਹੁੰਚਣ ਵਿੱਚ ਦੇਰੀ ਰਵਾਇਤੀ ਸਮਾਜਿਕ ਵਿਵਹਾਰ ਨੂੰ ਸਮਝਣ ਜਾਂ ਕਾਰਵਾਈ ਦੇ ਨਤੀਜਿਆਂ ਨੂੰ ਸਮਝਣ ਵਿੱਚ ਸਮੱਸਿਆ ਚੀਜ਼ਾਂ ਨੂੰ ਯਾਦ ਰੱਖਣ ਵਿੱਚ ਸਮੱਸਿਆ ਕਮਜ਼ੋਰ ਸਮੱਸਿਆ ਹੱਲ ਕਰਨ ਦੇ ਹੁਨਰ ਮਾਨਸਿਕ ਤੌਰ 'ਤੇ ਕਮਜ਼ੋਰ ਬੱਚਿਆਂ ਵਿੱਚ ਸਮਾਜਿਕ ਅਤੇ ਸਿਧਾਂਤਕ ਯੋਗਤਾਵਾਂ ਦੀ ਘਾਟ ਹੁੰਦੀ ਹੈ। ਉਹ ਭਾਸ਼ਾ ਦੇ ਘੱਟ ਵਿਕਾਸ ਕਾਰਨ ਦੂਜਿਆਂ ਨਾਲ ਚੰਗੀ ਤਰ੍ਹਾਂ ਮੇਲ ਨਹੀਂ ਖਾਂ ਸਕਦੇ ਅਤੇ ਸਿੱਖਿਆ ਦੇ ਨਾਲ-ਨਾਲ ਰੋਜ਼ਾਨਾ ਦੀਆਂ ਕਾਰਵਾਈਆਂ ਨਾਲ ਨਜਿੱਠਣ ਵਿੱਚ ਮੁਸ਼ਕਲ ਦਾ ਸਾਹਮਣਾ ਕਰਦੇ ਹਨ। ਉਹਨਾਂ ਦੀ IQ ਦਰਜਾਬੰਦੀ ਔਸਤ ਨਾਲੋਂ ਘੱਟ ਹੈ ਹਾਲਾਂਕਿ ਇਹ ਇਹ ਨਹੀਂ ਦਰਸਾਉਂਦਾ ਹੈ ਕਿ ਇਹ ਬੱਚੇ ਆਪਣੀ ਦੇਖਭਾਲ ਕਿਵੇਂ ਕਰਨੀ ਹੈ ਬਾਰੇ ਨਹੀਂ ਸਿੱਖ ਸਕਦੇ। ਸਿੱਖਣ ਦਾ ਪੱਧਰ ਸਮੱਸਿਆ ਦੇ ਮੁਸ਼ਕਲ ਪੱਧਰ 'ਤੇ ਨਿਰਭਰ ਕਰਦਾ ਹੈ। ਬਹੁਤੇ ਬੱਚਿਆਂ ਨੂੰ ਕਾਫ਼ੀ ਮਾਤਰਾ ਵਿੱਚ ਪੜ੍ਹਾਇਆ ਜਾ ਸਕਦਾ ਹੈ ਜੇਕਰ ਉਨ੍ਹਾਂ ਨੂੰ ਢੁਕਵੀਂ ਦੇਖਭਾਲ ਅਤੇ ਵਾਤਾਵਰਣ ਦਿੱਤਾ ਜਾਵੇ। ਉਹ ਅੰਸ਼ਕ ਤੌਰ 'ਤੇ ਸੁਤੰਤਰ ਜੀਵਨ ਜੀ ਸਕਦੇ ਹਨ। ਉਨ੍ਹਾਂ ਲਈ ਵਿਸ਼ੇਸ਼ ਵਿਦਿਅਕ ਪਾਠਕ੍ਰਮ ਦੀ ਲੋੜ ਹੈ ਬੌਧਿਕ ਅਸਮਰਥਤਾ ਤੋਂ ਪੀੜਤ ਬੱਚਿਆਂ ਨੂੰ ਵਿਸ਼ੇਸ਼ ਸਿੱਖਿਆ ਪਾਠਕ੍ਰਮ ਦੀ ਲੋੜ ਹੈ। ਇਹਨਾਂ ਬੱਚਿਆਂ ਲਈ ਕੁਝ ਹੋਰ ਗਤੀਵਿਧੀਆਂ ਜਿਵੇਂ ਕਿ ਸੰਗੀਤ, ਡਾਂਸ, ਯੋਗਾ, ਕਲਾ ਅਤੇ ਸ਼ਿਲਪਕਾਰੀ ਆਦਿ ਨੂੰ ਪੇਸ਼ ਕੀਤਾ ਜਾ ਸਕਦਾ ਹੈ ਤਾਂ ਜੋ ਉਹ ਸਮਝ ਸਕਣ ਕਿ ਗਤੀਵਿਧੀਆਂ ਕਰਦੇ ਸਮੇਂ ਇਕੱਠੇ ਕਿਵੇਂ ਕੰਮ ਕਰਨਾ ਹੈ। ਉਹਨਾਂ ਨੂੰ ਸਰੀਰਕ ਸਿਖਲਾਈ ਵੀ ਲੈਣੀ ਚਾਹੀਦੀ ਹੈ ਜਿਸ ਵਿੱਚ ਖੇਡਾਂ, ਖੇਡਾਂ ਅਤੇ ਅਭਿਆਸ ਸ਼ਾਮਲ ਹੋ ਸਕਦੇ ਹਨ। ਸੈਨਤ ਭਾਸ਼ਾ ਦੀ ਵਰਤੋਂ ਕਰਕੇ ਉਹਨਾਂ ਦੇ ਆਪਸੀ ਸੰਪਰਕ ਦੇ ਹੁਨਰ ਨੂੰ ਸੁਧਾਰਿਆ ਜਾ ਸਕਦਾ ਹੈ। ਉਹਨਾਂ ਤੱਕ ਸਿੱਖਿਆ ਪਹੁੰਚਾਉਣ ਦੀ ਇਹ ਪੂਰੀ ਪ੍ਰਕਿਰਿਆ ਇਹਨਾਂ ਬੱਚਿਆਂ ਨੂੰ ਵੱਧ ਤੋਂ ਵੱਧ ਖੁਦਮੁਖਤਿਆਰ ਬਣਾਉਣ ਦੇ ਉਦੇਸ਼ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਨੂੰ ਪੜ੍ਹਾਈ ਦਾ ਗਿਆਨ ਦੇਣ ਦੀ ਬਜਾਏ, ਉਨ੍ਹਾਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਅਤੇ ਹੁਨਰ ਸਿਖਾਏ ਜਾਣ ਦੀ ਲੋੜ ਹੈ। ਮਿੱਥ ਇਹ ਹੈ ਕਿ ਬੌਧਿਕ ਤੌਰ 'ਤੇ ਅਪਾਹਜ ਬੱਚੇ ਤਾਂ ਹੀ ਸਿੱਖਿਅਤ ਹੋ ਸਕਦੇ ਹਨ ਜੇਕਰ ਉਨ੍ਹਾਂ ਨੂੰ ਕਿਸੇ ਸੰਸਥਾ ਵਿੱਚ ਇਕੱਠੇ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਖੁਦਮੁਖਤਿਆਰੀ ਦੇ ਤਰੀਕਿਆਂ ਦਾ ਪਤਾ ਲਗਾਉਣ ਲਈ ਦੇਖਭਾਲ ਅਤੇ ਸ਼ਮੂਲੀਅਤ ਦੀ ਲੋੜ ਹੈਜੀਵਤ ਸਰਕਾਰ ਉਨ੍ਹਾਂ ਲਈ ਵਿੱਦਿਅਕ ਅਤੇ ਹੋਰ ਸੇਵਾਵਾਂ ਦਾ ਵੀ ਵਾਅਦਾ ਕਰਦੀ ਹੈ। ਉਹਨਾਂ ਦੀਆਂ ਵਿਸਤ੍ਰਿਤ ਵਿਦਿਅਕ ਯੋਜਨਾਵਾਂ ਨੂੰ ਬੱਚਿਆਂ ਦੇ ਡਾਕਟਰਾਂ, ਚਿਕਿਤਸਕਾਂ, ਸਪੀਚ ਥੈਰੇਪਿਸਟਾਂ, ਅਤੇ ਕਿਸ਼ੋਰ ਮਨੋਵਿਗਿਆਨੀ ਦੀ ਇੱਕ ਟੀਮ ਦੁਆਰਾ ਸਕੂਲ ਅਧਿਕਾਰੀਆਂ ਅਤੇ ਪਰਿਵਾਰ ਦੀ ਮਦਦ ਨਾਲ ਮੰਦਬੁੱਧੀ ਪੱਧਰ ਦੇ ਅਨੁਸਾਰ ਵਿਕਸਤ ਕੀਤੇ ਜਾਣ ਦੀ ਲੋੜ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਬੱਚੇ ਨੂੰ ਕਲਾਸਰੂਮ ਵਿੱਚ ਪੇਸ਼ ਕਰੋ, ਉਸ ਦੇ ਮਾਨਸਿਕ ਮੁੱਦਿਆਂ ਨੂੰ ਸਹੀ ਢੰਗ ਨਾਲ ਨਜਿੱਠਣਾ ਚਾਹੀਦਾ ਹੈ। ਬੱਚੇ ਵਿੱਚ ਕੋਈ ਕਮਜ਼ੋਰੀ ਪੈਦਾ ਨਹੀਂ ਹੋਣੀ ਚਾਹੀਦੀ ਕਿਉਂਕਿ ਇਹ ਸਿੱਖਣ ਦੇ ਉਤਸ਼ਾਹ ਵਿੱਚ ਰੁਕਾਵਟ ਬਣ ਸਕਦੀ ਹੈ। ਇਹ ਚੋਣ ਕਰਦੇ ਸਮੇਂ ਬਹੁਤ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚੇ ਨੂੰ ਸਾਧਾਰਨ ਸਕੂਲ ਵਿੱਚ ਭੇਜਿਆ ਜਾਣਾ ਚਾਹੀਦਾ ਹੈ ਜਾਂ ਕਿਸੇ ਵਿਸ਼ੇਸ਼ ਸਕੂਲ ਵਿੱਚ ਭੇਜਿਆ ਜਾਣਾ ਚਾਹੀਦਾ ਹੈ। ਕਦੇ-ਕਦਾਈਂ, ਕੁਝ ਗਲਤ ਫੈਸਲੇ ਉਸ ਦੀ ਸਮਰੱਥਾ 'ਤੇ ਬੋਝ ਪਾ ਸਕਦੇ ਹਨ ਅਤੇ ਸੀਮਾਵਾਂ 'ਤੇ ਵੀ ਵਾਧੂ ਦਬਾਅ ਪਾ ਸਕਦੇ ਹਨ। ਅਕਾਦਮਿਕ ਜਾਗਰੂਕਤਾ ਦੀ ਪੇਸ਼ਕਸ਼ ਕਰਨ ਦੇ ਬਾਵਜੂਦ, ਉਹਨਾਂ ਨੂੰ ਗਤੀਵਿਧੀ ਸੋਧ ਦੇ ਤਰੀਕੇ ਸਿਖਾਏ ਜਾਣ ਦੀ ਲੋੜ ਹੈ ਅਤੇ ਉਹਨਾਂ ਨੂੰ ਕਿੱਤਿਆਂ ਲਈ ਕਿੱਤਾਮੁਖੀ ਤੌਰ 'ਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਅਤੇ ਨਾਲ ਹੀ ਖੁਦਮੁਖਤਿਆਰੀ ਨਾਲ ਜੀਣਾ ਚਾਹੀਦਾ ਹੈ। ਭਾਰਤ ਵਿੱਚ, ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਮਾਨਸਿਕ ਮੰਦਹਾਲੀ ਦਾ ਮਹੱਤਵਪੂਰਨ ਪ੍ਰਚਲਨ ਹੈ। ਪਰਸਨਜ਼ ਵਿਦ ਡਿਸੇਬਿਲਿਟੀਜ਼ ਐਕਟ ਦੇ ਅਨੁਸਾਰ, ਮਨੋਵਿਗਿਆਨਕ ਅਪੰਗਤਾ ਵਾਲੇ ਵਿਅਕਤੀਆਂ ਦਾ ਛੇਤੀ ਪਤਾ ਲਗਾਉਣ, ਰੋਕਥਾਮ, ਰੁਜ਼ਗਾਰ, ਸਿੱਖਿਆ ਅਤੇ ਨਿੱਜੀ ਸਹੂਲਤਾਂ ਲਈ ਲਾਜ਼ਮੀ ਸਹਾਇਤਾ ਦੀ ਲੋੜ ਹੁੰਦੀ ਹੈ। ਬੌਧਿਕ ਅਸਮਰਥਤਾ ਤੋਂ ਪੀੜਤ ਵਿਅਕਤੀ ਲਈ ਵਿਸ਼ੇਸ਼ ਸਿੱਖਿਆ ਇੱਕ ਕਿਸਮ ਦਾ ਇਲਾਜ ਬਣ ਗਈ ਹੈ। ਇਨ੍ਹਾਂ ਸਾਰੇ ਬੱਚਿਆਂ ਨੂੰ ਵੱਖ-ਵੱਖ ਮਾਹਿਰਾਂ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ। ਵਿਸ਼ੇਸ਼ ਸਿੱਖਿਆ ਵੱਖ-ਵੱਖ ਵਿਸ਼ਿਆਂ ਦੇ ਹੁਨਰ ਅਤੇ ਗਿਆਨ ਨੂੰ ਗ੍ਰਹਿਣ ਕਰਨ ਵਿੱਚ ਮਦਦ ਕਰ ਸਕਦੀ ਹੈ ਅਤੇ ਉਹਨਾਂ ਵਿੱਚ ਸ਼ਾਮਲ ਹੋ ਸਕਦੀ ਹੈ। ਬੌਧਿਕ ਅਸਮਰਥਤਾ ਸਮੱਸਿਆਵਾਂ ਨਾਲ ਨਜਿੱਠਣ ਵਾਲੇ ਬੱਚਿਆਂ ਲਈ ਵਿਸ਼ੇਸ਼ ਸਿੱਖਿਅਕ ਸਭ ਤੋਂ ਮਹੱਤਵਪੂਰਨ ਅਤੇ ਖੋਜੀ ਵਿਅਕਤੀ ਸਾਬਤ ਹੋ ਸਕਦੇ ਹਨ। ਵਿਦਿਅਕ ਚੁਣੌਤੀਆਂ ਮਾਪੇ ਹੋਣ ਦੇ ਨਾਤੇ ਤੁਹਾਨੂੰ ਸਿੱਖਿਆ ਅਤੇ ਆਪਣੇ ਬੱਚੇ ਦੇ ਲੰਬੇ ਸਮੇਂ ਦੇ ਭਵਿੱਖ ਬਾਰੇ ਸ਼ੱਕ ਹੋ ਸਕਦਾ ਹੈ। ਅਧਿਆਪਕ ਯਕੀਨੀ ਤੌਰ 'ਤੇ ਦੇਖ ਸਕਦੇ ਹਨ ਕਿ ਬੌਧਿਕ ਅਸਮਰਥਤਾ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਦੇਣਾ ਬਹੁਤ ਸਾਰੀਆਂ ਚੁਣੌਤੀਆਂ ਨਾਲ ਜੁੜਿਆ ਹੋਇਆ ਹੈ। ਹਾਲਾਂਕਿ, ਅਸਲੀਅਤ ਇਹ ਹੈ ਕਿ ਉਹ ਪੜ੍ਹਾਈ ਕਰਨਗੇ ਪਰ ਉਨ੍ਹਾਂ ਨੂੰ ਜ਼ਿਆਦਾ ਸਮਾਂ ਲੱਗੇਗਾ। ਸਪੱਸ਼ਟ ਤੌਰ 'ਤੇ, ਬੌਧਿਕ ਅਸਮਰਥਤਾ ਬਹੁਤ ਸਾਰੀਆਂ ਵਿਦਿਅਕ ਚੁਣੌਤੀਆਂ ਪੈਦਾ ਕਰਦੀ ਹੈ ਜਿਨ੍ਹਾਂ ਨੂੰ ਹਰਾਇਆ ਜਾਣਾ ਚਾਹੀਦਾ ਹੈ। ਇਹਨਾਂ ਵਿੱਚ ਸ਼ਾਮਲ ਹਨ: ਔਖੇ ਕੰਮਾਂ ਨੂੰ ਪੂਰਾ ਕਰਨ ਵਿੱਚ ਦਿੱਕਤ ਆਵੇਗੀ ਗਲਤ ਵਿਹਾਰ ਸੀਮਤ ਸ਼ਬਦਾਵਲੀ ਨਵੇਂ ਵਿਚਾਰਾਂ ਨੂੰ ਸਮਝਣ ਵਿੱਚ ਸਮੱਸਿਆ ਮਾਪਿਆਂ ਅਤੇ ਅਧਿਆਪਕਾਂ ਲਈ ਸੁਝਾਅ ਬੌਧਿਕ ਅਸਮਰਥਤਾ ਤੋਂ ਪੀੜਤ ਲੋਕਾਂ ਨੂੰ ਸਿੱਖਿਆ ਦੇਣ ਲਈ ਧੀਰਜ ਅਤੇ ਜਾਗਰੂਕਤਾ ਦੀ ਲੋੜ ਹੈ। ਜਾਗਰੂਕਤਾ ਸ਼ਬਦਾਂ ਅਤੇ ਗਤੀਵਿਧੀਆਂ ਨੂੰ ਸਮਝਦਾਰੀ ਨਾਲ ਚੁਣਨ ਦਾ ਇੱਕ ਗੰਭੀਰ ਯਤਨ ਸ਼ਾਮਲ ਕਰਦੀ ਹੈ। ਉਦਾਹਰਨ ਲਈ, ਜੇਕਰ ਕੋਈ ਵਿਦਿਆਰਥੀ ਕਲਾਤਮਕ ਪ੍ਰਤਿਭਾ ਦਿਖਾਉਂਦਾ ਹੈ, ਤਾਂ ਹੁਨਰ ਨਾਲ ਸਬੰਧਤ ਅਸਾਈਨਮੈਂਟਾਂ ਦੀ ਪੇਸ਼ਕਸ਼ ਕਰਕੇ ਉਸਦਾ ਸਮਰਥਨ ਕਰੋ। ਮਾਪੇ ਸੰਬੰਧਿਤ ਗਤੀਵਿਧੀਆਂ ਦਾ ਸੁਝਾਅ ਦੇ ਕੇ ਮਦਦ ਕਰ ਸਕਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਬੱਚੇ ਸ਼ੌਕ ਵਜੋਂ ਵਰਤ ਸਕਦੇ ਹਨ। ਇਸ ਤੋਂ ਇਲਾਵਾ, ਧਿਆਨ ਨਾਲ ਆਪਣੇ ਸ਼ਬਦਾਂ ਦੀ ਚੋਣ ਕਰਨ ਨਾਲ ਵਿਦਿਆਰਥੀਆਂ ਦੀਆਂ ਪ੍ਰਤਿਬੰਧਿਤ ਸ਼ਬਦਾਵਲੀ ਦੁਆਰਾ ਪੈਦਾ ਹੋਣ ਵਾਲੀਆਂ ਸੰਭਾਵਿਤ ਸਮੱਸਿਆਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ। ਉਪਰੋਕਤ ਵਿਦਿਅਕ ਪ੍ਰੀਖਿਆਵਾਂ ਨੂੰ ਸੰਬੋਧਿਤ ਕਰਨ ਲਈ ਧੀਰਜ ਇੱਕ ਜ਼ਰੂਰੀ ਹਿੱਸਾ ਹੈ। ਤੁਹਾਨੂੰ ਕਈ ਵਾਰ ਪਾਠਾਂ ਦੀ ਜਾਂਚ ਕਰਨ ਜਾਂ ਵਿਦਿਆਰਥੀ ਦੇ ਗਲਤ ਵਿਵਹਾਰ ਨੂੰ ਠੀਕ ਕਰਨ ਦੀ ਲੋੜ ਪਵੇਗੀ। ਦੁਹਰਾਓ ਨੂੰ ਵਧੇਰੇ ਕੁਸ਼ਲ ਬਣਾਉਣ ਦਾ ਇੱਕ ਹੋਰ ਤਰੀਕਾ ਹੈ ਵਾਧੂ ਸੰਕੇਤਾਂ ਦੇ ਨਾਲ ਜ਼ੁਬਾਨੀ ਨਿਰਦੇਸ਼ਾਂ ਦਾ ਕਾਫਲਾ; ਉਦਾਹਰਨ ਲਈ, ਬੋਲੀਆਂ ਗਈਆਂ ਦਿਸ਼ਾਵਾਂ ਨੂੰ ਦੁਹਰਾਉਣ ਲਈ ਤਸਵੀਰਾਂ ਦਿਖਾਓ। ਮਿਸ਼ਰਿਤ ਕਾਰਜਾਂ ਨੂੰ ਪੂਰਾ ਕਰਨ ਵਿੱਚ ਮੁਸ਼ਕਲ ਨਾਲ ਲੜਨ ਲਈ, NICHCY ਇਹਨਾਂ ਨੌਕਰੀਆਂ ਨੂੰ ਛੋਟੇ ਕਦਮਾਂ ਵਿੱਚ ਵੰਡਣ ਦੀ ਸਿਫਾਰਸ਼ ਕਰਦਾ ਹੈ। ਇਹ ਸੰਸਥਾ ਇਹ ਵੀ ਸੁਝਾਅ ਦਿੰਦੀ ਹੈ ਕਿ ਬੱਚੇ ਨੂੰ ਸਿੱਖਣ ਵਿੱਚ ਮਦਦ ਕਰਨ ਲਈ ਤੁਰੰਤ ਫੀਡਬੈਕ ਪ੍ਰਦਾਨ ਕਰਨ ਦਾ ਸੁਝਾਅ ਦਿੱਤਾ ਜਾਂਦਾ ਹੈ ਜਦੋਂ ਉਹ ਇੱਕ ਕਦਮ ਸਹੀ ਢੰਗ ਨਾਲ ਕਰਦਾ ਹੈ। ਇੱਕ ਆਖਰੀ ਸਲਾਹ ਲਾਜ਼ਮੀ ਤੌਰ 'ਤੇ ਕੁਝ ਖਾਸ ਅਕਾਦਮਿਕ ਰੁਕਾਵਟਾਂ ਨਾਲ ਮੇਲ ਨਹੀਂ ਖਾਂਦੀ ਹੈ ਪਰ ਇਸ ਦੀ ਬਜਾਏ ਵਿਦਿਅਕ ਫੋਕਸ ਨੂੰ ਧਿਆਨ ਵਿੱਚ ਰੱਖਦੀ ਹੈ, ਘੱਟੋ ਘੱਟ ਉੱਚ ਸਕੂਲ ਪੱਧਰ ਦੇ ਨਾਲ। ਬੁੱਧੀ ਨੂੰ ਕਿਵੇਂ ਜਾਰੀ ਰੱਖਣਾ ਹੈ ਇਹ ਚੁਣਨ ਲਈ ਵਿਦਿਆਰਥੀ ਦੇ ਹੁਨਰਾਂ ਦੀ ਜਾਂਚ ਕਰੋ ਪਰਿਪੱਕਤਾ ਵਿੱਚ ਤਬਦੀਲੀ। ਉਦਾਹਰਨ ਲਈ, ਕੀ ਵਿਦਿਆਰਥੀਆਂ ਕੋਲ ਉਹ ਕਾਬਲੀਅਤ ਹੈ ਜੋ ਵਿਦਿਆਰਥੀਆਂ ਨੂੰ ਆਪਣੇ ਦਮ 'ਤੇ ਜੀਣ ਦੀ ਇਜਾਜ਼ਤ ਦੇਵੇਗੀ? ਜੇ ਹਾਂ, ਤਾਂ ਸਕੂਲ ਦੇ ਬਾਅਦ ਦੇ ਸਾਲਾਂ ਨੂੰ ਉਸ ਯੋਗਤਾ ਨੂੰ ਵਧਾਉਣ 'ਤੇ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ ਜੋ ਉਨ੍ਹਾਂ ਨੂੰ ਮਦਦ ਤੋਂ ਬਿਨਾਂ ਜੀਣ ਦੇਵੇਗਾ। ਬੌਧਿਕ ਅਸਮਰਥਤਾਵਾਂ ਵਾਲੇ ਲੋਕਾਂ ਲਈ ਪ੍ਰਭਾਵੀ ਅਧਿਆਪਨ ਤਕਨੀਕਾਂ ਬੌਧਿਕ ਅਸਮਰਥਤਾਵਾਂ ਵਾਲੇ ਵਿਅਕਤੀ ਦੂਜੇ ਸਿੱਖਣ ਦੇ ਵਿਕਾਰਾਂ ਵਾਲੇ ਲੋਕਾਂ ਨੂੰ ਸਿਖਾਉਣ ਲਈ ਵਰਤੀਆਂ ਜਾਂਦੀਆਂ ਸਿੱਖਿਆ ਤਕਨੀਕਾਂ ਤੋਂ ਲਾਭ ਉਠਾਉਂਦੇ ਹਨ। ਇਸ ਵਿੱਚ ਅਧਿਐਨ ਕਰਨ ਵਿੱਚ ਅਸਮਰਥਤਾ, ਔਟਿਜ਼ਮ, ਅਤੇ ਹਾਈਪਰਐਕਟੀਵਿਟੀ ਡਿਸਆਰਡਰ ਸ਼ਾਮਲ ਹਨ। ਅਜਿਹੀ ਇੱਕ ਤਕਨੀਕ ਸਿੱਖਣ ਦੀਆਂ ਨੌਕਰੀਆਂ ਨੂੰ ਛੋਟੇ ਕਦਮਾਂ ਵਿੱਚ ਤੋੜ ਰਹੀ ਹੈ। ਹਰ ਸਿੱਖਣ ਦੀ ਨੌਕਰੀ ਪੇਸ਼ ਕੀਤੀ ਜਾਂਦੀ ਹੈ, ਇੱਕ ਸਮੇਂ ਦੇ ਨਾਲ ਇੱਕ ਕਦਮ ਨਾਲ. ਇਹ ਵਿਦਿਆਰਥੀਆਂ ਨੂੰ ਹਾਵੀ ਹੋਣ ਤੋਂ ਬਚਾਉਂਦਾ ਹੈ। ਜਦੋਂ ਵਿਦਿਆਰਥੀ ਇੱਕ ਕਦਮ ਵਿੱਚ ਮੁਹਾਰਤ ਹਾਸਲ ਕਰਦਾ ਹੈ, ਤਾਂ ਅਗਲਾ ਕਦਮ ਸ਼ੁਰੂ ਕੀਤਾ ਜਾਂਦਾ ਹੈ। ਇਹ ਇੱਕ ਕਦਮ-ਵਾਰ, ਪ੍ਰਗਤੀਸ਼ੀਲ, ਅਤੇ ਸਿੱਖਣ ਦੀ ਪਹੁੰਚ ਹੈ। ਇਹ ਕਈ ਸਿੱਖਣ ਦੇ ਮਾਡਲਾਂ ਦੀ ਵਿਸ਼ੇਸ਼ਤਾ ਹੈ। ਸਿਰਫ਼ ਇੱਕ ਅੰਤਰ ਹੈ ਆਕਾਰ ਅਤੇ ਕਾਲਕ੍ਰਮਿਕ ਕਦਮਾਂ ਦੀ ਗਿਣਤੀ। ਦੂਜੀ ਤਕਨੀਕ ਅਧਿਆਪਨ ਦੀ ਪਹੁੰਚ ਨੂੰ ਬਦਲਣਾ ਹੈ। ਵਿਆਪਕ ਮੌਖਿਕ ਦਿਸ਼ਾ-ਨਿਰਦੇਸ਼ ਅਤੇ ਸਿਧਾਂਤਕ ਲੈਕਚਰ ਜ਼ਿਆਦਾਤਰ ਦਰਸ਼ਕਾਂ ਲਈ ਬੇਕਾਰ ਸਿੱਖਿਆ ਤਕਨੀਕ ਹਨ। ਬਹੁਗਿਣਤੀ ਲੋਕ ਕਾਇਨਸਥੈਟਿਕ ਵਿਦਿਆਰਥੀ ਹਨ। ਇਸਦਾ ਮਤਲਬ ਹੈ ਕਿ ਉਹ ਇੱਕ ਅਸਾਈਨਮੈਂਟ 'ਹੈਂਡ-ਆਨ' ਕਰਦੇ ਸਮੇਂ ਸਭ ਤੋਂ ਵਧੀਆ ਅਧਿਐਨ ਕਰਦੇ ਹਨ। ਇਹ ਸਾਰ ਵਿੱਚ ਕਰਨ ਬਾਰੇ ਸੋਚਣ ਦੇ ਉਲਟ ਹੈ. ਬੌਧਿਕ ਅਸਮਰਥਤਾ ਤੋਂ ਪੀੜਤ ਵਿਦਿਆਰਥੀਆਂ ਲਈ ਹੱਥਾਂ ਦੀ ਚਾਲ ਖਾਸ ਤੌਰ 'ਤੇ ਲਾਭਦਾਇਕ ਹੈ। ਉਹ ਸਭ ਤੋਂ ਵਧੀਆ ਅਧਿਐਨ ਕਰਦੇ ਹਨ ਜਦੋਂ ਕਿ ਜਾਣਕਾਰੀ ਅਸਲ ਅਤੇ ਨਿਰੀਖਣ ਹੁੰਦੀ ਹੈ। ਉਦਾਹਰਨ ਲਈ, ਗੁਰੂਤਾ ਸੰਕਲਪ ਨੂੰ ਸਿਖਾਉਣ ਦੇ ਕਈ ਤਰੀਕੇ ਹਨ। ਅਧਿਆਪਕ ਸਿਧਾਂਤਕ ਤੌਰ 'ਤੇ ਗੰਭੀਰਤਾ ਬਾਰੇ ਗੱਲ ਕਰ ਸਕਦੇ ਹਨ। ਉਹ ਗਰੈਵੀਟੇਸ਼ਨਲ ਖਿੱਚ ਲਈ ਬਲ ਦੀ ਵਿਆਖਿਆ ਕਰ ਸਕਦੇ ਹਨ। ਦੂਸਰਾ, ਅਧਿਆਪਕ ਦਿਖਾ ਸਕਦੇ ਹਨ ਕਿ ਕਿਸੇ ਚੀਜ਼ ਨੂੰ ਸੁੱਟਣ ਦੁਆਰਾ ਗੁਰੂਤਾ ਕਿਵੇਂ ਕੰਮ ਕਰਦੀ ਹੈ। ਤੀਸਰਾ, ਅਧਿਆਪਕ ਅਭਿਆਸ ਕਰਕੇ ਵਿਦਿਆਰਥੀਆਂ ਨੂੰ ਗੁਰੂਤਾ ਦੇ ਬਾਰੇ ਵਿੱਚ ਸਿੱਧੇ ਪੁੱਛ ਸਕਦੇ ਹਨ। ਵਿਦਿਆਰਥੀਆਂ ਨੂੰ ਪੈੱਨ ਨੂੰ ਛਾਲ ਮਾਰਨ ਜਾਂ ਸੁੱਟਣ ਲਈ ਵੀ ਕਿਹਾ ਜਾ ਸਕਦਾ ਹੈ। ਜ਼ਿਆਦਾਤਰ ਵਿਦਿਆਰਥੀ ਗੰਭੀਰਤਾ ਦਾ ਅਨੁਭਵ ਕਰਨ ਤੋਂ ਪਹਿਲਾਂ ਹੀ ਵਧੇਰੇ ਵੇਰਵੇ ਰੱਖਦੇ ਹਨ। ਸਿਧਾਂਤਕ ਵਿਆਖਿਆਵਾਂ ਨਾਲੋਂ ਠੋਸ ਗੁਰੂਤਾ ਅਨੁਭਵ ਨੂੰ ਪਛਾਣਨਾ ਬਹੁਤ ਸੌਖਾ ਹੈ। ਤੀਸਰਾ, ਬੌਧਿਕ ਅਸਮਰਥਤਾ ਵਾਲੇ ਲੋਕ ਸਿੱਖਣ ਦੇ ਵਾਤਾਵਰਨ ਨਾਲ ਵਧੀਆ ਪ੍ਰਦਰਸ਼ਨ ਕਰਦੇ ਹਨ ਜਿੱਥੇ ਵਿਜ਼ੂਅਲ ਸਪੋਰਟ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿੱਚ ਤਸਵੀਰਾਂ, ਚਾਰਟ ਅਤੇ ਗ੍ਰਾਫ ਸ਼ਾਮਲ ਹੋ ਸਕਦੇ ਹਨ। ਵਿਜ਼ੂਅਲ ਟੂਲ ਵਿਦਿਆਰਥੀਆਂ ਦੀ ਇਹ ਪਛਾਣ ਕਰਨ ਵਿੱਚ ਮਦਦ ਕਰਨ ਵਿੱਚ ਕੀਮਤੀ ਹੁੰਦੇ ਹਨ ਕਿ ਉਹਨਾਂ ਵਿੱਚੋਂ ਕਿਹੜੀਆਂ ਕਾਰਵਾਈਆਂ ਪੇਸ਼ ਕੀਤੀਆਂ ਗਈਆਂ ਹਨ। ਉਦਾਹਰਣ ਵਜੋਂ, ਵਿਦਿਆਰਥੀਆਂ ਦੇ ਵਿਕਾਸ ਦੇ ਮੈਪਿੰਗ ਦੇ ਚਾਰਟ ਦੀ ਵਰਤੋਂ ਕਰਨਾ ਬਹੁਤ ਪ੍ਰਭਾਵਸ਼ਾਲੀ ਹੈ। ਚਾਰਟਾਂ ਦੀ ਵਰਤੋਂ ਢੁਕਵੀਂ ਅਤੇ ਔਨ-ਟਾਸਕ ਕਾਰਗੁਜ਼ਾਰੀ ਲਈ ਸਕਾਰਾਤਮਕ ਸਮਰਥਨ ਦੀ ਪੇਸ਼ਕਸ਼ ਦੇ ਸਾਧਨ ਵਜੋਂ ਵੀ ਕੀਤੀ ਜਾ ਸਕਦੀ ਹੈ। ਇੱਕ ਚੌਥੀ ਅਧਿਆਪਨ ਤਕਨੀਕ ਸਿੱਧੀ ਅਤੇ ਜ਼ਰੂਰੀ ਫੀਡਬੈਕ ਦੀ ਪੇਸ਼ਕਸ਼ ਕਰਨਾ ਹੈ। ਬੌਧਿਕ ਅਪੰਗਤਾ ਵਾਲੇ ਵਿਅਕਤੀਆਂ ਨੂੰ ਤੁਰੰਤ ਫੀਡਬੈਕ ਦੀ ਲੋੜ ਹੁੰਦੀ ਹੈ। ਇਹ ਉਹਨਾਂ ਨੂੰ ਉਹਨਾਂ ਦੀਆਂ ਗਤੀਵਿਧੀਆਂ ਅਤੇ ਅਧਿਆਪਕ ਦੇ ਜਵਾਬ ਵਿਚਕਾਰ ਇੱਕ ਸਬੰਧ ਬਣਾਉਣ ਦੀ ਆਗਿਆ ਦਿੰਦਾ ਹੈ। ਫੀਡਬੈਕ ਦੀ ਪੇਸ਼ਕਸ਼ ਕਰਨ ਵਿੱਚ ਦੇਰੀ ਸਰੋਤ ਅਤੇ ਪ੍ਰਭਾਵ ਵਿਚਕਾਰ ਸਬੰਧ ਬਣਾਉਣਾ ਔਖਾ ਬਣਾ ਦਿੰਦੀ ਹੈ। ਇਸ ਲਈ, ਗਿਆਨ ਬਿੰਦੂ ਨੂੰ ਖੁੰਝਾਇਆ ਜਾ ਸਕਦਾ ਹੈ. ਜਦੋਂ ਅਸੀਂ ਬੌਧਿਕ ਅਸਮਰਥਤਾ ਵਾਲੇ ਬੱਚਿਆਂ ਨੂੰ ਸਿਖਾਉਂਦੇ ਹਾਂ, ਸਾਨੂੰ ਬਹੁਤ ਸਾਰੇ ਕਾਰਕਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਸ਼ੁਰੂ ਵਿੱਚ, ਸਾਨੂੰ ਟੀਚੇ ਨਿਰਧਾਰਤ ਕਰਨੇ ਚਾਹੀਦੇ ਹਨ ਜੋ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਹਨ। ਗ੍ਰਹਿਆਂ ਦੇ ਨਾਂ ਸਿੱਖਣਾ ਇੰਨਾ ਮਹੱਤਵਪੂਰਨ ਨਹੀਂ ਹੋ ਸਕਦਾ ਜਿੰਨਾ ਇਹ ਸਿੱਖਣਾ ਕਿ ਪੌਦੇ ਕਿਵੇਂ ਵਧਦੇ ਹਨ। ਫਿਰ ਸਾਨੂੰ ਸਾਮੱਗਰੀ ਬਣਾਉਣ ਦੇ ਨਾਲ-ਨਾਲ ਵਾਤਾਵਰਣ ਨੂੰ ਸੈੱਟ ਕਰਨਾ ਚਾਹੀਦਾ ਹੈ ਤਾਂ ਜੋ ਇਹ ਬੱਚੇ ਦੇ ਸਿੱਖਣ ਦਾ ਸਮਰਥਨ ਕਰੇ। ਸਿੱਟੇ ਵਜੋਂ, ਸਾਨੂੰ ਬੱਚਿਆਂ ਨੂੰ ਸਿਖਾਉਣ ਅਤੇ ਸਿੱਖਣ ਲਈ ਪ੍ਰੇਰਿਤ ਕਰਨ ਲਈ ਕੁਝ ਅਧਿਆਪਨ ਵਿਧੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਆਓ ਬੌਧਿਕ ਅਸਮਰਥਤਾਵਾਂ ਵਾਲੇ ਵਿਦਿਆਰਥੀਆਂ ਲਈ ਕੁਝ ਕੁਸ਼ਲ ਅਧਿਆਪਨ ਤਰੀਕਿਆਂ ਦੀ ਪੜਚੋਲ ਕਰੀਏ। ਬੇਬੀ ਸਟੈਪਸ: ਬੌਧਿਕ ਅਸਮਰਥਤਾਵਾਂ ਤੋਂ ਪੀੜਤ ਬੱਚਿਆਂ ਨੂੰ ਬੇਬੀ ਸਟੈਪਸ ਦੀ ਵਰਤੋਂ ਕਰਕੇ ਸਿੱਖਣਾ ਚਾਹੀਦਾ ਹੈ। ਹਰਹੁਨਰ, ਕੰਮ ਜਾਂ ਗਤੀਵਿਧੀ ਨੂੰ ਛੋਟੇ ਬੱਚੇ ਦੇ ਕਦਮਾਂ ਵਿੱਚ ਕ੍ਰੈਸ਼ ਕੀਤਾ ਜਾਣਾ ਚਾਹੀਦਾ ਹੈ। ਬੱਚਿਆਂ ਨੂੰ ਇੱਕ ਸਮੇਂ ਵਿੱਚ ਇੱਕ ਕਦਮ ਸਿਖਾਇਆ ਜਾਂਦਾ ਹੈ। ਹੌਲੀ-ਹੌਲੀ, ਉਹ ਬਿਹਤਰ ਸੰਕਲਪ ਸਿੱਖਣ ਲਈ ਬੱਚੇ ਦੇ ਕਦਮਾਂ ਨੂੰ ਮਿਲਾਉਣਾ ਸਿੱਖਦੇ ਹਨ। ਉਦਾਹਰਨ ਲਈ, ਅਸੀਂ ਇੱਕ ਦਿਨ ਦੇ ਅੰਦਰ ਲਾਲ ਰੰਗ ਦੀ ਧਾਰਨਾ ਨਹੀਂ ਸਿਖਾਵਾਂਗੇ, ਇਸ ਲਈ ਸ਼ੁਰੂ ਵਿੱਚ, ਅਸੀਂ ਲਾਲ ਨੂੰ ਛਾਂਟਣਾ ਸਿਖਾਵਾਂਗੇ ਅਤੇ ਫਿਰ ਲਾਲ ਦਾ ਮੇਲ ਕਰਨਾ, ਉਸ ਤੋਂ ਬਾਅਦ ਲਾਲ ਦੀ ਪਛਾਣ ਕਰਨਾ, ਅਤੇ ਫਿਰ ਲਾਲ ਨੂੰ ਨਾਮ ਦੇਣਾ ਅਤੇ ਅੰਤ ਵਿੱਚ ਲਾਲ ਨੂੰ ਆਮ ਕਰਨਾ ਸਿਖਾਵਾਂਗੇ। ਇਸ ਤਰੀਕੇ ਦੀ ਵਰਤੋਂ ਕਰਦੇ ਹੋਏ ਸਾਰੇ ਹੁਨਰਾਂ ਨੂੰ ਛੋਟੇ ਬੱਚੇ ਦੇ ਕਦਮਾਂ ਵਿੱਚ ਤੋੜਨ ਦੀ ਕੋਸ਼ਿਸ਼ ਕਰੋ। ਚੇਨਿੰਗ: ਚੇਨਿੰਗ ਕਾਰਜ ਨੂੰ ਛੋਟੇ ਕਦਮਾਂ ਵਿੱਚ ਵੰਡਣ ਦੀ ਇੱਕ ਪ੍ਰਕਿਰਿਆ ਹੈ ਅਤੇ ਉਹਨਾਂ ਨੂੰ ਕਾਲਕ੍ਰਮਿਕ ਤਰੀਕੇ ਨਾਲ ਸਿਖਾਉਂਦੀ ਹੈ। ਇਹ ਆਮ ਤੌਰ 'ਤੇ ਰੋਜ਼ਾਨਾ ਜੀਵਨ ਦੇ ਹੁਨਰ ਸਿਖਾਉਣ ਲਈ ਵਰਤਿਆ ਜਾਂਦਾ ਹੈ। ਉਦਾਹਰਨ ਲਈ, ਅਸੀਂ ਸ਼ੁਰੂ ਵਿੱਚ ਇੱਕ ਬੱਚੇ ਨੂੰ ਪੈਂਟ ਨੂੰ ਦੋਹਾਂ ਹੱਥਾਂ ਨਾਲ ਫੜਨਾ ਸਿਖਾਉਂਦੇ ਹਾਂ, ਅਤੇ ਅਸੀਂ ਉਸਨੂੰ ਪਕੜ ਕੇ ਇਸਨੂੰ ਆਪਣੀਆਂ ਲੱਤਾਂ ਉੱਤੇ ਉਤਾਰਨਾ ਸਿਖਾਉਂਦੇ ਹਾਂ। ਇਸ ਤੋਂ ਬਾਅਦ, ਅਸੀਂ ਇਸਨੂੰ ਫੜਨਾ ਸਿਖਾਉਂਦੇ ਹਾਂ, ਇਸਨੂੰ ਲੱਤਾਂ ਤੱਕ ਹੇਠਾਂ ਲਿਆਓ, ਅਤੇ ਨਾਲ ਹੀ ਇੱਕ ਲੱਤ ਨੂੰ ਅੰਦਰ ਰੱਖੋ. ਵਿਧੀ ਨੂੰ ਅੱਗੇ ਚੇਨਿੰਗ ਦਾ ਨਾਮ ਦਿੱਤਾ ਗਿਆ ਹੈ. ਬੈਕਵਰਡ ਚੇਨਿੰਗ ਵਿੱਚ, ਤੁਸੀਂ ਬੱਚਿਆਂ ਨੂੰ ਪਹਿਲਾਂ ਆਖਰੀ ਪੜਾਅ ਸਿਖਾਉਂਦੇ ਹੋ। ਅਸੀਂ ਬੱਚੇ ਲਈ ਗਤੀਵਿਧੀ ਨੂੰ ਪੂਰਾ ਕਰਦੇ ਹਾਂ ਅਤੇ ਨਾਲ ਹੀ ਬੱਚਿਆਂ ਨੂੰ ਆਪਣੇ ਆਪ ਆਖਰੀ ਕਦਮ ਚੁੱਕਣ ਦੀ ਇਜਾਜ਼ਤ ਦਿੰਦੇ ਹਾਂ। ਉਸ ਤੋਂ ਬਾਅਦ, ਅਸੀਂ ਇਸ ਅੰਦੋਲਨ ਨੂੰ ਦੂਜੇ ਆਖਰੀ ਪੜਾਅ ਤੱਕ ਕਰਦੇ ਹਾਂ. ਇਸ ਤਰ੍ਹਾਂ, ਇੱਕ ਬੱਚਾ ਕੁਝ ਗਤੀਵਿਧੀਆਂ ਕਰਦਾ ਹੈ ਅਤੇ ਅਸੀਂ ਉਦੋਂ ਤੱਕ ਘੱਟ ਕਰਦੇ ਹਾਂ ਜਦੋਂ ਤੱਕ ਬੱਚਾ ਪੂਰੀ ਗਤੀਵਿਧੀ ਆਪਣੇ ਆਪ ਨਹੀਂ ਕਰ ਲੈਂਦਾ। ਗਰੁੱਪ ਲਰਨਿੰਗ: ਬੌਧਿਕ ਅਸਮਰਥਤਾਵਾਂ ਵਾਲੇ ਵਿਦਿਆਰਥੀਆਂ ਲਈ ਸਮੂਹ ਸਿਖਲਾਈ ਸਭ ਤੋਂ ਕੁਸ਼ਲ ਅਧਿਆਪਨ ਵਿਧੀਆਂ ਵਿੱਚੋਂ ਇੱਕ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਬੱਚਿਆਂ ਨੂੰ ਵੱਖੋ-ਵੱਖਰੇ ਹੁਨਰ ਸਿਖਾਉਣ ਵਾਲੇ ਸਮੂਹ ਦੇ ਨਾਲ ਲਿਆਉਂਦੇ ਹੋ। ਬੱਚੇ ਆਮ ਤੌਰ 'ਤੇ ਬਿਹਤਰ ਪ੍ਰਦਰਸ਼ਨ ਕਰਦੇ ਹਨ ਜਦੋਂ ਉਹ ਸਮੂਹ ਦੇ ਅੰਦਰ ਹੁੰਦੇ ਹਨ। ਵਿਵਹਾਰ ਦੀਆਂ ਮੁਸ਼ਕਲਾਂ ਘੱਟ ਹਨ ਅਤੇ ਬੱਚੇ ਇੱਕ ਦੂਜੇ ਨੂੰ ਉਤਸ਼ਾਹਿਤ ਕਰਦੇ ਹਨ। ਸਮੂਹ ਸਿੱਖਣ ਦੀ ਇੱਕ ਮੁਸ਼ਕਲ ਇਹ ਹੈ ਕਿ ਬੱਚਿਆਂ ਨੂੰ ਆਪਸੀ ਸਿੱਖਣ ਵਿੱਚ ਮਦਦ ਕਰਨ ਲਈ ਤੁਹਾਨੂੰ ਲੋੜੀਂਦੇ ਹੱਥਾਂ ਦੀ ਲੋੜ ਹੈ। ਹੈਂਡਸ-ਆਨ ਲਰਨਿੰਗ: ਹੈਂਡ-ਆਨ ਲਰਨਿੰਗ ਉਪਭੋਗਤਾ ਦੀਆਂ ਕਿਰਿਆਵਾਂ ਅਤੇ ਸਿਖਾਉਣ ਦੇ ਹੁਨਰ ਦੇ ਕਾਰਜਾਂ ਦੀ ਪ੍ਰਕਿਰਿਆ ਹੈ। ਸਾਰੇ ਬੱਚੇ ਖਾਸ ਕਰਕੇ ਬੌਧਿਕ ਕਮਜ਼ੋਰੀ ਵਾਲੇ ਬੱਚੇ ਇਸ ਵਿਧੀ ਦੀ ਵਰਤੋਂ ਕਰਕੇ ਸਭ ਤੋਂ ਵਧੀਆ ਢੰਗ ਨਾਲ ਅਧਿਐਨ ਕਰਦੇ ਹਨ। ਇੱਕ ਉਦਾਹਰਨ ਵਿਗਿਆਨ ਦੇ ਪ੍ਰਯੋਗਾਂ ਨੂੰ ਕਰਨਾ ਅਤੇ ਵਿਗਿਆਨ ਦੀਆਂ ਧਾਰਨਾਵਾਂ ਦੀ ਖੋਜ ਕਰਨਾ ਹੋ ਸਕਦਾ ਹੈ। ਇੱਕ ਹੋਰ ਵਿਚਾਰ ਪਲੇ ਆਟੇ ਦੀ ਵਰਤੋਂ ਕਰਨਾ ਅਤੇ ਅੱਖਰਾਂ ਦੇ ਆਕਾਰ ਬਣਾਉਣਾ ਅਤੇ ਅੱਖਰ ਸਿੱਖਣਾ ਹੈ। ਹੱਥੀਂ ਸਿੱਖਣਾ ਗਣਿਤ ਸਿੱਖਣ ਦਾ ਇੱਕ ਵਿਸ਼ਾਲ ਤਰੀਕਾ ਹੈ। ਪਲੇ-ਬੇਸਡ ਲਰਨਿੰਗ: ਪਲੇ-ਬੇਸਡ ਲਰਨਿੰਗ ਉਦੋਂ ਹੁੰਦੀ ਹੈ ਜਦੋਂ ਅਸੀਂ ਬੋਧਾਤਮਕ ਹੁਨਰ ਸਿਖਾਉਣ ਲਈ ਖੇਡ ਗਤੀਵਿਧੀਆਂ ਦੀ ਵਰਤੋਂ ਕਰਦੇ ਹਾਂ। ਉਦਾਹਰਨ ਲਈ, ਜੇਕਰ ਕੋਈ ਬੱਚਾ ਕਾਰਾਂ ਨਾਲ ਖੇਡ ਰਿਹਾ ਹੈ, ਤਾਂ ਅਸੀਂ ਉੱਥੇ ਬੈਠ ਕੇ ਵੀ ਖੇਡ ਸਕਦੇ ਹਾਂ। ਸਾਡੇ ਨਾਟਕ ਦੇ ਦੌਰਾਨ, ਅਸੀਂ ਬਿਆਨ ਵਰਤਦੇ ਹਾਂ ਜਿਵੇਂ ÷ਕੀ ਤੁਸੀਂ ਮੈਨੂੰ ਇਹ ਦੇ ਸਕਦੇ ਹੋ? ਕੀ ਮੈਂ ਲਾਲ ਕਾਰ ਨਾਲ ਖੇਡ ਸਕਦਾ ਹਾਂ?÷ ਇਸ ਤਰ੍ਹਾਂ, ਅਸੀਂ ਬੱਚਿਆਂ ਨੂੰ ਖੇਡਦੇ ਹੋਏ ਹੁਨਰ ਸਿੱਖਣ ਵਿੱਚ ਮਦਦ ਕਰਦੇ ਹਾਂ। ਸਕਾਰਾਤਮਕ ਮਜ਼ਬੂਤੀ: ਸਕਾਰਾਤਮਕ ਮਜ਼ਬੂਤੀ ਬੱਚਿਆਂ ਨੂੰ ਸਕਾਰਾਤਮਕ ਤੌਰ 'ਤੇ ਮਜ਼ਬੂਤ ਕਰਦੀ ਹੈ ਜਦੋਂ ਉਹ ਨਵੇਂ ਹੁਨਰ ਸਿੱਖਦੇ ਹਨ ਜਾਂ ਅਭਿਆਸ ਕਰਦੇ ਹਨ ਜਾਂ ਜਾਣੇ-ਪਛਾਣੇ ਹੁਨਰ ਕਰਦੇ ਹਨ। ਇਹ ਬੌਧਿਕ ਅਸਮਰਥਤਾ ਵਾਲੇ ਬੱਚਿਆਂ ਨੂੰ ਪ੍ਰੇਰਿਤ ਕਰਨ ਦਾ ਇੱਕ ਬਹੁਤ ਵੱਡਾ ਤਰੀਕਾ ਹੈ। ਬੱਚਿਆਂ ਲਈ ਢੁਕਵੀਆਂ ਸ਼ਕਤੀਆਂ ਦੀ ਵਰਤੋਂ ਕਰੋ। ਇਹ ਬੌਧਿਕ ਅਸਮਰਥਤਾਵਾਂ ਵਾਲੇ ਵਿਦਿਆਰਥੀਆਂ ਲਈ ਸਿਰਫ ਕੁਝ ਕੁ ਕੁਸ਼ਲ ਅਧਿਆਪਨ ਰਣਨੀਤੀਆਂ ਹਨ। ਸਿਖਾਉਣ ਦਾ ਸਭ ਤੋਂ ਵਧੀਆ ਤਰੀਕਾ ਬੱਚੇ ਨੂੰ ਸਮਝਣਾ, ਉਸ ਦੀਆਂ ਯੋਗਤਾਵਾਂ ਅਤੇ ਉਸ ਦੀਆਂ ਲੋੜਾਂ ਨੂੰ ਸਮਝਣਾ ਹੈ।

# ਅੰਗੂਰ ਖਾਓ ਤੇ ਅੰਗੂਰੀ ਦਾ ਮਜ਼ਾ ਲਵੋ



*''ਹਰ ਉਮਰ ਦਾ ਪਸੰਦੀਦਾ ਫੱਲ ਅੰਗੂਰ, ਅੰਦਰ ਮੌਜੂਦ ਵਿਟਾਮਿਨ-ਕੇ ਸਰੀਰ ਵਿੱਚ ਖ਼ੂਨ ਨੂੰ ਪਤਲਾ ਕਰਨ ਵਾਲੇ, ਜਿਵੇਂ ਕਿ ਵਾਰਫਰੀਨ (ਕੌਮਾਡਿਨ) ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਖ਼ੂਨ ਨੂੰ ਪਤਲਾ ਕਰਨ ਵਾਲੀਆਂ ਦਵਾਈਆਂ ਲੈਣ ਵਾਲੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਅਗੂਰ 'ਤੇ ਅੰਗੂਰੀ ਦਾ ਇਸਤੇਮਾਲ ਕਰਨ''-ਅਨਿਲ ਧੀਰ, ਕਾਲਮਨਿਸਟ,ਥੈਰਾਪਿਸਟ, ਸੋਸ਼ਲ ਐਕਟੀਵਿਸਟ*

ਵਿਸ਼ਵ ਭਰ ਵਿੱਚ ਫਲ ਅੰਗੂਰ ਤੋਂ ਵੱਧੀਆ ਵਾਈਨ ਦੇ ਨਾਲ-ਨਾਲ ਅਤੇ ਫੂਡ 'ਤੇ ਫਾਰਮਾ ਇੰਡਸਟਰੀ ਵਿਚ, ਸਦੀਆਂ ਤੋਂ ਲਗਾਤਾਰ ਹੋ ਰਿਹਾ ਹੈ। ਕੋਸਮੈਟਿਕ ਪ੍ਰੋਡਕਟਸ ਵਿਚ ਅੰਗੂਰ ਬੀਜ ਦੇ ਤੇਲ ਅੰਦਰ ਟੋਕੋਫਰੋਲਜ਼ ਅਤੇ ਫਾਈਟੋਸਟ੍ਰੋਲਜ਼ 'ਤੇ ਪੋਲੀਨਸਟ੍ਰੈਟਿਡ ਫੈਟੀ ਐਸਿਡ ਮੌਜੂਦ ਹੋਣ ਕਰਕੇ ਵਰਤਿਆ ਜਾ ਰਿਹਾ ਹੈ। ਅੱਜ ਵਿਸ਼ਵ ਭਰ ਵਿਚ ਹਰ ਸਾਲ 72 ਮਿਲੀਅਨ ਟਨ ਅੰਗੂਰ ਉਗਾਏ ਜਾ ਰਹੇ ਹਨ, ਜਿਆਦਾਤਰ ਵਾਈਨ ਬਣਾਉਣ ਲਈ ਹਰ ਸਾਲ 7.2 ਟ੍ਰਿਲੀਅਨ ਗੈਲਨ ਵਾਈਨ ਦਾ ਉਤਪਾਦਨ ਹੁੰਦਾ ਹੈ। ਅੰਗੂਰ ਦੀ ਕਾਸ਼ਤ ਨੇੜਲੇ ਪੂਰਬ ਵਿਚ 6 ਤੋਂ 8 ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਈ ਸੀ। ਸਭ ਤੋਂ ਪੁਰਾਣੀ ਵਾਈਨਰੀ ਲਗਭਗ 4000 ਬੀ.ਸੀ. 9ਵੀਂ ਸਦੀ ਤੋਂ ਸ਼ੀਰਾਜ਼ ਸ਼ਹਿਰ ਮੱਧ ਪੂਰਬ ਵਿਚ ਵਧੀਆ ਸ਼ਰਾਬ ਤਿਆਰ ਕਰਨ ਲਈ ਮਸ਼ਹੂਰ ਸੀ। ਸੀਰਾਹ ਰੈਡ ਵਾਈਨ ਦਾ ਨਾਮ ਪਰਸ ਦੇ ਇਕ ਸ਼ਹਿਰ ਸ਼ੀਰਾਜ਼ ਦੇ ਨਾਮ ਰੱਖਿਆ ਗਿਆ, ਜਿਥੇ ਅੰਗੂਰ ਨੂੰ ਸ਼ੀਰਾਜ਼ ਵਾਈਨ ਬਣਾਉਣ ਲਈ ਵਰਤਿਆ ਜਾਂਦਾ ਸੀ। 19 ਵੀਂ ਸਦੀ ਵਿਚ ਮੈਨਾਚਿਉਸੇਟਸ ਦੇ ਕਨਕੋਰਡ ਦੇ ਇਫਰੈਮ ਬੁੱਲ ਨੇ ਕੋਕੋਰਡ ਅੰਗੂਰ ਬਣਾਉਣ ਲਈ ਜੰਗਲੀ ਵਿਟਿਸ ਲੈਬਰੁਸਕਾ ਦੀਆਂ ਬੇਲਾਂ ਬੀਜ ਦੀ ਕਾਸ਼ਤ ਕੀਤੀ ਜੋ ਸੰਯੁਕਤ ਰਾਜ ਵਿਚ ਇੱਕ ਖਾਸ ਫਸਲ ਬਣ ਗਈ।

ਫਲ ਅੰਗੂਰ ਜੋ 15 ਤੋਂ 300 ਦੇ ਗਰੁੱਪ ਵਿਚ ਲਾਲ, ਹਰੇ, ਕਾਲੇ, ਨੀਲੇ, ਜਾਮਨੀ, ਪੀਲੇ, ਸੰਤਰੀ , ਗੁਲਾਬੀ ਰੰਗ ਦੇ ਉੱਗਾਏ ਜਾ ਰਹੇ ਹਨ। ਲਾਲ ਜਾਂ ਹਰੇ ਅੰਗੂਰ ਇੱਕ ਕੱਪ ਯਾਨਿ 150 ਗ੍ਰਾਮ ਵਿਚ ਮੌਜੂਦ ਪੋਸ਼ਟਿਕ ਤੱਤ-ਕੈਲੋਰੀਜ਼-104, ਕਾਰਬਸ-27.3 ਗ੍ਰਾਮ, ਪ੍ਰੋਟੀਨ-1.1 ਗ੍ਰਾਮ, ਚਰਬੀ-0.2ਗ੍ਰਾਮ, ਫਾਈਬਰ-1.4 ਗ੍ਰਾਮ, ਵਿਟਾਮਿਨ ਸੀ-27%, ਵਿਟਾਮਿਨ ਕੇ-28%, ਥਿਆਮੀਨ-7%, ਰਿਬੋਫਲੇਬਿਨ-6%, ਵਿਟਾਮਿਨ ਬੀ:6- 6%,



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਪੋਟਾਸ਼ਿਅਮ-8%, ਕੋਪਰ-10%, ਮੈਂਗਨੀਜ਼-5% ਅਤੇ ਕੱਚੇ ਅੰਗੂਰ ਵਿਚ ਪਾਣੀ-81%, ਕਾਰਬੋਹਾਈਡ੍ਰੇਟ-18%, ਆਦਿ ਸਰੀਰ ਨੂੰ ਫਿਟ ਰੱਖਦੇ ਹਨ। ਰੇਸਵੇਰਾਟ੍ਰੋਲ, ਇੱਕ ਸਟਾਈਲਬੀਨ ਮਿਸ਼ਰਿਤ ਅੰਗੂਰ ਦੀਆਂ ਕਿਸਮਾਂ ਦੇ ਛੱਲਾਂ ਅਤੇ ਸੀਡਜ਼ ਵਿਚ ਪਾਇਆ ਜਾਂਦਾ ਹੈ।ਤਾਜ਼ੇ ਅੰਗੂਰ ਦੀ ਚਮੜੀ ਵਿਚ ਪ੍ਰਤੀ ਗ੍ਰਾਮ ਰੈਸਵੇਰਾਟ੍ਰੋਲ ਦੇ ਲਗਭਗ 50 ਤੋਂ 100 ਮਾਈਕ੍ਰੋਗ੍ਰਾਮ ਮੌਜੂਦ ਰਹਿੰਦੇ ਹਨ।

**ਤੰਦਰੁਸਤੀ ਲਈ ਅੰਗੂਰ :**

ਦਿਲ ਦੀਆਂ ਬਿਮਾਰੀਆਂ ਵਿਚ ਅੰਗੂਰ ਅੰਦਰ ਮੌਜੂਦ ਪੌਲੀਫੇਨੌਲ ਕਾਰਡੀਓਵੈਸਕੁਲਰ ਰੋਗਾਂ ਨੂੰ ਕੰਟ੍ਰੋਲ ਕਰਨ ਵਿਚ ਮਦਦ ਕਰਦੇ ਹਨ। ਫ੍ਰੀ ਰੈਡੀਕਲਜ਼ ਵਧਾਉਣ ਤੋਂ ਇਲਾਵਾ ਐਂਟੀ-ਇਨਫਲੇਮੇਟਰੀ ਅਸਰ, ਐਂਟੀਪਲੇਟਲੇਟ ਅਤੇ ਐਂਡੋਥੈਲੀਅਲ ਫੰਕਸ਼ਨ ਹੁੰਦਾ ਹੈ।

ਅੰਗੂਰ ਵਿਚ ਮੌਜੂਦ ਐਂਟੀਆਕਸੀਡੈਂਟ ਸਰੀਰ ਅੰਦਰ ਸੈਲੱ ਝਿੱਲੀ ਦੀ ਰੱਖਿਆ ਕਰਕੇ ਸੈਲੂਲਰ ਨੁਕਸਾਨ ਨੂੰ ਘੱਟ ਕਰਕੇ ਸਰੀਰ ਵਿਚ ਰਸਾਇਣਕ ਪ੍ਰਤੀਕ੍ਰਿਆਵਾਂ ਨੂੰ ਸੀਮਤ ਕਰਦਾ ਹੈ।

ਖੱਟਾ-ਮਿਠਾ ਸੁਆਦਲਾ ਅੰਗੂਰ ਜ਼ਿਆਦਾ ਖਾਣ ਨਾਲ ਕੈਲੋਰੀ ਅਤੇ ਕਾਰਬਜ਼ ਵੱਧਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਅੰਗੂਰ ਵਿਚ ਕੁਦਰਤੀ ਚੀਨੀ ਮੋਟਾਪਾ ਵਧਾ ਰਹੀ ਹੈ।

ਵੱਧ ਰਹੀ ਉਮਰ ਦੇ ਨਾਲ ਅੱਖਾਂ ਦੀ ਕਮਜੋਰੀ 'ਤੇ ਰੌਸ਼ਨੀ ਵਧਾਉਣ ਲਈ 1 ਕੱਪ ਗਾਜਰ ਅਤੇ ਅੰਗੂਰ ਦਾ ਤਾਜ਼ਾ ਜੂਸ ਸਵੇਰੇ ਜਾਗਦੇ ਹੀ ਪੀਓ। ਰੈਟੀਨਲ ਰੋਗ ਯਾਨਿ ਮੈਲੂਲਰ ਡੀਜਨਰੇਸ਼ਨ ਵਿਚ ਮਦਦ ਕਰ ਸਕਦਾ ਹੈ। ਇਹ ਜੂਸ ਰੈਟੀਨਾ ਦੀ ਕ੍ਰਿਆ ਠੀਕ ਰੱਖਦਾ ਹੈ।

ਅੰਗੂਰ ਵਿਚ ਮੌਜੂਦ ਵਿਟਾਮਿਨ ਕੇ ਸਰੀਰ ਅੰਦਰ ਖ਼ੂਨ ਨੂੰ ਜਮਾਂ ਕਰਨ ਅਤੇ ਵਿਟਾਮਿਨ ਕੇ ਦੀ ਕਮੀ ਦੂਰ ਕਰਨ ਹੇਮਰੇਜ ਨਾ ਹੋਣ ਵਿਚ ਸਹਾਇਤਾ ਕਰਦਾ ਹੈ।

ਕਬਜ਼ ਦੇ ਰੋਗੀ 1 ਕੱਪ ਤਾਜ਼ੇ ਅੰਗੂਰ ਸਵੇਰੇ-ਸ਼ਾਮ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਖਾਓ। ਅੰਗੂਰ ਅੰਦਰ ਮੌਜੂਦ ਘੁਲਣਸ਼ੀਲ ਫਾਈਬਰ ਕੋਲੇਸਟ੍ਰੋਲ ਘੱਟ ਕਰਕੇ ਸਟੂਲ ਦੀ ਕ੍ਰਿਆ ਦਰੁੱਸਤ ਕਰਦਾ ਹੈ।

ਬਲੱਡ-ਪੈਸ਼ਰ ਦੇ ਰੋਗੀ ਕਿਸ਼ਮਿਸ਼ (ਡੀਹਾਈਡ੍ਰੇਟਡ ਅੰਗੂਰ) 8-10 ਦਾਨੇ ਪੂਰੀ ਰਾਤ ਪਾਣੀ ਵਿਚ ਭਿਗੋ ਕੇ ਰੱਖੋ। ਸਵੇਰੇ ਉਠੱਦੇ ਹੀ ਬਿਨਾ ਕੁੱਲਾ ਕੀਤੇ ਚੰਗੀ ਤਰਾਂ ਚਬਾ ਕੇ ਕਿਸ਼ਮਿਸ਼ ਵਾਲਾ ਪਾਣੀ ਪੀ ਲਓ। ਇਸ ਤੋਂ ਇਲਾਵਾ ਦਿਨ ਵਿਚ 5-6 ਦਾਨੇ ਸਵੇਰੇ, ਦੁਪਹਿਰ, ਸ਼ਾਮ ਚੂਸਦੇ ਰਹੋ।



ਰੈਸਿਵੇਰਟ੍ਰੋਲ ਲ਼ਿੰਫ, ਜਿਗਰ, ਪੇਟ, ਛਾਤੀ, ਕੋਲਨ, ਚਮੜੀ ਦੇ ਵਿਕਾਸ ਨੂੰ ਘੱਟ ਕਰਨ ਵਿਚ ਮਦਦ ਕਰ ਸਕਦਾ ਹੈ। ਸਹੀ ਮਾਤਰਾ ਰੈਡ ਵਾਈਨ ਵਿਚ ਮੌਜੂਦ ਰੈਸਿਵੇਰਟ੍ਰੋਲ ਸਰੀਰ 'ਤੇ ਮਨ ਦੇ ਰੋਗਾਂ ਤੋਂ ਬਚਾਉਣ ਵਿਚ ਜ਼ਿਆਦਾ ਵਾਈਨ ਦੀ ਵਰਤੋਂ ਖਤਰਨਾਕ ਬਿਮਾਰੀਆਂ ਨੂੰ ਸੱਦਾ ਦੇਣ ਵਾਲੀ ਗੱਲ ਹੋ ਜਾਵੇਗੀ।

ਨੋਟ : ਸ਼ੁਗਰ, ਕੋਲਸਟ੍ਰੋਲ, ਮੋਟਾਪੇ ਦੇ ਸ਼ਿਕਾਰ, 'ਤੇ ਗਰਭਵਤੀ ਔਰਤਾਂ, ਅੰਗੂਰ 'ਤੇ ਅੰਗੂਰੀ ਦੀ ਵਰਤੋਂ ਆਪਣੀ ਹੈਲਥ ਹਿਸਟਰੀ ਮੁਤਾਬਿਕ ਫੈਮਿਲੀ ਡਾਕਟਰ ਦੀ ਸਲਾਹ ਨਾਲ ਹੀ ਕਰਨ।

# ਰਵਾਇਤੀ ਖ਼ੁਰਾਕ ਤੇ ਤੰਦਰੁਸਤ ਸਿਹਤ



ਮੇਰੀ ਮਾਂ ਕਾੜ੍ਹਨੀ 'ਚ ਦੁੱਧ ਹਾਰੇ ਵਿੱਚ ਗਰਮ ਰੱਖ ਦਿੰਦੀ ਤਾਂ 5 ਵਜੇ ਸ਼ਾਮ ਨੂੰ ਕਾੜ੍ਹਨੀ ਦਾ ਦੁੱਧ ਵੱਡੇ ਜੱਗ ਵਿੱਚ ਖੰਡ ਪਾ ਕੇ ਸਾਨੂੰ ਤਿੰਨਾਂ ਭਰਾਵਾਂ ਤੇ ਮੇਰੇ ਪਿਤਾ ਨੂੰ ਵੱਡੇ-ਵੱਡੇ ਕੌਲੇ ਭਰ ਕੇ ਦਿੰਦੀ। ਖਾਣ-ਪੀਣ ਮੇਰੀ ਮਾਂ ਕਰਕੇ ਖੁੱਲ੍ਹਾ ਸੀ। ਸਾਡੀ ਡੋਲੀ ਵਿੱਚ 20 ਸੇਰ ਤੱਕ ਘਿਓ ਪਿਆ ਰਹਿੰਦਾ। ਅਸੀਂ ਕਦੇ ਵੀ ਘਿਓ ਬਿਨਾਂ ਰੋਟੀ ਨਹੀਂ ਖਾਧੀ ਸੀ। ਹੱਥ 'ਤੇ ਰੋਟੀ ਉੱਤੇ ਗੁੜ ਦਾ ਵੱਡਾ ਡਲ਼ਾ ਤੇ ਨਾਲ ਘਿਓ ਦਾ ਰੁੱਗ। ਮੇਰੇ ਯਾਦ ਹੈ ਸਾਡੇ ਵੱਡੀ ਸਬਾਤ ਹੁੰਦੀ ਸੀ, ਅੱਜ ਦੇ ਦੋ ਕਮਰਿਆਂ ਜਿੱਡੀ, ਵਿੱਚ ਡੋਲੀ। ਇੱਕ ਵਾਰ ਮੇਰੇ ਵੱਡੇ ਭਰਾ ਨੇ ਬਿਜਲੀ ਵਾਲੇ ਪਲੱਗ ਵਿੱਚ ਖੁਰਚਣਾ ਫਸਾ ਦਿੱਤਾ ਤਾਂ ਉਹਨੂੰ ਕਰੰਟ ਦਾ ਝਟਕਾ ਲੱਗ ਗਿਆ ਤਾਂ ਉਹਦਾ ਡੋਲੀ ਨੂੰ ਹੱਥ ਪੈ ਗਿਆ, ਡੋਲੀ ਲੱਕੜ ਦੀ ਸੀ। ਡੋਲੀ ਟੇਢੀ ਡਿੱਗ ਪਈ ਤਾਂ ਸਾਡੀ ਸਾਰੀ ਸਬਾਤ ਵਿੱਚ ਘਿਓ ਫਿਰੇ। ਸਵੇਰੇ ਮੇਰੀ ਮਾਂ ਤੌਲੇ 'ਚ ਜਮਾਏ ਦੁੱਧ ਨੂੰ ਰਿੜਕਣ ਤੋਂ ਪਹਿਲਾਂ ਉਹਦੇ ਵਿੱਚੋਂ 6-7 ਬਾਟੀਆਂ ਦਹੀਂ ਦੀਆਂ ਕੱਢ ਲੈਂਦੀ। ਦੁੱਧ ਮੇਰੀ ਮਾਂ ਹੱਥੀਂ ਰਿੜਕਦੀ। ਅਸੀਂ ਸਵੇਰੇ ਦਾਲ ਜਾਂ ਸਬਜ਼ੀ ਘੱਟ ਹੀ ਬਣਾਉਂਦੇ। ਰੋਟੀ, ਪਰੌਂਠੇ ਜਾਂ ਪਾਣੀ ਹੱਥ ਦੀਆਂ ਰੋਟੀਆਂ ਮੇਰੀ ਮਾਂ ਬਣਾਉਂਦੀ ਤਾਂ ਦਹੀਂ ਦੀ ਬਾਟੀ ਵਿੱਚ ਰੁੱਗ ਮੱਖਣੀ ਦਾ ਪਾ ਸਾਨੂੰ ਦੇ ਦਿੰਦੀ। ਸੌਣ ਸਮੇਂ ਅਸੀਂ ਚਾਰੇ ਦੁੱਧ ਦੇ ਵੱਡੇ ਕੌਲੇ ਰਾਤ ਨੂੰ ਪੀ ਕੇ ਸੌਂਦੇ। ਜਦ ਕਦੇ ਸ਼ਾਮ ਨੂੰ ਮਾਂ ਸੇਵੀਆਂ ਜਾਂ ਖੀਰ ਬਣਾਉਂਦੀ ਤਾਂ ਅਸੀਂ ਕਦੇ ਰੋਟੀ ਨਹੀਂ ਖਾਂਦੇ ਸੀ। ਚੁੱਲ੍ਹੇ 'ਤੇ ਲੰਮਾ ਸਮਾਂ ਦੁੱਧ ਵਿੱਚ ਸੇਵੀਆਂ ਜਾਂ ਚੌਲ ਰਿੱਝਦੇ ਤਾਂ ਦੁੱਧ ਦਾ ਖੋਆ ਬਣ ਜਾਂਦਾ। ਅੱਜ ਦੀ ਖੋਏ ਆਲੀ ਆਈਸਕ੍ਰੀਮ ਬਣ ਜਾਂਦੀਆਂ ਸੀ ਸੇਵੀਆਂ ਅਤੇ ਖੀਰ, ਸਭ ਤੋਂ ਵੱਧ ਸੁਆਦੀ। ਸੇਵੀਆਂ ਵੱਟਣ ਲਈ ਵਿੜ੍ਹੀ ਸਿਸਟਮ ਸੀ। ਆਪਣੇ-ਆਪਣੇ ਤੌੜੇ ਲੈ ਔਰਤਾਂ ਇੱਕ ਘਰ ਵਿੱਚ ਇਕੱਠੀਆਂ ਹੁੰਦੀਆਂ, ਸੇਵੀਆਂ ਵੱਟਦੀਆਂ। ਅਗਲੇ ਦਿਨ ਇਹੀ ਔਰਤਾਂ ਦੂਸਰੇ ਘਰ ਹੁੰਦੀਆਂ। ਸੇਵੀਆਂ ਵੱਟਣ ਦੇ ਅੰਤ 'ਤੇ ਹਰ ਔਰਤ ਇੱਕ-ਦੋ ਚਦੌਈਏ ਜ਼ਰੂਰ ਬਣਾਉਂਦੀ।

ਚਦੌਈਆ ਰੋਟੀ ਆਕਾਰ ਦਾ ਹੁੰਦਾ ਤੇ ਵਿੱਚ ਡਿਜ਼ਾਇਨ ਬਣਿਆ ਹੁੰਦਾ, ਖੇਤ ਵਿੱਚ ਬਣੀਆਂ ਕਿਆਰੀਆਂ ਵਾਂਗ। ਮੇਰੀ ਮਾਂ ਉਸ ਚਦੌਈਏ ਨੂੰ ਚੁੱਲ੍ਹੇ ਦੀ ਅੱਗ 'ਤੇ ਭੁੰਨ੍ਹ ਦਿੰਦੀ। ਫਿਰ ਕਿਆਰੀਆਂ ਨੂੰ ਦੇਸੀ ਘਿਓ ਅਤੇ ਗੁੜ ਨਾਲ ਭਰਿਆ ਜਾਂਦਾ। ਉਹ ਅੱਜ ਦਾ ਪੀਜਾ ਬਣ ਜਾਂਦਾ। ਯਮਲੇ ਦੀ ਤੂੰਬੀ ਵਾਂਗ ਦੋਵਾਂ ਸਿਰਿਆਂ ਤੋਂ ਫੜ ਕੇ ਫਿਰ ਇੱਕ ਪਾਸਿਓਂ ਖਾਣਾ ਸ਼ੁਰੂ ਕਰ ਦਿੱਤਾ ਜਾਂਦਾ। ਮੈਂ ਆਪਣੀ ਜ਼ਿੰਦਗੀ ਵਿੱਚ ਬਹੁਤ ਚਦੌਈਏ ਖਾਧੇ ਹਨ। ਇਮਿਊਨਿਟੀ ਵਧਾਉਣ ਦੀ ਕਦੇ ਲੋੜ ਨਹੀਂ ਪਈ : ਸਾਡੇ ਚੁੱਲ੍ਹੇ 'ਤੇ ਜਦ ਕਦੇ ਸੁੱਕੀ ਸਬਜ਼ੀ ਬਣਦੀ ਯਾਨੀ ਗੋਭੀ, ਕਰੇਲੇ, ਸ਼ਿਮਲਾ ਮਿਰਚ ਜਾਂ ਭਰਵੇਂ ਟਿੰਡੇ ਤਾਂ ਪਿੱਤਲ ਦੇ ਪਤੀਲੇ ਵਿੱਚ ਆਖਰੀ ਬਚੇ ਮਸਾਲੇ ਵਿੱਚ ਮੇਰੀ ਮਾਂ ਦੋ ਰੋਟੀਆਂ ਘੁਮਾ ਦਿੰਦੀ। ਇਹ ਦੋਵੇਂ ਰੋਟੀਆਂ ਛੋਟਾ ਅਤੇ ਲਾਡਲਾ ਹੋਣ ਕਰਕੇ ਮੇਰੇ ਹਿੱਸੇ ਆਉਂਦੀਆਂ। ਦੁਨੀਆਂ ਦੀ ਹਰ ਗਰੇਵੀ ਤੋਂ ਸਵਾਦ ਹੁੰਦੀ ਰੋਟੀਆਂ ਨੂੰ ਲੱਗੀ ਇਹ ਗਰੇਵੀ। ਹਾਰੇ ਵਿੱਚ ਦਲੀਆ ਅਤੇ ਖਿਚੜੀ ਸਾਰੀ ਰਾਤ ਮੱਠੀ-ਮੱਠੀ ਅੱਗ 'ਤੇ ਰਿੱਝਦੀ ਰਹਿੰਦੀ। ਸਵੇਰੇ ਕੁੱਜੇ ਵਿੱਚ ਜੰਮੇ ਦਹੀਂ ਉੱਤੇ ਮੱਝ ਦੇ ਥਣਾਂ ਦੀਆਂ ਤਾਜੀਆਂ ਧਾਰਾਂ ਮਾਰਨ ਨਾਲ ਤਿਓੜ ਬਣਦਾ ਤਾਂ ਫਿਰ ਇਹ ਖਿਚੜੀ ਵਿੱਚ ਪਾ ਕੇ ਖਾਧਾ ਜਾਂਦਾ। ਰੋਗਾਂ ਨਾਲ ਲੜਨ ਦੀ ਸ਼ਕਤੀ ਇਸ ਤੋਂ ਵੱਧ ਕਿੱਥੋਂ ਮਿਲਣੀ ਹੈ।

ਮਾਤਾ-ਪਿਤਾ ਇਸ ਦੁਨੀਆਂ ਵਿੱਚ ਨਹੀਂ ਰਹੇ। ਸਾਡਾ ਹੁਣ ਵੀ ਸਾਂਝਾ ਪਰਿਵਾਰ ਹੈ। ਮੇਰੀ ਭਰਜਾਈ ਰਵਾਇਤੀ ਖਾਣਿਆਂ ਦੀ ਗਵਾਹ ਵੀ ਰਹੀ ਹੈ ਅਤੇ ਬਣਾਉਂਦੀ ਵੀ ਰਹੀ ਹੈ। ਇਹ ਖਾਣੇ ਅੱਜ ਵੀ ਸਾਡੇ ਘਰ ਬਣਦੇ ਹਨ ਭਾਵੇਂ ਮਾਤਾ ਵੇਲੇ ਨਾਲੋਂ ਘੱਟ। ਘਰੇ ਤੰਦੂਰ ਹੈ, ਚੁੱਲ੍ਹਾ ਹੈ ਅਤੇ ਹਾਰਾ ਵੀ। ਖਿਚੜੀ, ਦਲੀਆ ਬਣਦਾ, ਚੁੱਲ੍ਹੇ 'ਤੇ ਸਾਗ ਵੀ ਬਣਦਾ। ਐਤਵਾਰ ਨੂੰ ਤੰਦੂਰੀ ਪਰੌਂਠੇ ਵੀ ਬਣਦੇ ਹਨ ਯਾਨੀ ਪਾਣੀ ਹੱਥੀਆਂ ਰੋਟੀਆਂ, ਨਾਲ ਦਹੀਂ, ਮੱਖਣ ਅਤੇ ਲੱਸੀ ਦਾ ਵੱਡਾ ਗਲਾਸ। ਇਹ ਖ਼ੁਰਾਕ ਮੈਨੂੰ 48 ਦਾ ਹੋ ਕੇ 48 ਦਾ ਹੋਣ ਨ੍ਹੀਂ ਦਿੰਦੀ।

ਰਵਾਇਆ ਖਾਣੇ ਨੂੰ ਜੰਕ ਫੂਡ ਨਿਗਲ ਗਿਆ : ਸਮੇਂ ਦਾ ਐਸਾ ਦੌਰ ਚੱਲਿਆ ਕਿ ਰਵਾਇਤੀ ਖਾਣਿਆਂ ਨੂੰ ਜੰਕ ਫੂਡ ਨਿਗਲ ਗਿਆ। ਡੋਲੀ ਦੀ ਥਾਂ ਫਰਿੱਜ ਨੇ ਲੈ ਲਈ। ਡੋਲੀ ਵਿੱਚ ਬਿਮਾਰੀਆਂ ਤੋਂ ਬਚਾਉਣ ਦੀਆਂ ਚੀਜ਼ਾਂ ਸਨ ਪਰ ਫਰਿੱਜ ਬਿਮਾਰੀਆਂ ਦਾ ਘਰ ਬਣ ਗਈ। ਖਿਚੜੀ, ਦਲੀਏ, ਖੀਰ, ਸੇਵੀਆਂ, ਚਦੌਈਏ, ਪਾਣੀ ਹੱਥੀਆਂ ਰੋਟੀਆਂ ਆਦਿ ਕਦੋਂ ਪੀਜੇ, ਬਰਗਰ, ਸਮੋਸੇ, ਨਿਊਡਲ, ਸਵੀਟ ਡਿਸ਼, ਨਾਣ ਬਣ ਗਏ ਪਤਾ ਹੀ ਨਹੀਂ ਲੱਗਾ। ਰਵਾਇਤੀ ਖਾਣਿਆਂ ਦਾ ਖਤਮ ਹੋਣਾ ਅਤੇ ਅਲੋਪ ਹੋਣਾ ਬਿਮਾਰੀਆਂ ਨੂੰ ਸਿੱਧਾ ਸੱਦਾ ਹੋ ਨਿੱਬੜਿਆ। ਡਾਕਟਰਾਂ ਕੋਲ ਹੁੰਦੇ ਇਕੱਠ ਭੋਜਨ ਤੋਂ ਸ਼ੁਰੂ ਹੁੰਦੇ ਹਨ ਅਤੇ ਭੋਜਨ 'ਤੇ ਖਤਮ। ਸਿਹਤ ਨੂੰ ਅੰਨ-ਪਾਣੀ ਨਿਰਧਾਰਤ ਕਰਦਾ ਹੈ। ਰਵਾਇਤੀ ਖਾਣਿਆਂ ਵੱਲ ਮੋੜਾ ਬਿਮਾਰੀਆਂ ਤੋਂ ਦੂਰ ਕਰੇਗਾ। ਸਾਂਝੇ ਪਰਿਵਾਰਾਂ ਦੀ ਟੁੱਟ-ਭੱਜ ਤੇ ਸ਼ਹਿਰੀਕਰਨ ਨੇ ਰਵਾਇਤੀ ਖਾਣਿਆਂ ਨੂੰ ਨਿਗਲ ਲਿਆ। ਜੰਕ ਫੂਡ ਦੀ ਬਹੁਤਾਤ ਤੇਜੀ ਨਾਲ ਪਿੰਡਾਂ ਨੂੰ ਆਪਣੇ ਕਲਾਵੇ ਵਿੱਚ ਲੈ ਰਹੀ ਹੈ। ਸ਼ਹਿਰ ਤਾਂ ਪੂਰੀ ਤਰ੍ਹਾਂ ਫਾਸਟ ਫੂਡ ਦੀ ਗਿ ?ਰਫਤ ਵਿੱਚ ਹੈ। ਬਰਗਰ ਖਾਂਦਾ ਬੰਦਾ ਬਰਗਰ ਵਰਗਾ ਬਣ ਰਿਹਾ। ਰਵਾਇਤੀ ਖਾਣਾ ਸ਼ੁੱਧ ਹੀ ਹੁੰਦਾ। ਬਨਾਵਟੀ ਫਾਸਟ ਫੂਡ ਹੀ ਹੁੰਦਾ। ਸਿਹਤ ਸਭ ਤੋਂ ਵੱਡਾ ਧਨ ਹੈ ਜੋ ਚੰਗੀ ਖ਼ੁਰਾਕ ਨਾਲ ਵਧਦਾ-ਫੁੱਲਦਾ। ਆਓ! ਰਵਾਇਤੀ ਖ਼ੁਰਾਕ ਨੂੰ ਆਪਣੇ ਜੀਵਨ ਵਿੱਚ ਸ਼ਾਮਲ ਕਰਕੇ ਤੰਦਰੁਸਤ ਜੀਵਨ ਜਿਉਣ ਦੇ ਰਾਹ ਤੁਰੀਏ।

**ਪਿਆਰਾ ਸਿੰਘ ਗੁਰਨੇ ਕਲਾਂ**

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

– ਹੋਰ ਸੇਵਾਵਾਂ –
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## .ਗ਼ਜ਼ਲ

ਮਹਿੰਗਾਈ ਨੇ ਤੋੜ ਦਿੱਤਾ ਹੈ ਸਭ ਲੋਕਾਂ ਦਾ ਲੱਕ,
ਪਰ ਹਾਕਮ ਦੇ ਕੰਨ ਤੇ ਜੂੰ ਨ੍ਹੀ ਸਰਕੀ ਹਾਲੇ ਤੱਕ।
ਬਾਗੀ ਹੋ ਕੇ ਲੋਕੀਂ ਫਿਰ ਸੜਕਾਂ ਤੇ ਆ ਜਾਂਦੇ ਨੇ,
ਜਦ ਉਹ ਜਾਬਰ ਤੇ ਲੋਟੂਆਂ ਤੋਂ ਜਾਂਦੇ ਨੇ ਅੱਕ।
ਇਹ ਹੱਸਦੇ, ਵੱਸਦੇ ਘਰਾਂ ਦੇ ਵਿੱਚ ਲਾ ਦਿੰਦਾ ਏ ਅੱਗ,
ਭੁੱਲ ਕੇ ਵੀ ਨਾ ਕਰੀਏ ਯਾਰੋ ਇੱਕ, ਦੂਜੇ ਤੇ ਸ਼ੱਕ।
ਰੁੱਖਾਂ ਦਾ ਲੇਖਾ ਤਾਂ ਉਹ ਮਰਦੇ ਦਮ ਤੱਕ ਨ੍ਹੀ ਦੇ ਸਕਦਾ,
ਬੰਦੇ ਦੀ ਜਾਨ ਬਚਾਂਦੇ ਨੇ ਕੁੱਝ ਰੁੱਖਾਂ ਦੇ ਸੱਕ।
ਐਵੇਂ ਨਾ ਇੱਕ, ਦੂਜੇ ਨੂੰ ਚੰਗਾ, ਮਾੜਾ ਕਹੀ ਜਾਉ,
ਇਸ ਦੇਸ਼ ਦੇ ਵਿੱਚ ਰਹਿਣੇ ਦਾ ਹੈ ਸਭ ਨੂੰ ਬਰਾਬਰ ਹੱਕ।
ਮੀਂਹ ਦੀ ਇੱਕ ਕਣੀ ਵੀ ਇਨ੍ਹਾਂ ਲਈ ਹਾਨੀਕਾਰਕ ਹੋਵੇ,
ਜਦ ਖੇਤਾਂ ਵਿੱਚ ਕਿਸਾਨ ਦੀਆਂ ਫਸਲਾਂ ਜਾਵਣ ਪੱਕ।
ਸੂਬੇ ਨੂੰ ਖਾਲੀ ਹੋਣ ਤੋਂ ਰੋਕਣ ਦਾ ਹੈ ਇਹੋ ਹੱਲ,
ਰੁਜ਼ਗਾਰ ਦੇ ਕੇ ਮੁੰਡੇ, ਕੁੜੀਆਂ ਨੂੰ ਲੈ ਹਾਕਮਾ ਡੱਕ।



ਮਹਿੰਦਰ ਸਿੰਘ ਮਾਨ
9915803554

## ਸਲਾਮ ਜ਼ਿੰਦਗੀ

ਵੇਲੇ ਨਾਲ ਹੱਥ ਮਿਲਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੈ,
ਕਿਸੇ ਰੋਂਦੇ ਹੋਏ ਨੂੰ ਹਸਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੈ,

ਵਰ੍ਹਿਆਂ ਦੀ ਤਪੱਸਿਆ ਦਾ ਫਲ ਵੀ ਹਮੇਸ਼ਾਂ ਮਿੱਠਾ ਹੁੰਦੈ,
ਹਿੰਮਤਾਂ ਦਾ ਤਵੀਤ ਪਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੈ,

ਜਜ਼ਬਾਤ ਤੇ ਖ਼ਿਆਲਾਤ ਤੇ ਕਾਬੂ ਰੱਖਣਾ ਸਿਆਣਪ ਹੁੰਦੈ,
ਪੀੜਾਂ ਦੇ ਵਿਚ ਮੁਸਕਰਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੈ,

ਦੂਜਿਆਂ ਦੇ ਲਈ ਬੁਰਾ ਸੋਚਣਾ ਵੀ ਬੜਾ ਘੋਰ ਪਾਪ ਹੁੰਦੈ,
ਕਿਸੇ ਡੁੱਬਦੇ ਹੋਏ ਨੂੰ ਬਚਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੈ,

ਜੀਉਣਾ - ਮਰਨਾ ਵੀ ਦੁਨੀਆ ਦੀ ਅਟੱਲ ਸੱਚਾਈ ਹੁੰਦੈ,
ਦੂਜਿਆਂ ਲਈ ਜਾਨ ਲੁਟਾਉਣ ਹੀ ਜ਼ਿੰਦਗੀ ਨੂੰ ਸਲਾਮ ਹੈ,

ਸਾਦਗੀ ਦੇ ਰੰਗ ਚ ਹੀ ਸੁੰਦਰਤਾ ਦਾ ਅਸਲੀ ਰਾਜ ਹੁੰਦੈ,
ਮੱਸਿਆ ਨੂੰ ਪੁੰਨਿਆ ਬਣਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੈ,

ਪਿਆਰ ਦਾ ਪੰਛੀ ਵੀ ਪਾਕ - ਪਵਿੱਤਰ ਪਾਕੀਜ਼ਾ ਰੂਹ ਹੁੰਦੈ,
ਇਸ਼ਕ ਨੂੰ ਮਨ ਮੰਦਰ ਬਣਾਉਣਾ ਹੀ ਜ਼ਿੰਦਗੀ ਨੂੰ ਸਲਾਮ ਹੈ,

ਮੌਸਮ ਬਦਲਦੇ ਰਹਿੰਦੇ ਪਰ ਮੁਕੱਦਰ ਨਾ ਕਦੇ ਬਦਲ ਹੁੰਦੈ,
ਸਿੱਦਕ ਨਾਲ ਪਿਆਰ ਪਾਉਣਾ ਸੈਣੀ ਜ਼ਿੰਦਗੀ ਨੂੰ ਸਲਾਮ ਹੈ।



ਸੁਰਿੰਦਰ ਕੌਰ ਸੈਣੀ

## ਰੰਗ ਬਿਰੰਗੀ ਦੁਨੀਆਂ

ਰੰਗ ਬਿਰੰਗੀ ਦੁਨੀਆਂ ਦੇ ਵਿੱਚ ਕਈ ਤਰ੍ਹਾਂ ਦੇ ਬੰਦੇ,
ਜੋ ਖੋਟ ਦਿਲਾਂ ਰੱਖਦੇ ਬੰਦੇ ਉਹ ਨਾਂ ਹੁੰਦੇ ਚੰਗੇ,
ਮੂੰਹ ਤੇ ਹੀ ਗੱਲ ਆਖਣ ਵਾਲੇ ਖਰੇ ਹੁੰਦੇ ਨੇ ਬੰਦੇ,
ਸਭ ਤੋਂ ਜ਼ਿਆਦਾ ਖ਼ਤਰਨਾਕ ਨੇ ਮੂੰਹ ਦੇ ਮਿੱਠੇ ਬੰਦੇ।

ਖਰੇ ਬੰਦੇ ਦੀ ਆਖੀ ਗੱਲ ਦਾ ਦੋ ਮਿੰਟਾਂ ਦਾ ਹਰਖ ਹੁੰਦਾ,
ਬੇਸ਼ੱਕ ਲੱਗਦੀ ਬੋਲੀ ਕੌੜੀ ਪਰ ਨਾਂ ਕੋਈ ਫ਼ਰਕ ਹੁੰਦਾ,
ਕਦੇ ਖਰੇ ਬੰਦੇ ਨਾਂ ਕਦੇ ਕਿਸੇ ਦੇ ਸਮੇਂ ਸੋਚਦੇ ਮੰਦੇ,
ਸਭ ਤੋਂ ਜ਼ਿਆਦਾ ਖ਼ਤਰਨਾਕ ਨੇ ਮੂੰਹ ਦੇ ਮਿੱਠੇ ਬੰਦੇ।

ਮੂੰਹ ਦੇ ਮਿੱਠੇ ਚੁਸਤ ਚਲਾਕੀਆਂ ਪੈਰ ਪੈਰ ਤੇ ਕਰਦੇ,
ਪਤਾ ਲੱਗਣ ਨਾਂ ਦਿੰਦੇ ਗਲ ਤੇ ਪੈਰ ਜਦੋਂ ਵੀ ਧਰਦੇ,
ਅੰਦਰੋਂ ਅੰਦਰੀਂ ਰਹਿਣ ਚਲਾਉਂਦੇ ਜੋ ਪੈਰਾਂ ਤੇ ਰੰਦੇਂ,
ਸਭ ਤੋਂ ਜ਼ਿਆਦਾ ਖ਼ਤਰਨਾਕ ਨੇ ਮੂੰਹ ਦੇ ਮਿੱਠੇ ਬੰਦੇ।

ਮੂੰਹ ਦੇ ਮਿੱਠੇ ਭੇਤ ਆਪਣੇ ਰਹਿੰਦੇ ਸਦਾ ਛੁਪਾਉਂਦੇ,
ਤੁਹਾਡੇ ਸਾਰੇ ਭੇਤ ਜਾਣਕੇ ਜੜਾਂ ਨੂੰ ਦਾਤੀ ਪਾਉਂਦੇ,
ਫਿਰ ਮੋਮੋ ਠੱਗਣੇ ਵਾਂਗ ਜਲਾਦਾਂ ਲਾਉਣ ਗਲਾ ਨੂੰ ਫੰਦੇ,
ਸਭ ਤੋਂ ਜ਼ਿਆਦਾ ਖ਼ਤਰਨਾਕ ਨੇ ਮੂੰਹ ਦੇ ਮਿੱਠੇ ਬੰਦੇ।

ਮੂੰਹ ਦੇ ਮਿੱਠੇ ਬੰਦਿਆਂ ਕੋਲੋ ਬਚਕੇ ਰਹਿਣਾ ਚਾਹੀਦਾ,
ਧਾਲੀਵਾਲ ਕਦੇ ਇੰਨ੍ਹਾਂ ਨਾਲ ਨਾਂ ਬਹੁਤਾ ਬਹਿਣਾ ਚਾਹੀਦਾ,
ਦਰਗਾਹ ਵਿੱਚ ਪੈਂਦੇ ਲੇਖੇ ਦੇਣੇ ਕਰਨ ਜੋ ਉਲਟੇ ਧੰਦੇ,
ਸਭ ਤੋਂ ਜ਼ਿਆਦਾ ਖ਼ਤਰਨਾਕ ਨੇ ਮੂੰਹ ਦੇ ਮਿੱਠੇ ਬੰਦੇ,
ਮੂੰਹ ਤੇ ਹੀ ਗੱਲ ਆਖਣ ਵਾਲੇ ਖਰੇ ਹੁੰਦੇ ਨੇ ਬੰਦੇ।



ਇਕਬਾਲ ਧਾਲੀਵਾਲ
9464909589

## .ਗ਼ਜ਼ਲ

ਮਤਲਬੀ ਲੋਕਾਂ 'ਚ ਥੋੜ੍ਹੀ ਵੀ ਵਫ਼ਾ ਹੁੰਦੀ ਨਹੀਂ।
ਕੁੱਝ ਕੁ ਮਰਜ਼ਾਂ ਦੀ ਜ਼ਮਾਨੇ ਵਿਚ ਦਵਾ ਹੁੰਦੀ ਨਹੀਂ ।

ਤੁਰਨ ਲੱਗੇ ਠੋਕਰਾਂ ਤੋਂ ਵੀ ਸਬਕ ਮਿਲਦੈ ਨਵਾਂ,
ਰਾਹ ਦੀ ਹਰ ਠੋਕਰ ਮੁਸਾਫ਼ਰ ਲਈ ਸਜ਼ਾ ਹੁੰਦੀ ਨਹੀਂ ।

ਆਪਣੀਆਂ ਕੁੱਝ ਗਲਤੀਆਂ ਵੀ ਬਣਨ ਦੁੱਖਾਂ ਦੀ ਵਜ ?ਹਾ,
ਉਂਝ ਹਰ ਇੱਕ ਦੁੱਖ ਵਿੱਚ ਰੱਬ ਦੀ ਰਜ਼ਾ ਹੁੰਦੀ ਨਹੀਂ ।

ਇਸ ਫ਼ਿਜ਼ਾ ਦੀ ਗੋਦ ਵਿੱਚ ਹਰ ਇੱਕ ਸ਼ੈਅ ਅਨਮੋਲ ਹੈ,
ਘਾਹ ਦੀ ਤਿੜ ਤੱਕ ਇੱਥੇ ਬੇਵਜ੍ਹਾ ਹੁੰਦੀ ਨਹੀਂ ।

ਖਾਸ ਥਾਂ ਦਿੰਦੇ ਹਾਂ ਜਿਹਨਾਂ ਨੂੰ ਅਸੀਂ ਦਿਲ ਵਿੱਚ ਸਦਾ,
ਕਿਉਂ ਅਸਾਡੇ ਲਈ ਉਨ੍ਹਾਂ ਦੇ ਦਿਲ 'ਚ ਥਾਂ ਹੁੰਦੀ ਨਹੀਂ ।

ਸਿਰਫ਼ ਮੌਕਾ ਮਿਲਣ 'ਤੇ ਹੱਥਾਂ 'ਚ ਦਿਸਦੀ ਹੈ ਕਲਾ,
ਦੱਸ ਕਿਹੜਾ ਹੱਥ ਹੈ ਜਿਸ ਹੱਥ ਵਿੱਚ ਕਲਾ ਹੁੰਦੀ ਨਹੀਂ ।

ਬਿਸ਼ੰਬਰ ਅਵਾਂਖੀਆ, ਮੋ-9781825255

## ਕਵਿਤਾ

ਚੰਗਾ ਯਾਰਾ ਅਲਵਿਦਾ, ਰਹਿ ਤੂੰ ਆਬਾਦ ਸਦਾ
ਅਸੀਂ ਤੇਰੇ ਪਿਆਰ ਨੂੰ ਸਲਾਮ ਕਰ ਚਲੇ ਆ!!

ਯਾਦਾਂ ਦੀਆਂ ਬੰਨ ਪੰਡਾ, ਸੀਨੇ ਨਾਲ ਲਾ ਲਈਆਂ
ਬਾਕੀ ਸਾਰਾ ਕੁੱਝ ਯਾਰਾ, ਤੇਰੇ ਨਾਮ ਕਰ ਚਲੇ ਆ!!

ਪਿਆਰ ਬੜਾ ਕੀਤਾ, ਤੇ ਕਰਾਂਗੇ ਸਾਰੀ ਜਿੰਦਗੀ
ਸੋਚੀ ਨਾ ਕੇ ਇਸ਼ਕ ਨੂੰ, ਬਦਨਾਮ ਕਰ ਚਲੇ ਆ!!


ਹੀਰਿਆਂ ਦੇ ਵਾਂਗੂ, ਰੱਖਿਆ ਸੀ ਸਾਂਭ-ਸਾਂਭ ਤੈਨੂੰ
ਪਰ ਅੱਜ ਇਜ਼ਹਾਰ, ਸ਼ਰੇਆਮ ਕਰ ਚਲੇ ਆ!!

ਦੇ ਕੇ ਧਮਕੀ ਤੂੰ ਬੜਾ ਹੀ ਡਰਾਇਆ ਸਾਨੂੰ ਸੱਜਣਾ
ਤੇਰੇ ਸਾਰੇ ਈ ਇਰਾਦੇ ਅੱਜ, ਨਾਕਾਮ ਕਰ ਚਲੇ ਆ!!

ਸ਼ਿਕਵਾ ਨਹੀਂ ਕੋਈ ਯਾਰਾ, ਹੰਝੂਆਂ ਨਾਲ ਪਾ ਲਈ ਯਾਰੀ
ਹਾਸਿਆਂ ਨੂੰ ਤੇਰੇ ਲਈ ਤਮਾਮ ਕਰ ਚਲੇ ਆ !!

ਜਿੱਤ ਕੇ ਖਿਤਾਬ ਬੇਵਫਾਈ ਵਾਲਾ ਤੇਰੇ ਹੱਥੋਂ
ਹਾਰ ਕੇ ਵਫ਼ਾਵਾਂ ਨੂੰ ਬਦਨਾਮ ਕਰ ਚਲੇ ਆ!!

ਖਾਸ ਕਰ ਦਿੱਤਾ ਅੱਜ ਸਰਬ ਨੇ ਤੈਨੂੰ ਯਾਰਾ
ਅੱਜ ਤੇਰੇ ਲਈ ਖ਼ੁਦ ਨੂੰ ਹੀ ਆਮ ਕਰ ਚਲੇ ਆ !!



ਸਰਬਜੀਤ ਕੌਰ ਹਾਜੀਪੁਰ
ਸ਼ਾਹਕੋਟ

## ਕਵਿਤਾ

ਕਾਸਾ ਚੁੱਕ ਕੇ, ਤਸਬੀ ਫੜ੍ਹਕੇ ਕਿੰਨੇ ਜੰਗਲ ਗਾਹ ਦਿੱਤੇ ਨੇ
ਅੰਦਰ ਝਾਤੀ ਮਾਰ ਨਾ ਹੋਈ ਭਗਵੇਂ ਵਸਤਰ ਲਾਹ ਦਿੱਤੇ ਨੇ

ਦੱਸੋ ਉਸਨੂੰ ਲੱਭਾਂ ਕਿੱਥੇ, ਕਿੱਦਾਂ ਮੈਂ ਉਸਦੀ ਭਾਲ ਕਰਾਂ
ਮੈਂ ਤਾਂ ਸਾਰੇ ਮੰਦਿਰ ਮਸਜਿਦ ਗੁੱਸੇ ਦੇ ਵਿੱਚ ਢਾਹ ਦਿੱਤੇ ਨੇ

ਨਾ ਮੈਂ ਸੱਸੀ ਹੀਰ, ਨਾ ਸੋਹਣੀ,ਨਾ ਮੈਂ ਲੈਲਾ ਮਜਨੂੰ ਦੀ ਹਾਂ
ਐਪਰ ਤੇਰੇ ਨਾਵੇਂ ਕਰਤੇ ਜਿੰਨੇ ਉਸਨੇ ਸਾਹ ਦਿੱਤੇ ਨੇ

ਛੱਡੋ ਹੁਣ ਤਾਂ ਗੱਲ ਪੁਰਾਣੀ ,ਹੁਣ ਕੀ ਉਸਦੀ ਗੱਲ ਕਰਨੀ ਏਂ
ਮੈਂ ਤਾਂ ਸਾਰੇ ਸੁਪਨੇ ਸਪਨੇ ਇੱਕੋ ਰੱਸੇ ਫਾਹ ਦਿੱਤੇ ਨੇ

ਪੈਰਾਂ ਵਿਚ ਬੇੜੀ ਪਾ ਕੇ, ਚਲਣੇ ਦਾ ਫ਼ਰਮਾਨ ਸੁਣਾਇਆ
ਚੁੰਮ ਕੇ ਰੱਸਾ, ਮੈਂ ਮੁਨਸਿਫ਼ ਦੇ ਸਾਰੇ ਖਦਸ਼ੇ ਲਾਹ ਦਿੱਤੇ ਨੇ

ਅਪਣੀ ਨਾਕਾਮੀ ਦਾ ਸਿਹਰਾ ਮੜ੍ਹ ਨਾ ਰੱਬ ਦੇ ਮੱਥੇ 'ਤੇ ਤੂੰ
ਜਿਸਨੇ ਮੰਜ਼ਿਲ ਤੱਕ ਪਹੁੰਚਣ ਲਈ, ਤੈਨੂੰ ਕਿੰਨੇ ਰਾਹ ਦਿੱਤੇ ਨੇ

ਰਾਹ ਸੁਖਾਵਾਂ ਹੋ ਜਾਣਾ ਸੀ, ਤੇਰਾ ਮੇਰਾ, ਮੇਰਾ ਤੇਰਾ
ਕਿੰਨੇ ਹੀ ਇਹ ਦਰਦ ਅਵੱਲੇ ਤੂੰ ਤਾਂ ਖਾਹ-ਮ-ਖਾਹ ਦਿੱਤੇ ਨੇ



ਹਰਸਿਮਰਤ ਕੌਰ
9417172754

## ਭ੍ਰਿਸ਼ਟ ਜਾਂ ਇਮਾਨਦਾਰ

ਤਾਕਤਵਰ ਬੰਦਾ ਸ਼ਰੀਫਾਂ ਨੂੰ ਜਿਊਣ ਨਹੀਂ ਦਿੰਦਾ,
ਗੁੰਡਾਗਿਰੀ ਦਿਖਾ ਕੇ ਪਾਉਂਦਾ ਵੰਗਾਰ।
ਸਿਆਸੀ ਜ਼ੋਰ ਹੁੰਦਾ ਸੋਨੇ ਤੇ ਸੁਹਾਗਾ,
ਵਿਰੋਧੀਆਂ ਤੇ ਵਿਰੋਧੀ ਧਿਰ ਨੂੰ ਮਾਰੇ ਲਲਕਾਰ।

ਏਜੰਸੀਆਂ ਦੋ ਬਣਾ ਰੱਖੀਆਂ ਉਲਝਾਉਣ ਲਈ,
ਹੰਭ ਕੇ ਢੇਰੀ ਹੋ ਜਾਂਦਾ ਸ਼ਿਕਾਰ।
ਇਕ ਈ.ਡੀ. ਤੇ ਦੂਸਰੀ ਕੇਂਦਰੀ ਜਾਂਚ ਏਜੰਸੀ,
ਰਗੜੇ ਲਾ ਲਾ ਕਰਵਾਉਂਦੀਆਂ ਤੌਬਾ ਤੇ ਇਨਕਾਰ

ਵਗਦੀ ਗੰਗਾ 'ਚ ਇਸ਼ਨਾਨ ਕਰਨ ਵਾਲੇ ਚੰਨੀ ਵਰਗੇ ,
ਅਸਮਾਨੀ ਬਾਦਲਾਂ ਤੇ ਅਸਮਾਨੀ ਬਿਜਲੀ ਗਿਰ ਗਈ।
ਕੈਪਟਨ ਤਾਂ ਪਾਕਿਸਤਾਨੀ ਹੂਰ ਦੇ ਚੱਕਰਾਂ ਤੋਂ
ਬਾਅਦ ਬੀਜੇਪੀ ਵਿੱਚ ਵੜਿਆ, ਭੱਠਲ ਤਾਂ ਵਿਚਾਰੀ ਬਹੁਤੀਓ ਸ਼ਰੀਫ਼,
ਬੇਰੀ ਦੇ ਬੇਰ ਵਾਂਗੂ ਕਿਰ ਗਈ।

ਹੁਣ ਆ ਜਾਓ ਸਰਕਾਰਾਂ ਵੱਲ, ਪੰਜਾਬ ਤੇ ਦਿੱਲੀ ਚ ਆਆਪ,
ਹਰਿਆਣੇ ਚ ਬੀਜੀਪੀ,ਕੇਂਦਰ 'ਚ ਬੀਜੀਪੀ ਸਰਕਾਰ।
ਸਿੰਘੂ ਬਾਰਡਰ ਤੇ ਘੇਰ ਲਿਆ, ਪੰਜਾਬ ਦਾ ਆਪ ਕਾਫਲਾ,
ਕਈ ਮੰਤਰੀ ਵੀ ਫੱਟੜ ਕਰ ਤੇ, ਸੱਚ ਦਾ ਝੂਠ ਨਾਲ ਹੋ ਗਿਆ ਤਕਰਾਰ।

ਆਮ ਆਦਮੀ ਪਾਰਟੀ ਹੈ ਸੱਚੇ-ਸੁੱਚੇ ਲੋਕਾਂ ਦੀ ਪਾਰਟੀ,
ਕਿਸੇ ਕਿਸਮ ਦਾ ਵਿਤਕਰਾ ਨਹੀਂ ਹੁੰਦਾ, ਧਰਮ ਜਾਂ ਜਾਤਾਂ ਦੇ ਅਧਾਰ ਤੇ।
ਬੀਜੀਪੀ, ਬੀਬੀ ਬਣੀ ਫਿਰਦੀ , ਅੰਦਰਖਾਤੇ ਕਰਦੀ ਮਾਰ,
ਸਮਾਂ ਆਉਣ ਤੇ ਹੀ ਪਤਾ ਲੱਗੇਗਾ, ਕੌਣ ਭ੍ਰਿਸ਼ਟ ਕੌਣ ਇਮਾਨਦਾਰ।

ਅਮਰਜੀਤ ਸਿੰਘ ਤੂਰ
9878469639

## .ਗ਼ਜ਼ਲ

ਭਰੀ ਮਹਿਫ਼ਲ 'ਚ ਇਸ ਗੱਲ ਦੀ ਸ਼ਿਕਾਇਤ ਹੋ ਰਹੀ ਹੈ।
ਮੇਰੀ ਗੱਲਬਾਤ ਕਿਉਂ ਤੇਰੇ ਹੀ ਬਾਬਤ ਹੋ ਰਹੀ ਹੈ।

ਵਫ਼ਾ ਤੇਰੀ ਕਦੇ ਏਧਰ ਕਦੇ ਓਧਰ ਦਿਸੇ ਕਿਉਂ ?
ਇਵੇਂ ਲਗਦੈ ਜਿਵੇਂ ਕੋਈ ਤਿਜਾਰਤ ਹੋ ਰਹੀ ਹੈ।

ਮੁਹੱਬਤ ਸੌਹਾਂ ਖਾ ਖਾ ਕੇ ਨਹੀਂ ਨਿਭਦੀ ਕਦੇ ਵੀ,
ਮੁਹੱਬਤ ਵਿੱਚ ਕਿਉਂ ਐਸੀ ਹਮਾਕਤ ਹੋ ਰਹੀ ਹੈ।

ਅਸੀਂ ਖ਼ੁਸ਼ਬੂ ਦੇ ਆਸ਼ਿਕ ਹਾਂ ਨਹੀਂ ਫੁੱਲਾਂ ਦੇ ਲੋਭੀ,
ਮੇਰੇ ਮੌਲਾ ਤੇਰੀ ਸਚਮੁੱਚ ਇਨਾਇਤ ਹੋ ਰਹੀ ਹੈ।

ਗ਼ਨੀਮਤ ਹੈ ਨਜ਼ਰ ਤੇਰੀ 'ਚ ਵਸਦੇ ਹਾਂ ਅਸੀਂ ਹੀ,
ਤੇਰੀ ਰਹਿਮਤ ਦਾ ਸਦਕਾ ਹੈ ਕਿ ਰਹਿਮਤ ਹੋ ਰਹੀ ਹੈ।

ਤੇਰਾ ਵਾਸਾ ਹੈ ਪੱਥਰਾਂ ਵਿੱਚ ਵੀ ਦੇਖਾਂ ਜਿਧਰ ਵੀ,
ਇਸੇ ਕਰਕੇ ਹੀ ਦੁਨੀਆਂ ਖ਼ੂਬਸੂਰਤ ਹੋ ਰਹੀ ਹੈ।

ਮਨਾਂ ਬਰਸਾਤ ਦਾ ਮੌਸਮ ਸੁਹਾਨਾ ਕੀ ਕਰਾਂ ਮੈਂ,
ਮੇਰੀ ਕੱਖਾਂ ਦੀ ਕੁੱਲੀ ਤੇ ਕਿਆਮਤ ਹੋ ਰਹੀ ਹੈ।

ਸੁਣਾਵੇ ਚੁਟਕਲੇ ਕੋਈ ਜਾਂ ਬੋਲੇ ਝੂਠ ਮਿਥ ਕੇ,
ਪਤਾ ਹੈ ਸਾਰਿਆਂ ਨੂੰ ਕਿ ਸਿਆਸਤ ਹੋ ਰਹੀ ਹੈ।

ਬੜੇ 'ਮੱਖਣ' ਨੂੰ ਮੱਖਣ ਲਾ ਕੇ ਅਕਸਰ ਸੋਚਦੇ ਨੇ,
ਕਿ ਸਾਡੇ ਹੱਥ ਵਿਚ ਉਸਦੀ ਲਿਆਕਤ ਹੋ ਰਹੀ ।



ਮੱਖਣ ਸੇਖੂਵਾਸ
9815284587

## ਦਿਲ ਦੇ ਕਾਲੇ

ਭੀੜ ਪਈ ਤੋ ਕੋਈ ਨਾ ਖੜ੍ਹਦਾ,ਮਿੱਤਰ ਉਂਝ ਬਥੇਰੇ ਨੇ।
ਮੂੰਹ ਦੇ ਮਿੱਠੇ ਅੰਦਰੋ ਜ਼ਹਿਰੀ, ਬੜੇ ਦੋਗਲੇ ਚਿਹਰੇ ਨੇ।

ਗੈਰਾਂ ਕੋਲ ਜਾ ਭੰਡਦੇ ਰਹਿੰਦੇ, ਮੇਰੇ ਕੋਲ ਉਹ ਮੇਰੇ ਨੇ।
ਰੰਗ ਦੇ ਗੋਰੇ ਦਿਲ ਦੇ ਕਾਲੇ, ਜਿਉਂ ਦੀਵੇ ਹੇਠਾਂ ਨੇਰ੍ਹੇ ਨੇ।

ਪਿਆਰ ਮੁਹੱਬਤ ਨਾ ਮਾਤਰ ਹੈ,ਸਭ ਮਤਲਬ ਦੇ ਘੇਰੇ ਨੇ।
ਜਾਨ ਵੀ ਹਾਜ਼ਰ ਕਹਿੰਦੇ ਸੀ ਜੋ,ਦੁੱਖ ਵੇਲੇ ਮੂੰਹ ਫੇਰੇ ਨੇ।

ਮਾਰ ਉਡਾਰੀ ਉੱਡਦੇ ਦੇਖੇ, ਫ਼ਸਲੀ ਬਹੁਤ ਬਟੇਰੇ ਨੇ।
ਸਭ ਕੁਝ ਦੇਖ਼ ਦੇਖ਼ ਕੇ ਜਰਦੇ, ਸਾਡੇ ਵੀ ਤਾਂ ਜੇਰੇ ਨੇ।

ਕਦੋ ਮੁੱਕੇਗੀ ਰਾਤ ਗ਼ਮਾਂ ਦੀ, ਹੋਣੇ ਸੁਰਖ਼ ਸਵੇਰੇ ਨੇ।
ਰਹਿਮਤ ਕਰੀ ਖ਼ੁਦਾ 'ਸੁੱਖ' ਉੱਤੇ, ਲਾਏ ਤੇਰੇ ਦਰ ਡੇਰੇ ਨੇ।



ਸੁਖਚੈਨ ਸਿੰਘ ਚੰਦ ਨਵਾਂ

## ਆਓ ਦੇਈਏ ਹੌਸਲਾ ਨਵੇਂ ਕਵੀਆਂ ਨੂੰ

ਵਿੱਚ ਮਹਿਫ਼ਲ ਦੇ ਕਿਸੇ ਕਵੀ ਨੂੰ ਭੰਡਣਾ ਨਹੀਂ ਚੰਗਾ।
ਖੁਲ੍ਹ ਕੇ ਬੋਲੋ ਸਟੇਜ ਦੇ ਉੱਤੋਂ ਸੰਗਣਾ ਨਹੀਂ ਚੰਗਾ।
ਕਈ ਮਜਬੂਰ ਹੁੰਦੇ ਨੇ ਮਿੱਤਰ ਜੜਾਂ ਨੂੰ ਵੱਢਦੇ ਰਹਿੰਦੇ ਆ।
ਗੱਲੀਂ ਬਾਤੀਂ ਖ਼ੁੰਦਕਾਂ ਜਿਹੀਆਂ ਕੱਢਦੇ ਰਹਿੰਦੇ ਆ।

ਨੁਕਤਾਚੀਨੀ ਕਰਨ ਨੂੰ ਜਿਹੜਾ ਮਾਣ ਮਹਿਸੂਸ ਕਰੇ।
ਇਸੇ ਗੱਲੋਂ ਮਹਿਫ਼ਲ ਚੋਂ ਸਨਮਾਨ ਮਹਿਸੂਸ ਕਰੇ।।
ਕਹਿਣ ਸਿਆਣੇ ਬਿਨਾਂ ਖੰਘ ਤੋਂ ਖੰਘਣਾ ਨਹੀਂ ਚੰਗਾ...
ਮਹਿਫ਼ਲ ਦੇ ਵਿੱਚ ਕਿਸੇ ਕਵੀ...

ਜੀਹਦੇ ਕੋਲ ਜਿੰਨਾ ਗੀਆਨ ਓਹ ਓਨਾਂ ਈ ਵਰਤੂਗਾ।
ਦੂਜੇ ਦਾ ਦਿਮਾਗ ਭਲਾਂ ਦੱਸੋ ਓਹ ਕਿਦਾਂ ਵਰਤੂਗਾ ?
ਬਿਨਾਂ ਮੰਗੇ ਤੋਂ ਮੱਤ ਨੂੰ ਐਵੇਂ ਵੰਡਣਾ ਨਹੀਂ ਚੰਗਾ...
ਮਹਿਫ਼ਲ ਦੇ ਵਿੱਚ ਕਿਸੇ ਕਵੀ...

ਖੁਲ੍ਹੀ ਕਵਿਤਾ ਕਾਵਿ ਵਿਅੰਗ ਗ਼ਜ਼ਲ ਜੋ ਲਿਖਣਾ ਸਮਝਾਉਂਦਾ ਹੈ।
ਮੇਰਾ ਖਿਆਲ ਤਾਂ ਆਪਣਾ ਐਵੇਂ ਮਗ਼ਜ਼ ਖਪਾਉਂਦਾ ਹੈ।।
ਅਣਜਾਣ ਨੂੰ ਛੱਜ ਚ ਪਾਕੇ ਕਦੇ ਵੀ ਛੰਡਣਾ ਨਹੀਂ ਚੰਗਾ...
ਮਹਿਫ਼ਲ ਦੇ ਵਿੱਚ ਕਿਸੇ ਕਵੀ ਨੂੰ...

ਜਿਹੋ ਜਿਹਾ ਵੀ ਕੋਈ ਲਿਖਦੈ ਕਰਦੇ ਰਹੀਏ ਕਬੂਲ ਓਹਨੂੰ।
ਨਾ ਲਿਖਤਾਂ ਦੇ ਸਮਝਾਈਏ ਜ਼ਿਆਦਾ ਕੋਈ ਅਸੂਲ ਓਹਨੂੰ।
ਓਹਦੀ ਲਿਖਤ ਨੂੰ ਆਪਣੀ ਗੱਲ 'ਚ ਰੰਗਣਾ ਨਹੀਂ ਚੰਗਾ...
ਮਹਿਫ਼ਲ ਦੇ ਵਿੱਚ ਕਿਸੇ ਕਵੀ ਨੂੰ...

ਕਈ ਸੁਣ ? ਕੇ ਹੈ ਸਿਖਦੇ ਪਾਰਸ ਬਣਦੇ ਵੇਖੇ ਮੈਂ।
ਦੱਦਾਹੂਰੀਆ ਕੱਦ ਅਨੁਸਾਰ ਸਮਾਗਮ ਦੇ ਵਿੱਚ ਸਜਦੇ ਵੇਖੇ ਮੈਂ।
ਪਿਆਰ ਨਾਲ ਕੰਮ ਬਣਦੇ ਗਲਤ ਤਾਂ ਸੰਢਹਣਾ ਨਹੀਂ ਚੰਗਾ...
ਮਹਿਫ਼ਲ ਦੇ ਵਿੱਚ ਕਿਸੇ ਕਵੀ ਨੂੰ...

ਜਸਵੀਰ ਸ਼ਰਮਾ ਦੱਦਾਹੂਰ
95691-49556

## ਇਸ਼ਕ ਦੀ ਅਲਖ

ਕਿੱਥੇ ਕਿੱਥੇ ਜਾ ਆਉਨਾ ਏ
ਸਾਰੇ ਰਾਹ ਤੂੰ ਗਾਹ ਆਉਨਾ ਏ

ਮੰਦਿਰ ਵੀ ਤੇ ਮਸਜਿਦ ਵਿੱਚ ਵੀ
ਸਭ ਨੂੰ ਅਰਜ਼ੀ ਪਾ ਆਉਨਾ ਏ

ਤੇਰੀ ਨੇ ਜੋ ਹਾਮੀ ਭਰਦੇ
ਸਭ ਨੂੰ ਖ਼ੁਸ਼ੀ ਲਾ ਆਉਨਾ ਏ

ਕਾਫ਼ਰ ਹੈ ਤੂੰ ਸਭ ਕਹਿੰਦੇ ਨੇ
ਪਰ ਅੱਲਾਹ ਦੇ ਰਾਹ ਪਾਉਨਾ ਏ

ਦਿਲ ਦੀਆਂ ਰਮਜ਼ਾਂ ਕੀ ਤੂੰ ਜਾਣੇ
ਤੂੰ ਤਾਂ ਸਿੱਧੇ ਰਾਹ ਆਉਨਾ ਏ

ਸਿੱਧੇ ਬੋਲ ਤੇ ਗਹਿਰੀਆਂ ਗੱਲਾਂ
ਸਭ ਨੂੰ ਰਾਹੇ ਪਾ ਆਉਨਾ ਏ



ਵੰਗਾਂ ਦਾ ਵਣਜ਼ਾਰਾ ਬਣ ਕੇ
ਇਸ਼ਕ ਦੀ ਅਲਖ ਜਗ੍ਹਾ ਆਉਨਾ ਏ

ਹਰਪ੍ਰੀਤ ਕੌਰ ਸੰਧੂ

## ਬਲਦਾ ਰੁੱਖ

ਬਲਦਾ ਰੁੱਖ ਦੁਖੜਾ ਸੁਣਾਉਣ ਲੱਗਾ
ਧਾਹਾਂ ਮਾਰ ਵਾਸਤਾ ਪਾਉਣ ਲੱਗਾ

ਓਏ! ਉੱਠ ਕੋਈ ਤਾਂ ਖ਼ਿਆਲ ਕਰ
ਮੇਰੇ ਧੀਆਂ ਪੁੱਤਰਾਂ ਦਾ ਵੀ ਧਿਆਨ ਕਰ

ਕਿਉਂ ਆਪਣੇ ਲਾਲਚ ਦਾ ਕੁਹਾੜਾ ਚਲਾਉਣ ਲੱਗਾਂ
ਸਾਡੇ ਵਸਦੇ ਗਰਾਂ ਨੂੰ ਕਬਰੀਸਤਾਨ ਬਣਾਉਣ ਲੱਗਾਂ

ਤਿਣਕਾ ਤਿਣਕਾ ਜੋੜ ਘਰ ਜੋ ਬਣਾਏ
ਕਿਉਂ ਵਾਂਗ ਸੁੱਕੇ ਪੱਤਿਆਂ ਉਡਾਉਣ ਲੱਗਾਂ

ਮੇਰੇ ਤੋਂ ਹੀ ਲੈ ਕੇ ਸਾਹ ਉਧਾਰੇ
ਅੱਜ ਮੈਨੂੰ ਹੀ ਬਲੀ ਚੜ੍ਹਾਉਣ ਲੱਗਾਂ

ਖਾ ਕੇ ਸਾਡੀਆਂ ਹੀ ਜੜ੍ਹਾਂ ਤੂੰ
ਸਾਡੇ ਤੇ ਹੀ ਤਾਕਤ ਅਜ਼ਮਾਉਣ ਲੱਗਾਂ

ਉੱਡਾ ਕੇ ਮੇਰੇ ਬੋਟਾ ਦੀਆਂ ਨੀਂਦਾਂ ਤੂੰ
ਆਪ ਨਿਵਾਰੀ ਪਲੰਘ ਸੌਣ ਲੱਗਾਂ

ਪਾਈਆਂ ਮਹਿੰਗੀਆ ਪੁਸ਼ਾਕਾਂ ਵੀ ਸਾਡੀਆਂ
ਫਿਰ ਕਿਸ ਗੱਲ ਦਾ ਰੋਅਬ ਜਮਾਉਣ ਲੱਗਾਂ

ਨਿੱਤ ਠੰਢੀਆਂ ਹਵਾਵਾਂ ਦੇ ਬੁੱਲੇ ਜੋ ਤੂੰ ਮਾਣੇ
ਮੈਂ ਤੇਰੇ ਲਈ ਘੇਰ ਪੌਣਾਂ ਲਿਆਉਣ ਲੱਗਾ

ਭਿਆਨਕ ਬਿਮਾਰੀਆਂ ਤੋਂ ਬਚਣ ਲਈ
ਸਾਡਾ ਹੀ ਖ਼ੂਨ ਚੂਸ ਅਰਕ ਬਣਾਉਣ ਲੱਗਾਂ



ਅਸੀਂ ਤਾਂ ਤੇਰੇ ਲਈ ਪੈਦਾ ਹੋਏ ਹਾਂ
'ਪ੍ਰੀਤ' ਫੇਰ ਤੂੰ ਕਿਉਂ ਅਕ੍ਰਿਤਘਣ
ਅਖਵਾਉਣ ਲੱਗਾਂ

ਪ੍ਰੀਤ ਪ੍ਰਿਤਪਾਲ

## ਖੱਟੀਆਂ ਮਿੱਠੀਆਂ ਯਾਦਾਂ...

ਜ਼ਿੰਦਗੀ ਦਾ ਇਹ ਤਜ਼ਰਬਾ
ਵੱਖੋ ਵੱਖਰੇ ਫੁੱਲਾਂ ਦੇ ਵਰਗਾ।
ਕਦੇ ਕਲੀਆਂ ਹਾਰ ਬਣਾਇਆ,
ਕਦੇ ਦਰਦ-ਏ-ਦਿਲ ਸੁਣਾਇਆ।
ਕਦੇ ਰੌਣਕ ਮੇਲੇ ਵੀ ਮਾਣੇ,
ਕਦੇ ਰੱਬ ਦੇ ਮੰਨੇ ਸੀ ਭਾਣੇ।
ਕਦੇ ਤੁਰੇ ਸਾਂ ਲੰਮੀਆਂ ਵਾਟਾਂ,
ਕਦੇ ਸੋਹਣੀ ਟੌਹਰ ਤੇ ਠਾਟਾਂ।
ਕਦੇ ਤੇਜ਼ ਵਗੀਆਂ ਹਵਾਵਾਂ,
ਕਦੇ ਮਿਲੀਆਂ ਠੰਡੀਆਂ ਛਾਂਵਾਂ।
ਕਦੇ ਉੱਚੇ ਚੜ੍ਹ ਗਏ ਪੌੜੀ,
ਕਦੇ ਖ਼ਾਲੀ ਚੁੱਲ੍ਹੇ ਤੌੜੀ।
ਕਦੇ ਹਿਰਖ਼ ਆ ਗਿਆ ਯਾਰਾਂ,
ਕਦੇ ਯਾਰਾਂ ਨਾਲ ਬਹਾਰਾਂ।
ਕਦੇ ਸੂਹੇ ਰੰਗ ਰੰਗਾਏ,
ਕਦੇ ਫਿੱਕੇ ਵੀ ਹੰਢਾਏ।
ਕਦੇ ਛਿੱਡੀਂ ਪਈਆਂ ਪੀੜਾਂ,
ਕਦੇ 'ਕੱਲੇ ਵਿੱਚ ਅਸੀਂ ਭੀੜਾਂ।
ਕਦੇ ਨਖ਼ਰੇ ਜਾਣ ਨਾ ਝੱਲੇ,
ਕਦੇ ਜ਼ਖ਼ਮ ਹੋ ਗਏ ਅੱਲੇ।
ਇਹ ਜ਼ਿੰਦਗੀ 'ਮਨਜੀਤ' ਜਾਣੇ,
ਜੀਹਨੇ ਰੰਗ ਇਹ ਸਾਰੇ ਮਾਣੇ।
ਇਹ ਖਟੀਆਂ ਮਿੱਠੀਆਂ ਯਾਦਾਂ,
ਓਸ ਸੱਚੇ ਅੱਗੇ ਕਰਾਂ ਫ਼ਰਿਆਦਾਂ



ਮਨਜੀਤ ਕੌਰ ਧੀਮਾਨ,
ਸੰ:9464633059

## ਚਿੜੀ

ਚਿੜੀ ਬੈਠ ਕੇ ਬਨੇਰੇ ਮੈਨੂੰ ਨਿੱਤ ਪੁੱਛਦੀ
ਕਿਉਂ ਦੋਨਾਂ ਉੱਤੇ ਇੱਕੋ ਜਿਹੀ ਗੱਲ ਢੁੱਕਦੀ
ਤੂੰ ਵੀ ਚੰਚਲ ਸੁਭਾਅ, ਟੇਕ ਮੈਨੂੰ ਵੀ ਨਾ
ਤੇਰੇ ਰਿਸ਼ਤੇ ਦੀ ਡੋਰ ਕਦੇ ਢਿੱਲੀ ਪਵੇ ਨਾ
ਕੋਈ ਗੱਲ ਤੂੰ ਸੁਣਾ ਭੈਣੇ ਸੁੱਖ ਦੀ
ਚਿੜੀ ਬੈਠ ਕੇ ਬਨੇਰੇ ਮੈਨੂੰ ਨਿੱਤ ਪੁੱਛਦੀ
ਕਿਉਂ ਦੋਨਾਂ ਉੱਤੇ ਇੱਕੋ ਜਿਹੀ ਗੱਲ ਢੁੱਕਦੀ...
ਘਰ ਦੇ ਧੰਦਿਆਂ 'ਚ ਗੋਲੀ ਬਣੀ ਰਹਿਨੀ ਐਂ
ਜੇ ਤੂੰ ਨੌਕਰੀਆਂ ਕਰੇਂ, ਕਹਿੰਦੇ ਪੱਤੇ -ਪੱਤੇ ਰਹੇਂ ,
ਮੈਂ ਵੀ ਉੱਡੂ -ਉੱਡੂ ਰਹਾਂ ਸ਼ਾਖ਼ ਰੁੱਖ ਦੀ
ਚਿੜੀ ਬੈਠ ਕੇ ਬਨੇਰੇ ਮੈਨੂੰ ਨਿੱਤ ਪੁੱਛਦੀ
ਕਿਉਂ ਦੋਨਾਂ ਉੱਤੇ ਇੱਕੋ ਜਿਹੀ ਗੱਲ ਢੁੱਕਦੀ...
ਜੱਗ ਕੀਤੀ ਠੰਡੀ ਵਾਰ ,
ਦਿੰਦੇ ਕੁੱਖ ਵਿੱਚ ਮਾਰ,
ਗੱਲ ਹੈ ਘਿਨਾਉਣੀ ਬੜੀ ਦੁੱਖ ਦੀ
ਲੰਬੀ ਉਮਰ ਦੀ ਤੇਰੀ ਸਦਾ ਸੁੱਖ ਸੁੱਖਦੀ
ਤੇਰੀ ਚਿੜੀ ਜਾਵੇ ਭੈਣੇ ਦਿਨੋ -ਦਿਨ ਮੁੱਕਦੀ
ਚਿੜੀ ਬੈਠ ਕੇ ਬਨੇਰੇ ਮੈਨੂੰ ਨਿੱਤ ਪੁੱਛਦੀ
ਕਿਉਂ ਦੋਨਾਂ ਉੱਤੇ ਇੱਕੋ ਜਿਹੀ ਗੱਲ ਢੁੱਕਦੀ...
ਤੂੰ ਤਾਂ ਮਮਤਾ ਦੀ ਮੂਰਤ ਤੇ ਗਿੱਧਿਆਂ ਦੀ ਰਾਣੀ ਐਂ
ਵਿਹੜਿਆਂ ਦੀ ਰੌਣਕ ਤੇ ਘਰ ਦੀ ਸੁਆਣੀ ਐਂ
ਤੇਰੀ ਤ੍ਰਿੰਞਣਾ ਦਾ ਰੌਲਾ
ਕਹਿੰਦੇ ਚਿੜੀਆਂ ਦੀ ਚੀਂ-ਚੀਂ ਨਾ ਮੁੱਕਦੀ
ਚਿੜੀ ਬੈਠ ਕੇ ਬਨੇਰੇ ਮੈਨੂੰ ਨਿੱਤ ਪੁੱਛਦੀ
ਕਿਉਂ ਦੋਨਾਂ ਉੱਤੇ ਇੱਕੋ ਜਿਹੀ ਗੱਲ ਢੁੱਕਦੀ...
ਕੁੜੀਆਂ ਤੇ ਚਿੜੀਆਂ ਨੂੰ, ਰੱਬ ਉੱਤੇ ਮਾਣ
ਭੈੜੀ ਨੀਤੀ ਤੇ ਦਰਿੰਦਿਆਂ
ਰੁੱਖ, ਕੁੱਖ ਕੀਤੇ ਘਾਣ,
ਭੈੜੀ ਗੱਲ ਆਈ ਸਾਹਮਣੇ ਮਨੁੱਖ ਦੀ
ਚਿੜੀ ਬੈਠ ਕੇ ਬਨੇਰੇ ਮੈਨੂੰ ਨਿੱਤ ਪੁੱਛਦੀ
ਕਿਉਂ ਦੋਨਾਂ ਉੱਤੇ ਇੱਕੋ ਜਿਹੀ ਗੱਲ ਢੁੱਕਦੀ...

-ਨਿਰਲੇਪ ਕੌਰ ਸੇਖੋਂ

## ਬੰਦਿਆ

ਮੈਂ ਆਪਣੀ ਨੂੰ ਮਾਰ ਓਏ ਬੰਦਿਆ,
ਹੋ ਜਾਣਾ ਬੇੜਾ ਪਾਰ ਓਏ ਬੰਦਿਆ।

ਹਮੇਸ਼ ਨਾ ਠਹਿਰਿਆ ਏਥੇ ਕੋਈ,
ਜ਼ਿੰਦ ਪਰਾਉਣੀ ਦਿਨ ਚਾਰ ਓਏ ਬੰਦਿਆ।

ਵਰਤਮਾਨ ਦਾ ਅਨੰਦ ਮਾਣ ਲੈ ਤੂੰ,
ਭੂਤ ਕਾਲ ਨੂੰ ਮਨੋਂ ਵਿਸਾਰ ਓਏ ਬੰਦਿਆ।

ਉਸ ਕਾਦਰ ਦੀ ਕਰ ਤੂੰ ਮਹਿਮਾ,
ਹੋ ਜਾਣਾ ਤੇਰਾ ਉਦਾਰ ਓਏ ਬੰਦਿਆ।

ਉਚ-ਨੀਚ ਵੱਡਾ-ਛੋਟਾ ਨਹੀਂ ਹੈ ਕੋਈ,
ਕੱਢ ਦੇ ਮਨ 'ਚੋਂ ਭਾਰ ਓਏ ਬੰਦਿਆ।

ਧਰਮਾਂ ਜਾਤਾਂ ਦੇ ਕੱਟ ਦੇ ਸੰਗਲ,
ਸਭ ਹੈਨ ਇਕੋ ਸਾਰ ਓਏ ਬੰਦਿਆ।

ਖ਼ੁਸ਼ੀਆਂ ਨੇ ਫੇਰ ਦੇਣੀ ਹੈ ਦਸਤਕ,
ਕਰ ਭਲੀ ਕਰਤਾਰ ਓਏ ਬੰਦਿਆ।

ਪੇੜ-ਪੌਦੇ ਪਸ਼ੂ-ਪੰਛੀ ਰੰਗ ਕੁਦਰਤ ਦੇ,
ਬਰਾਬਰ ਦੇ ਹੱਕਦਾਰ ਓਏ ਬੰਦਿਆ।

ਇਕੋ ਕਾਦਰ ਨੇ ਸਭ ਘੜੇ ਹੈਨ ਭਾਂਡੇ,
ਸਭ ਦਾ ਕਰ ਸਤਿਕਾਰ ਓਏ ਬੰਦਿਆ।

'ਅਟਵਾਲ' ਜੇ ਵੇਲਾ ਹੱਥੋਂ ਖੁੰਝ ਗਿਆ,
ਫੇਰ ਹੋਣਾ ਪਊ ਸ਼ਰਮਸਾਰ ਓਏ ਬੰਦਿਆ।

ਕਰਨੈਲ ਅਟਵਾਲ
75082 75052

## ਅਹਿਸਾਸਾਂ ਦੀ ਸਰਗਮ

ਛੇੜ ਕੇ ਆਏ ਹਾਂ ਹੁਣੇ ਸਿਵਾ ਕਿਸੀ ਦਾ,
ਜਲ਼ ਰਿਹਾ ਸੀ ਪੁੱਤ,ਧੀ ਜਾਂ ਕੋਈ ਖ਼ਾਬ।

ਉੱਡਣਾ ਚਾਹੁੰਦੇ ਸੀ ਖੁੱਲ੍ਹੇ ਅਕਾਸ਼ ਵਿੱਚ,
ਪਰ ਸਮੇਂ ਦੇ ਗੇੜ ਨੇ ਲਏ ਢਾਹ ਜਨਾਬ।

ਸਿੱਖਿਆ ਦੇਣੋਂ ਸਰਕਾਰ ਪੱਲਾ ਝਾੜਦੀ,
ਮਹਿੰਗੀਆਂ ਨੇ ਹੱਟੀਆਂ ਸਣੇ ਅਸਬਾਬ।

ਬਿਨ ਰੁਜ਼ਗਾਰ ਕਿੱਦਾਂ ਕਰੇ ਸੁਫ਼ਨੇ ਸੱਚ,
ਐਸੀ ਸੋਚ ਨੂੰ ਹਾਕਮ ਸਮਝਦਾ ਖ਼ਰਾਬ।

ਥਾਂ 2 ਬਾਬਿਆਂ ਬੀਜੀ ਪਨੀਰੀ ਵੋਟ ਦੀ,
ਪਾਣੀ ਦੀ ਥਾਂ ਭੰਗ-ਪੋਸਤ ਵੰਡਦੇ ਸ਼ਰਾਬ।

ਰਹਿੰਦੀ ਕਸਰ ਪੂਰੀ ਕੀਤੀ ਚਿੱਟੇ ਚੰਦਰੇ,
ਹਾਕਮਾਂ ਦੀ ਸ਼ਹਿ ਨੇ ਕੀਤੀ ਜੂਨ ਖ਼ਰਾਬ।

ਸੋਚ-ਸ਼ਕਤੀ ਖ਼ਤਮ ਦਿਮਾਗ ਕੀਤਾ ਸਾਫ਼,
ਧਰਮਾਂ ਦੀ ਪਾਣ ਉੱਤੇ ਚਾੜ੍ਹੀ ਬੇ-ਹਿਸਾਬ।

ਕਰਜ਼ੇ ਦੇ ਬੋਝ ਥੱਲੇ ਦੱਬੀ ਰਹੀ ਜੋ ਸਦਾ,
ਕਿਰਤੀਆਂ ਦੀ ਮੰਦਹਾਲੀ ਖਾਨਾ-ਖ਼ਰਾਬ।

ਸਿਆਸਤ ਨੇ ਸ਼ਤਰੰਜ ਵਿਛਾਈ ਹੈ ਇੰਝ,
ਸਵਾਲ ਲੋਕਾਂ ਲਈ ਹੈ ਉਂਝ ਕੋਰਾ ਜਵਾਬ।

ਵੰਡੀਆਂ ਸੀ ਧਰਤੀਆਂ ਨਾਲ਼ੇ ਵੰਡੇ ਲੋਕ,
ਪਰ 'ਨੂਰਪੁਰੀ' ਖ਼ਜ਼ਾਨਾ ਵੰਡਦਾ ਨਵਾਬ।



ਸੇਵਾ ਸਿੰਘ "ਨੂਰਪੁਰੀ"

## ਰੂਹਾਨੀ ਰੰਗ

ਸੂਹਾ ਰੰਗ ਮੁਹੱਬਤ ਵਾਲਾ,
ਧੁਰ ਅਸਮਾਨੋਂ ਆਇਆ ਨੀ ਮਾਂ।

ਅਰਸ਼ੀ ਮਾਹੀਏ ਗਲ ਨੂੰ ਲਾਇਆ,
ਅੰਗ ਅੰਗ ਸੀ ਸ਼ਰਮਾਇਆ ਨੀ ਮਾਂ।

ਤਨ ਮਨ ਮੇਰਾ ਰੰਗਿਆ ਉਸ ਨੇ,
ਬਾਗ਼ ਗੁਲਾਬ ਦਾ ਲਾਇਆ ਨੀ ਮਾਂ।

ਐਸਾ ਮਨ ਵਜਦ ਵਿੱਚ ਆਇਆ,
ਮੁੱਕਿਆ ਭਰਮ ਦਾ ਸਾਇਆ ਨੀ ਮਾਂ।

ਮੈਂ ਵੀ ਨੱਚਾਂ ਉਹ ਵੀ ਨੱਚੇ,
ਕੁੱਲ ਆਲਮ ਤਰਿਹਾਇਆ ਨੀ ਮਾਂ।

ਆਪ ਮੁਹਾਰੀ ਖਿੜ ਖਿੜ ਹੱਸਾਂ,
ਹੋਇਆ ਰੂਪ ਸਵਾਇਆ ਨੀ ਮਾਂ।

ਨੈਣੀਂ ਮੇਰੇ ਤਾਰੇ ਚਮਕਣ,
ਮੱਥੇ ਚੰਨ ਸੁਹਾਇਆ ਨੀ ਮਾਂ।

ਚਾਨਣ ਚਾਨਣ ਰਾਹਾਂ ਹੋਈਆਂ,
ਸੂਰਜ ਉੱਤਰ ਆਇਆ ਨੀ ਮਾਂ।



'ਅੰਜੂ' ਕਿਤੇ ਨਾ ਲੱਭੇ ਨੀ ਬੱਸ,
ਲੱਭੇ ਉਸਦਾ ਸਾਇਆ ਨੀ ਮਾਂ।

ਅੰਜੂ ਸਾਨਿਆਲ

## ਗੁੰਝਲ

ਖ਼ੌਰੇ ਕਦ ਸੁਲਝਣੇ ਹਾਲਾਤਾਂ ਦੇ ਗੁੰਝਲ।
ਬਣ ਕੇ ਵਿਗੜੀਆਂ ਗੱਲਬਾਤਾਂ ਦੇ ਗੁੰਝਲ।

ਨਾ ਬੋਲਾਂ ਤੇ ਨਾ ਹੀ ਮੈਂ ਚੁੱਪ ਰਹਿ ਹਾਂ ਪਾਉਂਦਾ
ਕੁੱਝ ਐਸੇ ਨੇ ਚੰਦਰੇ ਖ਼ਿਆਲਾਤਾਂ ਦੇ ਗੁੰਝਲ।

ਹੱਥੀਂ ਹੱਥਕੜੀ ਏ ਨਾ ਪੈਰਾਂ ਚ ਬੇੜੀ
ਤਾਂ ਵੀ ਮਨ ਨੂੰ ਜਾਪਣ ਹਵਾਲਾਤਾਂ ਦੇ ਗੁੰਝਲ।

ਜਦੋਂ ਰੱਬ ਇੱਕ ਹੈ ਤੇ ਹਰ ਇਕ ਚ ਵੱਸਦਾ
ਫ਼ਿਰ ਪਾਏ ਕਿਉਂ ਧਰਮਾਂ ਤੇ ਜਾਤਾਂ ਦੇ ਗੁੰਝਲ।

ਇਹ ਹਾਕਮ,ਵਿਰੋਧੀ ਵਿੱਚੋਂ ਸਾਰੇ ਇੱਕ ਨੇ
ਲੋਕਾਂ ਸਾਹਵੇਂ ਰੱਖਦੇ ਜਮਾਤਾਂ ਦੇ ਗੁੰਝਲ।

ਅਜਬ ਸ਼ੌਕ ਅੱਜਕੱਲ ਹੈ ਚੜ੍ਹਿਆ ਅਮਿਤ ਨੂੰ
ਬਸ ਉਣਦਾ ਹੈ ਰਹਿੰਦਾ ਸਵਾਲਾਤਾਂ ਦੇ ਗੁੰਝਲ।

ਅਮਿਤ ਕਾਦੀਆਂ
7589155535

## ਕਿਤੋਂ ਭਰ ਉਡਾਰੀ

ਕਿਤੋਂ ਭਰ ਉਡਾਰੀ
ਵਾਪਸ ਪਰਤ ਆ
ਵਤਨਾਂ ਨੂੰ
ਇੰਦਾਂ
ਤੜਪਦੇ ਨਹੀਂ ਛੱਡੀ ਦਾ
ਆਪਣਿਆਂ ਨੂੰ
ਬੇਗਾਨੀਆਂ ਜੂਹਾਂ 'ਚ
ਤੜਪਦੀਆਂ ਰੂਹਾਂ ਨੂੰ
ਕੌਣ ਦੇਵੇਗਾ ਸਕੂਨ
ਜਦੋਂ ਖੌਲ ਉਠਦਾ ਹੈ ਖ਼ੂਨ
ਵੇਖ ਮਧੋਲੇ ਗਏ ਸਪਨਿਆਂ ਨੂੰ
ਤਿੜਕ ਜਾਂਦੇ ਨੇ
ਸ਼ੋਹਰਤਾਂ ਦੀ ਤ੍ਰਿਸ਼ਨਾ 'ਚੋਂ
ਉਸਾਰੇ ਮਹਿਲਾਂ ਦੇ ਬੁਰਜ
ਹੋ ਜਾਂਦਾ ਹੈ
ਬੜਾ ਕੁੱਝ ਖੁਰਦ ਬੁਰਦ
ਜਦੋਂ
ਪੈੜਾਂ ਹੇਠਲੀ ਜ਼ਮੀਨ
ਗਵਾਚੇ ਪਲਾਂ ਦੀ ਪੀੜ
ਜਿਉਂਦੇ ਹੋਣ ਦਾ
ਅਹਿਸਾਸ ਕਰਾਉਂਦੀ ਹੈ
ਸੁੰਨ ਹੋ ਚੁੱਕੀਆਂ ਰੂਹਾਂ
ਵੀਰਾਨ ਜਿਹੇ
ਹਾੜ ਬੋਲਦੇ
ਖ਼ਾਲੀ ਖੂਹਾਂ 'ਚ
ਅਜਬ ਤੂਫਾਨ ਲਿਆਉਂਦੀ ਹੈ
ਕਦੇ ਤਾਂ
ਤੇਰੇ ਨਾਲ
ਇੰਦਾਂ ਹੋਇਆ ਹੀ ਹੋਵੇਗਾ
ਚੁੱਪ ਚੁਪੀਤੇ
ਭਰੇ ਪੀਤੇ ਅੰਦਰ ਨੂੰ
ਆਪ ਮੁਹਾਰੇ ਹੰਝੂਆਂ ਨੇ
ਗੁੰਮਨਾਮੀ
ਵਾਂਗ ਸੁਨਾਮੀ
ਆਣ ਧੋਇਆ ਹੋਏਗਾ
ਬੜਾ ਕੁੱਝ ਲਕੋਇਆ ਹੋਵੇਗਾ ਤੂੰ
ਚਿਹਰੇ 'ਤੇ ਚਿਹਰਾ ਪਾ
ਢਕ ਲਿਆ ਹੋਏਗਾ
ਆਪਣਾ ਮੂੰਹ
ਤੇਰੇ ਲਬਾਂ ਤੇ ਚੜ੍ਹੀ ਮੁਸਕਾਨ
ਕਰਦੀ ਹੋਵੇਗੀ
ਤੈਨੂੰ ਵੀ ਪ੍ਰੇਸ਼ਾਨ
ਤੂੰ ਕਦੇ ਸੋਚਿਆ
ਵੀ ਨਹੀਂ ਹੋਣਾ
ਕਿ ਇੰਦਾਂ ਵੀ ਹੋਏਗਾ
ਆਪਣੇ ਮਨ ਦੇ ਸਕੂਨ ਲਈ
ਰਗਾਂ 'ਚ ਵਗਦੇ
ਮੋਹ ਰੱਤੇ ਖ਼ੂਨ ਲਈ
ਤੂੰ ਪਰਤ ਆ
ਵਤਨਾਂ ਨੂੰ
ਜਿਥੇ ਤੇਰੀਆਂ ਪੈੜਾਂ ਦੇ ਨਿਸ਼ਾਨ
ਤੇਰੀ ਮਹਿਕ ਸੰਭਾਲੀ ਬੈਠੇ ਨੇ
ਤੂੰ ਵੇਖ ਤਾਂ ਸਹੀ
ਤੇਰੇ ਲਈ
ਕੋਈ ਕਦੋਂ ਦਾ
ਖੜ੍ਹਾ ਹੈ ਪੱਬਾਂ ਭਾਰ
ਨਹੀਂ ਸਕਿਆ ਵਿਸਾਰ
ਉਹ ਤੈਨੂੰ
ਇੱਕ ਵਾਰੀ
ਭਰ ਉਡਾਰੀ
ਵਾਪਸ ਪਰਤ ਆ
ਮੁੱਦਤਾਂ ਬੀਤ ਗਈਆਂ
ਇੰਦਾਂ ਨਹੀਂ ਕਰੀ ਦਾ
ਜਿਉਂਦੇ ਜੀ ਨਹੀਂ ਮਰੀ ਦਾ
ਸੱਚੀਂ ਤੇਰੇ ਬਿਨ
ਸੰਸਾਰ ਅਧੂਰਾ ਹੈ।



- ਡਾ ਮੇਹਰ ਮਾਣਕ

## ਹੀਰ

ਤੇਰੇ ਹੁਸਨ ਦੀ ਝਲਕ ਨੂੰ ਤਕ ਹੀਰੇ
ਚੰਨ ਤਾਈਂ ਅੱਜ ਕੁਮਲਾਇਆ,
ਤੇਰੇ ਜਿਸਮ ਦੀ ਚਮਕ ਨੂੰ ਤੱਕ ਹੀਰੇ
ਤੇਜ ਅਪਣੇ ਨੂੰ ਸੂਰਜ ਘੱਟ ਪਾਇਆ ਏ,
ਤੂੰ ਅੰਬਰਾਂ ਤੋਂ ਉੱਤਰੀ ਹੂਰ ਕੋਈ
ਨੀ ਦੱਸ ਹੁਸਨ ਦਾ ਕੀ ਮੁੱਲ ਪਾਇਆ ਏ,
ਜਿੰਦ ਇਸ਼ਕ ਦੀ ਭੱਠੀ ਵਿਚ ਪਾ ਹੀਰੇ
ਨੀ ਤੂੰ ਆਪਣਾ ਆਪ ਗਵਾਇਆ ਏ,
ਤਨ ਇਸ਼ਕੇ ਦੇ ਰੰਗ ਵਿੱਚ ਰੰਗੇ ਹੀਰੇ
ਨੀ ਤੂੰ ਪੀੜਾਂ ਨੂੰ ਸੁਹਾਗ ਵਾਂਗ ਗਾਇਆ ਏ,
ਬੂਟਾ ਤਖ਼ਤ ਹਜ਼ਾਰੇ ਦਾ ਵਿਹੜੇ ਲਾਇਆ
ਦੱਸ ਗਰੀਬਾਂ ਨੂੰ ਰਾਸ ਕਦ ਆਇਆ ਏ,
ਲੀਕ ਇਸ਼ਕੇ ਦੀ ਤਨ ਨੂੰ ਲਾ ਹੀਰੇ
ਕੀ ਖਾਧਾ ਤੇ ਕੀ ਹੰਢਾਇਆ ਏ,
ਮਾਰ ਕੂਕਾਂ ਤੂੰ ਅਪਣਾ ਆਪ ਸਾੜੇ
ਨੀ ਵੇਲਾ ਲੰਘਿਆ ਹੱਥ ਕਦੋਂ ਆਇਆ ਏ,
ਪੁੱਟ ਮੀਡੀਆ ਤੂੰ ਰਾਂਝਣੇ ਨੂੰ ਮਾਰੇ ਵਾਜਾ
ਨੀਂ ਕੀਨੇ ਵਿਛੜਾ ਯਾਰ ਮਿਲਾਇਆ ਏ,
ਇਸ਼ਕੇ ਦਾ ਵੈਰੀ ਇਹ ਜੱਗ ਸਾਰਾ
ਦੱਸੀਂ ਇਸ਼ਕ ਤੇ ਤਰਸ ਕਿਨੂੰ ਆਇਆ ਏ,
ਨੀ ਤੂੰ ਇਸ਼ਕ ਨੂੰ ਗਲ ਨਾਲ ਲਾ ਹੀਰੇ
ਜੱਗ ਦਿੱਤੇ ਮਿਹਣਿਆਂ ਦਾ
ਰੱਜ ਰੱਜ ਹਿਜਰ ਹੰਢਾਇਆ ਏ,
ਨੀ ਤੂੰ ਰੱਜ ਰੱਜ ਹਿਜਰ ਹੰਢਾਇਆ ਏ।



ਡਾ ਪਰਮਿੰਦਰ ਕੌਰ

## ਨਹੀਂ ਬਣਦੀ

ਦੀਵੇ ਦੀ ਨੀ ਬਣਦੀ ਤੇਜ਼ ਹਵਾਵਾਂ ਨਾਲ।
ਧੁੱਪਾਂ ਦੀ ਨੀ ਬਣਦੀ ਠੰਡੀਆਂ ਛਾਵਾਂ ਨਾਲ।
'ਦੀਪ ਸੈਂਪਲਿਆ' ਐਵੇਂ ਹੀ ਆਸਾਂ ਲਾ ਬੈਠਾ
ਰਾਜੇ ਦੀ ਕਦ ਬਣਦੀ ਰੰਕ ਦੇ ਚਾਵਾਂ ਨਾਲ ।
ਖੇਡ ਸਿਆਸਤ ਦੀ ਹੈ ਝੱਟ ਪੈਰੋਲ ਮਿਲੇ
ਰਾਮੇਂ ਦੀ ਨੀ ਬਣਦੀ ਸਖ਼ਤ ਸਜ਼ਾਵਾਂ ਨਾਲ ।
ਲਾ ਨਾਂ ਤੀਵੀਂ ਦਾ ਆਸ਼ਰਮਾਂ ਦੇ ਵਿੱਚ ਛੱਡ ਆਵਣ
ਪੁੱਤਾਂ ਦੀ ਨੀ ਬਣਦੀ ਪਿਓ ਤੇ ਮਾਵਾਂ ਨਾਲ।
ਇਹ ਬੇਜ਼ੁਬਾਨਾਂ ਨਾਲ ਸੜਕਾਂ ਭਰੀਆਂ ਰਹਿੰਦੀਆਂ ਨੇ
ਦੁਰਘਟਨਾ ਦੀ ਨੀ ਬਣਦੀ ਸ਼ਾਨਾਂ ਗਾਵਾਂ ਨਾਲ।
ਜਦ ਮਿਲਦਾ ਏ ਮੌਕਾ ਆਕੇ ਰੋਕ ਦਿੰਦੀ
ਮੌਤ ਦੀ ਨੀ ਬਣਦੀ ਚੱਲਦੇ ਸਾਹਾਂ ਨਾਲ।
ਬੁਜ਼ਦਿਲ ਹੁੰਦਾ ਇੱਕ ਅੱਕੜ ਨਾਲ ਹਾਰੇ ਜੋ
ਸੂਰਮੇਂ ਦੀ ਨੀ ਬਣਦੀ ਕਦੇ ਬਲਾਵਾਂ ਨਾਲ।
ਅੰਬਰ ਚੀਰਕੇ ਧਰਤੀ ਰੌਸ਼ਨ ਕਰ ਦਿੰਦਾ
ਸੂਰਜ ਦੀ ਨੀ ਬਣਦੀ ਬੱਦਲ, ਘਟਾਵਾਂ ਨਾਲ।
ਨਿੱਕੀਆਂ ਵੱਡੀਆਂ ਛੱਲਾਂ ਦੇ ਨਾਲ ਖੋਰ ਦਿੰਦਾ
ਕਿਨਾਰਿਆਂ ਦੀ ਨੀ ਬਣਦੀ ਸਦਾ ਦਰਿਆਵਾਂ ਨਾਲ ?।
ਟੈਟੂਆਂ ਤੇ ਘੜੀਆਂ ਦੀਆਂ ਜੋ ਗੁਲਾਮ ਹੋਈਆਂ
ਕੜਿਆਂ ਦੀ ਨੀ ਬਣਦੀ ਓਹਨਾਂ ਬਾਹਵਾਂ ਨਾਲ।
ਲਹੂ ਚ ਰਚੀ ਹੋਈ ਆਦਤ ਕਦੇ ਨੀ ਛੱਡ ਹੁੰਦੀ
ਬੇਵਫ਼ਾ ਦੀ ਨੀ ਬਣਦੀ ਕਦੇ ਵਫ਼ਾਵਾਂ ਨਾਲ।
ਨਾ ਸੁਣਦੀ ਨਾ ਕਹਿੰਦੀ ਮੱਚਦੀ ਰਹਿੰਦੀ ਏ
ਆਕੜ ਦੀ ਨੀ ਬਣਦੀ ਕਦੇ ਸਲਾਵਾਂ ਨਾਲ।
ਫ਼ਿਕਰ ਸਤਾਉਂਦਾ ਏ ਵੇਲੇ ਦੀ ਰੋਟੀ ਦਾ
ਮਜ਼ਦੂਰ ਦੀ ਨੀ ਬਣਦੀ ਮਸਤ ਅਦਾਵਾਂ ਨਾਲ।



ਗੀਤਕਾਰ ਦੀਪ ਸੈਂਪਲਾਂ
ਸ੍ਰੀ ਫ਼ਤਹਿਗੜ੍ਹ ਸਾਹਿਬ
6283087924

## ਕਵਿਤਾ

ਦਿਲ ਦੇ ਵਿਹੜੇ ਕਮਰਾ ਇਕ ਬਣਾਇਆ ਹੈ
ਉਸਨੂੰ ਹਉਕੇ, ਹਾਵਾਂ ਨਾਲ ਸਜਾਇਆ ਹੈ

ਇਸ਼ਕ ਦੇ ਹੱਥੋਂ ਬੇਬਸ ਹੋਈ ਰੂਹ ਨੇ ਅੱਜ
ਦੁੱਖ ਹਿਜ਼ਰ ਦਾ ਮੇਰੇ ਤੋਂ ਲਿਖਵਾਇਆ ਹੈ

ਕੀਤਾ ਭੇਤ ਉਜਾਗਰ, ਚਿਹਰਾ ਮੁਰਝਾਇਆ,
ਮੈਂ ਨੈਣਾਂ ਵਿੱਚ ਪੀੜਾਂ ਨੂੰ ਦਫ਼ਨਾਇਆ ਹੈ।

ਕੱਲੀ ਰਹਿ ਕੇ ਕੱਲੀ ਨਾ ਮਹਿਸੂਸ ਕਰਾ
ਜਦ ਤੋਂ ਬਣਿਆ ਓ ਮੇਰਾ ਹਮਸਾਇਆ ਹੈ

ਖ਼ੂਬ ਮੁਹਾਰਤ ਹੈ, ਜਿਸ ਨੂੰ ਗਮ ਝੱਲਣ ਦੀ,
ਉਸ ਨੇ ਇਸ਼ਕ 'ਚ ਉੱਚਾ ਰੁਤਬਾ ਪਾਇਆ ਹੈ

ਜੋਬਨਰੂਪ ਛੀਨਾ

# Josanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD